23-MAR-PAGE-1.qxd 3/22/2024 9:06 PM Page 1


ਸ਼ਨੀਵਾਰ, 23 ਮਾਰਚ, 2024

10 ਚੇਤ { ਨਾਨਕਸ਼ਾਹੀ 556 / ਬਿਕਰਮੀ 2080

ਜਿਲਦ/VOL. : 72

ਅੰਕ/NO. : 293

# ਨਵਾਂ ਜ਼ਮਾਨਾ

DAILY NAWAN ZAMANA • SATURDAY, 23 MARCH, 2024

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12




ਕੇਜਰੀਵਾਲ ਦੀ ਗ੍ਰਿਫ਼ਤਾਰੀ ਵਿਰੁੱਧ ਦੇਸ਼-ਵਿਆਪੀ ਵਿਰੋਧ ਦਰਮਿਆਨ ਚੰਡੀਗੜ੍ਹ ਵਿਚ ਪੰਜਾਬ ਭਾਜਪਾ ਦੇ ਦਫਤਰ ਅੱਗੇ ਪ੍ਰਦਰਸ਼ਨ ਕਰਨ ਜਾ ਰਹੇ ਆਪ ਵਰਕਰਾਂ ਨੂੰ ਮੁਹਾਲੀ ਹੱਦ 'ਤੇ ਰੋਕਣ ਲਈ ਪੁਲਸ ਨੇ ਪਾਣੀ ਦੀਆਂ ਬੁਛਾੜਾਂ ਮਾਰੀਆਂ।

# ਕੇਜਰੀਵਾਲ 28 ਤੱਕ ਈ ਡੀ ਦੇ ਰਿਮਾਂਡ 'ਤੇ

**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਬਾਅਦ ਈ ਡੀ ਵੱਲੋਂ ਸ਼ੁੱਕਰਵਾਰ ਰਾਊਜ਼ ਐਵੇਨਿਊ ਕੋਰਟ 'ਚ ਸਪੈਸ਼ਲ ਸੀ ਬੀ ਆਈ ਜੱਜ ਕਾਵੇਰੀ ਬਵੇਜਾ ਦੀ ਅਦਾਲਤ 'ਚ ਪੇਸ਼ ਕਰਕੇ ਈ ਡੀ ਨੇ 10 ਦਿਨਾਂ ਦਾ ਰਿਮਾਂਡ ਮੰਗਿਆ, ਪਰ ਪੀ ਐੱਮ ਐੱਲ ਏ ਕੋਰਟ ਨੇ ਕੇਜਰੀਵਾਲ ਨੂੰ 28 ਮਾਰਚ ਤੱਕ ਰਿਮਾਂਡ 'ਤੇ ਭੇਜ ਦਿੱਤਾ ਹੈ। ਹੁਣ ਕੇਜਰੀਵਾਲ 28 ਮਾਰਚ ਦੁਪਹਿਰ 2 ਵਜੇ ਕੋਰਟ 'ਚ ਪੇਸ਼ ਹੋਣਗੇ। ਈ ਡੀ ਨੇ ਕੇਜਰੀਵਾਲ ਤੋਂ ਪੁੱਛਗਿੱਛ ਲਈ ਕੋਰਟ 'ਚ ਸਬੂਤਾਂ ਦਾ ਪੁਲੰਦਾ ਪੇਸ਼ ਕਰਕੇ 10 ਦਿਨਾਂ ਦਾ ਰਿਮਾਂਡ ਮੰਗਿਆ ਸੀ। ਇਸ ਤੋਂ ਪਹਿਲਾਂ ਕੇਜਰੀਵਾਲ ਨੇ ਈ ਡੀ ਵੱਲੋਂ ਗ੍ਰਿਫ਼ਤਾਰ ਨੂੰ ਚੁਣੌਤੀ ਦੇਣ ਵਾਲੀ ਆਪਣੀ ਪਟੀਸ਼ਨ ਸੁਪਰੀਮ ਕੋਰਟ ਤੋਂ ਵਾਪਸ ਲੈ ਲਈ ਸੀ। ਕੇਜਰੀਵਾਲ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਕੇਜਰੀਵਾਲ ਸੁਪਰੀਮ ਕੋਰਟ 'ਚੋਂ ਪਟੀਸ਼ਨ ਵਾਪਸ ਲੈ ਰਹੇ ਹਨ। ਕਥਿਤ ਸ਼ਰਾਬ ਘੁਟਾਲਾ ਮਾਮਲੇ 'ਚ ਈ ਡੀ ਵੱਲੋਂ ਇਹ 16ਵੀਂ ਗ੍ਰਿਫ਼ਤਾਰੀ ਹੈ। ਸਿੰਘਵੀ ਨੇ ਕਿਹਾ ਕਿ ਈ ਡੀ ਸਾਬਤ ਕਰੇ ਕਿ ਆਖਰ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੀ ਲੋੜ ਕਿਉਂ ਹੈ?



# 'ਇੰਡੀਆ' ਨਾਲ ਮਿਲ ਕੇ ਲੋਕਤੰਤਰ ਬਚਾਵਾਂਗੇ : ਮਾਨ



**ਨਵੀਂ ਦਿੱਲੀ** : ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੁਆਰਾ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਬਾਅਦ ਭਾਰਤੀ ਜਨਤਾ ਪਾਰਟੀ 'ਤੇ ਤਿੱਖੇ ਹਮਲੇ ਕੀਤੇ ਅਤੇ ਉਨ੍ਹਾਂ ਦੇ ਤਾਨਾਸ਼ਾਹੀ ਰਵੱਈਏ ਦੀ ਸਖਤ ਆਲੋਚਨਾ ਕੀਤੀ। ਦਿੱਲੀ ਦੇ ਮੌਜੂਦਾ ਮੁੱਖ ਮੰਤਰੀ ਨੂੰ ਈ ਡੀ (ਭਾਜਪਾ ਦੀ ਸਿਆਸੀ ਟੀਮ) ਨੇ ਉਕਤ ਮਾਮਲੇ ਵਿੱਚ ਕੋਈ ਚਾਰਜਸ਼ੀਟ ਜਾਂ ਕੋਈ ਸਬੂਤ ਪੇਸ਼ ਕੀਤੇ ਬਿਨਾਂ ਗ੍ਰਿਫਤਾਰ ਕਰ ਲਿਆ ਹੈ। ਮਾਨ ਨੇ ਇਸ ਨੂੰ ਲੋਕਤੰਤਰ ਦਾ ਕਤਲ ● ਬਾਕੀ ਸਫ਼ਾ 2 'ਤੇ

# ਈ ਡੀ ਦੇ 95 ਫੀਸਦੀ ਕੇਸ ਆਪੋਜ਼ੀਸ਼ਨ ਆਗੂਆਂ ਖਿਲਾਫ

**ਨਵੀਂ ਦਿੱਲੀ** : ਡਾਇਰੈਕਟੋਰੇਟ ਆਫ ਐਨਫੋਰਸਮੈਂਟ (ਈ ਡੀ) ਨੇ 2014 ਵਿਚ ਮੋਦੀ ਸਰਕਾਰ ਦੇ ਆਉਣ ਤੋਂ ਲੈ ਕੇ ਹੁਣ ਤੱਕ 95 ਫੀਸਦੀ ਕੇਸ ਆਪੋਜ਼ੀਸ਼ਨ ਆਗੂਆਂ ਖਿਲਾਫ ਹੀ ਦਰਜ ਕੀਤੇ ਹਨ। ਸਰਕਰਦਾ ਅੰਗਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈਸ ਦੇ ਵਿਸ਼ਲੇਸ਼ਣ ਮੁਤਾਬਕ ਮੋਦੀ ਸਰਕਾਰ ਦੌਰਾਨ ਈ ਡੀ ਨੇ ਮਨਮੋਹਨ ਸਿੰਘ ਦੀ ਯੂ ਪੀ ਏ ਸਰਕਾਰ ਨਾਲੋਂ ਸਿਆਸਤਦਾਨਾਂ ਖਿਲਾਫ ਚਾਰ ਗੁਣਾ ਵੱਧ ਕੇਸ ਕੀਤੇ ਹਨ। 2014 ਤੋਂ 2022 ਤੱਕ ਈ ਡੀ ਨੇ 121 ਸਿਆਸਤਦਾਨਾਂ 'ਤੇ ਛਾਪੇ ਮਾਰੇ, ਜਿਨ੍ਹਾਂ ਵਿੱਚੋਂ 115 ਆਪੋਜ਼ੀਸ਼ਨ ਦੇ ਆਗੂ ਹਨ। ਯੂ ਪੀ ਏ ਸਰਕਾਰ ਵੇਲੇ 26 ਸਿਆਸਤਦਾਨਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 14 ਆਪੋਜ਼ੀਸ਼ਨ ਦੇ ਸਨ।

2022 ਦੇ ਬਾਅਦ ਕਈ ਆਗੂ ਈ ਡੀ ਦੇ ਨਿਸ਼ਾਨੇ 'ਤੇ ਆਏ। ਇਨ੍ਹਾਂ ਵਿਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਤਿਲੰਗਾਨਾ ਦੇ ਵੇਲੇ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ, ਉਨ੍ਹਾ ਦੀ ਬੇਟੀ ਕੇ ਕਵਿਤਾ, ਝਾਰਖੰਡ ਮੁਕਤੀ ਮੋਰਚਾ ਦੇ ਆਗੂ ਹੇਮੰਤ ਸੋਰੇਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ। ਇਨ੍ਹਾਂ ਤੋਂ ਇਲਾਵਾ ਈ ਡੀ ਨੇ ਕਰਨਾਟਕ ਦੇ ਸੀਨੀਅਰ ਕਾਂਗਰਸ ਆਗੂ ਡੀ ਕੇ ਸ਼ਿਵ ਕੁਮਾਰ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਦੇ ਭਤੀਜੇ ਅਭਿਸ਼ੇਕ ਬੈਨਰਜੀ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਸੋਨੀਆ ਗਾਂਧੀ ਦੇ ਸਿਆਸੀ ਸਲਾਹਕਾਰ ਮਰਹੂਮ ਅਹਿਮਦ ਪਟੇਲ ਸ਼ਾਮਲ ਹਨ। ਈ ਡੀ ਅਧਿਕਾਰੀਆਂ ਨੇ 2014 ਤੋਂ 2022 ਤੱਕ 24 ਕਾਂਗਰਸੀਆਂ ਖਿਲਾਫ ਜਾਂਚ ਖੋਲ੍ਹੀ। ਉਸ ਤੋਂ ਬਾਅਦ ਤ੍ਰਿਣਮੂਲ ਕਾਂਗਰਸ (19), ਸ਼ਿਵ ਸੈਨਾ (8), ਬੀ ਜੇ ਡੀ (6), ਰਾਜਦ, ਬਸਪਾ, ਸਪਾ ਤੇ ਤੇਲਗੂ ਦੇਸਮ (5-5), ਆਪ, ਇਨੈਲੋ ਤੇ ਵਾਈ ਐੱਸ ਆਰ ਕਾਂਗਰਸ (3-3), ਸੀ ਪੀ ਆਈ ਐੱਮ, ਨੈਸ਼ਨਲ ਕਾਨਫਰੰਸ ਤੇ ਪੀ ਡੀ ਪੀ (2-2) ਅਤੇ ਅੰਨਾ ਡੀ ਐੱਮ ਕੇ, ਐੱਮ ਐੱਨ ਐੱਸ, ਬੀ ਆਰ ● ਬਾਕੀ ਸਫ਼ਾ 2 'ਤੇ

# ਜਨਤਾ ਜਨਾਰਧਨ ਸਭ ਜਾਣਦੀ ਹੈ : ਸੁਨੀਤਾ ਕੇਜਰੀਵਾਲ



**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੱਤਾ ਦੇ ਹੰਕਾਰ ਵਿਚ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਵਾਇਆ ਹੈ।

ਉਨ੍ਹਾ ਦਿੱਲੀ ਦੇ ਲੋਕਾਂ ਦੇ ਨਾਂ ਐਕਸ 'ਤੇ ਲਿਖਿਆ—ਤੁਹਾਡੇ ਤਿੰਨ ਵਾਰ ਚੁਣੇ ਗਏ ਮੁੱਖ ਮੰਤਰੀ ਨੂੰ ਮੋਦੀ ਜੀ ਨੇ ਸੱਤਾ ਦੇ ਹੰਕਾਰ ਵਿਚ ਗ੍ਰਿਫ਼ਤਾਰ ਕਰਵਾਇਆ। ਸਭ ਨੂੰ ਕੁਚਲਣ ਵਿਚ ਲੱਗੇ ਹਨ। ਇਹ ਦਿੱਲੀ ਦੇ ਲੋਕਾਂ ਨਾਲ ਧੋਖਾ ਹੈ। ਤੁਹਾਡੇ ਮੁੱਖ ਮੰਤਰੀ ਤੁਹਾਡੇ ਨਾਲ ਖੜ੍ਹੇ ਰਹੇ ਹਨ। ਅੰਦਰ ਰਹਿਣ ਜਾਂ ਬਾਹਰ, ਉਨ੍ਹਾ ਦਾ ਜੀਵਨ ਦੇਸ਼ ਨੂੰ ਸਮਰਪਤ ਹੈ। ਇਹ ਜਨਤਾ ਜਨਾਰਧਨ ਹੈ, ਸਭ ਜਾਣਦੀ ਹੈ। ਜੈ ਹਿੰਦ।

# ਹਿਮਾਚਲ ਦੇ ਤਿੰਨ ਆਜ਼ਾਦ ਵਿਧਾਇਕਾਂ ਵੱਲੋਂ ਅਸੰਬਲੀ ਤੋਂ ਅਸਤੀਫੇ

**ਸ਼ਿਮਲਾ** : ਭਾਜਪਾ ਦੀ ਹਮਾਇਤ ਕਰਨ ਵਾਲੇ ਹਿਮਾਚਲ ਦੇ ਤਿੰਨ ਆਜ਼ਾਦ ਵਿਧਾਇਕਾਂ ਨੇ ਸ਼ੁੱਕਰਵਾਰ ਅਸੰਬਲੀ ਤੋਂ ਅਸਤੀਫੇ ਦੇ ਦਿੱਤੇ। ਹੁਸ਼ਿਆਰ ਸਿੰਘ (ਦੇਹਰਾ), ਕੇ ਐੱਲ ਠਾਕੁਰ (ਨਾਲਾਗੜ੍ਹ) ਤੇ ਆਸ਼ੀਸ਼ ਸ਼ਰਮਾ (ਹਮੀਰਪੁਰ) ਨੇ ਅਸਤੀਫੇ ਅਸੰਬਲੀ ਦੇ ਸਕੱਤਰ ਨੂੰ ਸੌਂਪੇ। ਰਾਜ ਸਭਾ ਚੋਣ ਵਿਚ ਭਾਜਪਾ ਉਮੀਦਵਾਰ ਨੂੰ ਜਿਤਾਉਣ ਵਿਚ ਇਨ੍ਹਾਂ ਤਿੰਨਾਂ ਵਿਧਾਇਕਾਂ ਤੇ ਕਾਂਗਰਸ ਦੇ ਛੇ ਵਿਧਾਇਕਾਂ ਨੇ ਅਹਿਮ ਰੋਲ ਅਦਾ ਕੀਤਾ ਸੀ। ਸਪੀਕਰ ਨੇ ਬਜਟ ਪਾਸ ਕਰਨ ਵੇਲੇ ਵ੍ਹਿਪ ਦੀ ਉਲੰਘਣਾ ਕਰਨ 'ਤੇ ਛੇ ਕਾਂਗਰਸੀ ਵਿਧਾਇਕਾਂ ਨੂੰ ਅਯੋਗ ਠਹਿਰਾ ਦਿੱਤਾ ਸੀ। ਇਸ ਤੋਂ ਬਾਅਦ ਚੋਣ ਕਮਿਸ਼ਨ ਨੇ ਉਨ੍ਹਾਂ ਦੀਆਂ ਸੀਟਾਂ 'ਤੇ ਜ਼ਿਮਨੀ ਚੋਣ ਕਰਾਉਣ ਦਾ ਐਲਾਨ ਕਰ ਦਿੱਤਾ ਸੀ। ਤਿੰਨ ਆਜ਼ਾਦ ਵਿਧਾਇਕਾਂ ਦੇ ਅਸਤੀਫੇ ਦੇਣ ਨਾਲ ਤਿੰਨ ਹੋਰ ਜ਼ਿਮਨੀ ਚੋਣਾਂ ਹੋ ਸਕਦੀਆਂ ਹਨ। ਹਿਮਾਚਲ ਦੀਆਂ ਚਾਰ ਲੋਕ ਸਭਾ ਸੀਟਾਂ ਤੇ 6 ਜ਼ਿਮਨੀ ਚੋਣਾਂ ਲਈ ਪੋਲਿੰਗ 1 ਜੂਨ ਨੂੰ ਹੋਣੀ ਹੈ ਤੇ ਨਾਮਜ਼ਦਗੀਆਂ ਲਈ ਨੋਟੀਫਿਕੇਸ਼ਨ 7 ਮਈ ਨੂੰ ਜਾਰੀ ਹੋਣਾ ਹੈ। ਇਸ ਤਰ੍ਹਾਂ ਆਜ਼ਾਦਾਂ ਵਾਲੀਆਂ ਸੀਟਾਂ ਦੀਆਂ ਜ਼ਿਮਨੀ ਚੋਣਾਂ ਦਾ ਐਲਾਨ ਹੋ ਸਕਦਾ ਹੈ।

ਅਸੰਬਲੀ ਚੋਣਾਂ ਵਿਚ ਕਾਂਗਰਸ ਨੇ 68 ਵਿੱਚੋਂ 40 ਸੀਟਾਂ ਜਿੱਤ ਕੇ ਸਰਕਾਰ ਬਣਾਈ ਸੀ। ਰਾਜ ਸਭਾ ਚੋਣ ਵੇਲੇ ਉਸ ਦੇ ਛੇ ਵਿਧਾਇਕ ਭਾਜਪਾ ਉਮੀਦਵਾਰ ਦੇ ਹੱਕ ਵਿਚ ਭੁਗਤ ਗਏ ਸਨ। ਇਸ ਤਰ੍ਹਾਂ ਉਸ ਕੋਲ 34 ਵਿਧਾਇਕ ਰਹਿ ਗਏ ਹਨ। ਭਾਜਪਾ ਨੇ 25 ਸੀਟਾਂ ਜਿੱਤੀਆਂ ਸਨ, ਜਦਕਿ ਤਿੰਨ ਆਜ਼ਾਦ ਜਿੱਤੇ ਸਨ। ਜੇ ਭਾਜਪਾ ਇਨ੍ਹਾਂ 9 ਵਿਧਾਇਕਾਂ ਨੂੰ ਆਪਣੇ ਵਿਚ ਸ਼ਾਮਲ ਕਰਕੇ ਅਤੇ ਕਾਂਗਰਸ ਦੇ ਕਿਸੇ ਹੋਰ ਵਿਧਾਇਕ ਨੂੰ ਗੰਢ ਕੇ ਅਸਤੀਫਾ ਦਿਵਾ ਕੇ ਜਿਤਾਉਣ ਵਿਚ ਕਾਮਯਾਬ ਰਹਿੰਦੀ ਹੈ ਤਾਂ ਉਸ ਦੇ ਵਿਧਾਇਕਾਂ ਦੀ ਗਿਣਤੀ 34 ਤੋਂ ਟੱਪ ਸਕਦੀ ਹੈ ਤੇ ਕਾਂਗਰਸ ਸਰਕਾਰ ਡਿੱਗ ਸਕਦੀ ਹੈ। ਇਸ ਤਰ੍ਹਾਂ ਹਿਮਾਚਲ ਦੀ ਸਿਆਸਤ ਵਿਚ ਚੋਣਾਂ ਤੱਕ ਦਿਲਚਸਪ ਮੋੜ ਆਉਂਦੇ ਨਜ਼ਰ ਆਉਣਗੇ।

## ਪੁਲ ਡਿੱਗਣ ਨਾਲ ਮਜ਼ਦੂਰ ਦੀ ਮੌਤ



**ਸੁਪੌਲ** : ਬਿਹਾਰ ਦੇ ਸੁਪੌਲ ਜ਼ਿਲ੍ਹੇ 'ਚ ਸ਼ੁੱਕਰਵਾਰ ਤੜਕੇ ਨਿਰਮਾਣ ਅਧੀਨ ਪੁਲ ਦਾ ਹਿੱਸਾ ਡਿੱਗਣ ਕਾਰਨ ਮਜ਼ਦੂਰ ਦੀ ਮੌਤ ਹੋ ਗਈ ਅਤੇ ਕਈ ਹੋਰਾਂ ਦੇ ਦੱਬਣ ਦਾ ਖਦਸ਼ਾ ਹੈ। ਸੁਪੌਲ ਜ਼ਿਲ੍ਹੇ ਦੇ ਬਕੌਰ ਅਤੇ ਮਧੂਬਨੀ ਜ਼ਿਲ੍ਹੇ ਦੇ ਭੇਜਾ ਵਿਚਕਾਰ ਕੋਸੀ ਨਦੀ 'ਤੇ ਨਿਰਮਾਣ ਅਧੀਨ ਪੁਲ ਦਾ ਇਕ ਹਿੱਸਾ ਮਰੀਚਾ ਨੇੜੇ ਡਿੱਗ ਗਿਆ।

## ਯੂ ਪੀ ਬੋਰਡ ਆਫ ਮਦਰੱਸਾ ਐਜੂਕੇਸ਼ਨ ਐਕਟ ਅਸੰਵਿਧਾਨਕ ਕਰਾਰ

**ਲਖਨਊ** : ਅਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਸ਼ੁੱਕਰਵਾਰ ਯੂ ਪੀ ਬੋਰਡ ਆਫ ਮਦਰੱਸਾ ਐਜੂਕੇਸ਼ਨ ਐਕਟ 2004 ਨੂੰ ਧਰਮ ਨਿਰਪੱਖਤਾ ਦੇ ਸਿਧਾਂਤਾਂ ਦੀ ਉਲੰਘਣਾ ਕਰਾਰ ਦਿੰਦਿਆਂ ਗੈਰਅਸੰਵਿਧਾਨਕ ਕਰਾਰ ਦੇ ਦਿੱਤਾ। ਜਸਟਿਸ ਵਿਵੇਕ ਚੌਧਰੀ ਅਤੇ ਜਸਟਿਸ ਸੁਭਾਸ਼ ਵਿਦਿਆਰਥੀ ਦੀ ਡਵੀਜ਼ਨ ਬੈਂਚ ਨੇ ਯੂ ਪੀ ਸਰਕਾਰ ਨੂੰ ਅਜਿਹੀ ਯੋਜਨਾ ਬਣਾਉਣ ਦੇ ਨਿਰਦੇਸ਼ ਦਿੱਤੇ ਹਨ, ਜਿਸ ਰਾਹੀਂ ਸੂਬੇ ਦੇ ਵੱਖ-ਵੱਖ ਮਦਰੱਸਿਆਂ 'ਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਮੁੱਖਧਾਰਾ ਦੀ ਸਿੱਖਿਆ 'ਚ ਸ਼ਾਮਲ ਕੀਤਾ ਜਾ ਸਕੇ।

## ਓਡੀਸ਼ਾ 'ਚ ਭਾਜਪਾ ਦੀ ਬੀਜਦ ਨਾਲ ਗੱਲ ਟੁੱਟੀ

**ਨਵੀਂ ਦਿੱਲੀ** : ਕਈ ਦਿਨਾਂ ਤੋਂ ਓਡੀਸ਼ਾ ਵਿਚ ਭਾਜਪਾ ਤੇ ਹੁਕਮਰਾਨ ਬੀਜੂ ਜਨਤਾ ਦਲ (ਬੀਜਦ) ਵਿਚਾਲੇ ਗਠਜੋੜ ਦੇ ਚਰਚਿਆਂ ਦਰਮਿਆਨ ਭਾਜਪਾ ਦੇ ਸੂਬਾ ਪ੍ਰਧਾਨ ਮਨਮੋਹਨ ਸਮਾਲ ਨੇ ਕਿਹਾ ਕਿ ਗਠਜੋੜ ਨਹੀਂ ਹੋਵੇਗਾ ਤੇ ਭਾਜਪਾ ਸਾਰੀਆਂ 21 ਲੋਕ ਸਭਾ ਸੀਟਾਂ ਤੇ 147 ਅਸੰਬਲੀ ਸੀਟਾਂ ਲੜੇਗੀ। ਇਸ ਦੇ ਨਾਲ ਹੀ ਉਨ੍ਹਾ ਕਿਹਾ ਕਿ ਉਹ ਮੁੱਖ ਮੰਤਰੀ ਨਵੀਨ ਪਟਨਾਇਕ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਕੌਮੀ ਨੀਤੀਆਂ ਦੇ 10 ਸਾਲ ਤੋਂ ਸਮਰਥਨ ਦੇਣ ਦੇ ਧੰਨਵਾਦੀ ਹਨ, ਪਰ ਪਾਰਟੀ ਚਾਹੁੰਦੀ ਹੈ ਕਿ ਕੇਂਦਰ ਦੇ ਨਾਲ-ਨਾਲ ਓਡੀਸ਼ਾ ਵਿਚ ਵੀ ਭਾਜਪਾ ਦੀ ਸਰਕਾਰ ਹੋਵੇਗੀ ਤਾਂ ਹੀ ਓਡੀਸ਼ਾ ਵਧੇਰੇ ਤਰੱਕੀ ਕਰੇਗਾ।

## ਬਸਪਾ ਪੰਜਾਬ 'ਚ ਇਕੱਲਿਆਂ ਲੜੇਗੀ

**ਬੰਗਾ (ਅਵਤਾਰ ਕਲੇਰ)**-ਬਹੁਜਨ ਸਮਾਜ ਪਾਰਟੀ ਦੀ ਸ਼ੁੱਕਰਵਾਰ ਜਲੰਧਰ ਵਿਖੇ ਸੰਸਦੀ ਚੋਣਾਂ ਨੂੰ ਲੈ ਕੇ ਅਹਿਮ ਮੀਟਿੰਗ ਹੋਈ। ਪਾਰਟੀ ਦੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਕੇਂਦਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਵਾਲ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ 13 ਲੋਕ ਸਭਾ ਸੀਟਾਂ 'ਤੇ ਇਕੱਲਿਆਂ ਚੋਣ ਲੜੇਗੀ। ਉਹਨਾ ਕਿਹਾ ਕਿ 31 ਮਾਰਚ ਤੱਕ ਨਾਂਅ ਤੈਅ ਹੋ ਜਾਣਗੇ।

## ਖੋਖਲੇ ਨਾਅਰਿਆਂ ਦਾ ਕੋਈ ਫਾਇਦਾ ਨਹੀਂ : ਰਾਜੀਵ ਬਜਾਜ



**ਪੁਣੇ** : ਬਜਾਜ ਆਟੋ ਦੇ ਮੈਨੇਜਿੰਗ ਡਾਇਰੈਕਟਰ ਰਾਜੀਵ ਬਜਾਜ ਨੇ ਸ਼ੁੱਕਰਵਾਰ ਕਿਹਾ ਕਿ ਵਧੇਰੇ ਮੁਲਾਜ਼ਮਤ ਲਈ ਭਾਰਤੀਆਂ ਨੂੰ ਹੁਨਰਮੰਦ ਬਣਾਉਣ 'ਤੇ ਧਿਆਨ ਦੇਣ ਦੀ ਫੌਰੀ ਲੋੜ ਹੈ, ਖੋਖਲੇ ਨਾਅਰਿਆਂ ਨਾਲ ਕੋਈ ਫਾਇਦਾ ਨਹੀਂ ਹੋਣਾ। ਸਾਫਗੋਈ ਲਈ ਜਾਣੇ ਜਾਂਦੇ ਬਜਾਜ ਨੇ ਕਿਹਾ—ਨਾਅਰੇ ਨਾਲ ਤੁਸੀਂ ਦੁਨੀਆ ਨੂੰ ਬਦਲ ਨਹੀਂ ਸਕਦੇ। ਮੇਕ ਇਨ ਇੰਡੀਆ ਦੁਨੀਆ ਨਹੀਂ ਬਦਲ ਸਕਦਾ, ਆਤਮ-ਨਿਰਭਰ ਭਾਰਤ ਦੁਨੀਆ ਨਹੀਂ ਬਦਲ ਸਕਦਾ, ਵੋਕਲ ਫਾਰ ਲੋਕਲ ਦੁਨੀਆ ਨਹੀਂ ਬਦਲ ਸਕਦਾ ਤੇ ਵਿਕਸਤ ਭਾਰਤ ਕਹਿਣ ਨਾਲ ਦੁਨੀਆ ਨਹੀਂ ਬਦਲਣੀ। ਦਿਲਚਸਪ ਹੈ ਕਿ ਇਹ ਸਾਰੇ ਕੇਂਦਰ ਸਰਕਾਰ ਲਾਉਂਦੀ ਹੈ। ਬਜਾਜ ਨੇ ਕਿਹਾ ਕਿ ਨਾਅਰਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਨੌਜਵਾਨਾਂ ਨੂੰ ਹੁਨਰਮੰਦ ਬਣਾਉਣਾ ਪੈਣਾ।

## ਉੱਘੇ ਪੱਤਰਕਾਰ ਜ਼ਫਰ ਆਗਾ ਨਹੀਂ ਰਹੇ



**ਨਵੀਂ ਦਿੱਲੀ** : ਨੈਸ਼ਨਲ ਹੇਰਾਲਡ ਦੇ ਐਡੀਟਰ-ਇਨ-ਚੀਫ ਜ਼ਫਰ ਆਗਾ (70) ਦਾ ਸੰਖੇਪ ਬਿਮਾਰੀ ਤੋਂ ਬਾਅਦ ਸ਼ੁੱਕਰਵਾਰ ਦੱਖਣੀ ਦਿੱਲੀ ਦੇ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ 1954 ਵਿਚ ਅਲਾਹਾਬਾਦ 'ਚ ਪੈਦਾ ਹੋਏ ਸਨ ਤੇ ਅਲਾਹਾਬਾਦ ਯਾਦਗਾਰ ਹੁਸੈਨੀ ਇੰਟਰ-ਕਾਲਜ ਵਿਚ ਪੜ੍ਹੇ। ਇੰਗਲਿਸ਼ ਲਿਟਰੇਚਰ ਵਿਚ ਐੱਮ ਏ ਅਲਾਹਾਬਾਦ ਯੂਨੀਵਰਸਿਟੀ ਤੋਂ ਕੀਤੀ। ਉੱਥੇ ਉਹ ਅਗਾਂਹਵਧੂ ਵਿਦਿਆਰਥੀ ਲਹਿਰ ਵੱਲ ਖਿੱਚੇ ਗਏ ਅਤੇ ਸਾਰੀ ਉਮਰ ਖੱਬੀ-ਜਮਹੂਰੀ ● ਬਾਕੀ ਸਫ਼ਾ 2 'ਤੇ

## ਜ਼ਹਿਰੀਲੀ ਸ਼ਰਾਬ ਨਾਲ ਹੁਣ ਤੱਕ 6 ਮੌਤਾਂ

**ਸੁਨਾਮ ਊਧਮ ਸਿੰਘ ਵਾਲਾ** : ਇੱਥੇ ਭੇਦਭਰੀ ਹਾਲਤ 'ਚ 6 ਵਿਅਕਤੀਆਂ ਦੀ ਮੌਤ ਹੋ ਗਈ, ਜਦੋਂ ਕਿ 7 ਦੀ ਹਾਲਤ ਗੰਭੀਰ ਸੀ। ਲੋਕਾਂ ਅਤੇ ਪੀੜਤਾਂ ਦੇ ਪਰਵਾਰਾਂ ਦਾ ਕਹਿਣਾ ਹੈ ਕਿ ਸ਼ਰਾਬ ਪੀਣ ਤੋਂ ਬਾਅਦ ਇਨ੍ਹਾਂ ਦੀ ਹਾਲਤ ਖਰਾਬ ਹੋਣੀ ਸ਼ੁਰੂ ਹੋ ਗਈ। ਮਰਨ ਵਾਲਿਆਂ ਦੀ ਪਛਾਣ ਗੁਰਮੀਤ ਸਿੰਘ (45) ਪੁੱਤਰ ਦੇਸ ਰਾਜ, ਲੱਛਾ ਸਿੰਘ (40) ਪੁੱਤਰ ਲੀਲਾ ਸਿੰਘ, ਬੁੱਧ ਸਿੰਘ (70) ਪੁੱਤਰ ਕਾਕਾ ਸਿੰਘ, ਸੇਵਕ (40) ਪੁੱਤਰ ਸੀਤਾ ਅਤੇ ਸਖੀ ਨਾਥ (65) ਪੁੱਤਰ ਮੇਹਰ ਨਾਥ ਸਾਰੇ ਵਾਸੀ ਰਵਿਦਾਸਪੁਰਾ ਟਿੱਬੀ ਵਜੋਂ ਹੋਈ ਹੈ। ਸਖੀ ਨਾਥ ਸਮਾਣਾ ਦਾ ਰਹਿਣ ਵਾਲਾ ਸੀ, ਜੋ ਰਿਸ਼ਤੇਦਾਰੀ ਵਿਚ ਆਇਆ ਸੀ। ਇਨ੍ਹਾਂ ਤੋਂ ਇਲਾਵਾ ਜਖੇਪਲਵਾਸ ਦੇ ਗਿਆਨ ਸਿੰਘ (32) ਪੁੱਤਰ ਗੁਰਮੀਤ ਸਿੰਘ ਦੀ ਵੀ ਮੌਤ ਹੋ ਗਈ। ਸੁਖਦੇਵ ਸਿੰਘ, ਭੋਲੂ ਸਿੰਘ, ਬੂਟਾ ਸਿੰਘ, ਦਰਸ਼ਨ ਸਿੰਘ, ਰਵੀ ਸਿੰਘ, ਕਰਮਜੀਤ ਸਿੰਘ, ਸਫੀ ਸਿੰਘ ਦਾ ਸਿਵਲ ਹਸਪਤਾਲ ਸੁਨਾਮ 'ਚ ਇਲਾਜ ਚੱਲ ਰਿਹਾ ਸੀ। ਪੁਲਸ ਜਾਂਚ ਕਰ ਰਹੀ ਸੀ।

## ਅੱਜ-ਨਾਮਾ

ਕੇਜਰੀਵਾਲ ਦੀ ਖਬਰ ਜਦ ਚਹੁੰ ਤਰਫੀਂ,
ਕੋਈ ਨਹੀਂ ਸੋਚਦਾ ਚੋਣਾਂ ਦੀ ਬਾਤ ਬੇਲੀ।
ਹੋਇਆ ਸਾਰਿਆਂ 'ਤੇ ਇਹੀਓ ਕੇਸ ਭਾਰੂ,
ਇਹ ਹੀ ਕਰਨ ਵਾਲਾ ਬਾਜ਼ੀ ਮਾਤ ਬੇਲੀ।
ਕਿਹੜੀ ਪਾਰਟੀ ਦੇ ਬਹਿਣਾ ਜੜ੍ਹੀਂ ਮੁੱਦਾ,
ਬਿਲਕੁਲ ਨਾ ਦੱਸਦੇ ਹਨ ਹਾਲਾਤ ਬੇਲੀ।
ਬੋਲਦੇ ਸੁਣੀਂਦੇ ਸਿਰਫ ਹਨ ਅਜੇ ਲੀਡਰ,
ਮਾਸਾ ਬੋਲੀ ਨਹੀਂ ਵੋਟਰ ਦੀ ਜ਼ਾਤ ਬੇਲੀ।
ਅੰਦਰੇ ਵਿੱਸ ਪਿਆ ਘੋਲਦਾ ਆਮ ਵੋਟਰ,
ਕੱਢਦਾ ਅੰਦਰਲੀ ਬਾਤ ਨਾ ਬਾਹਰ ਬੇਲੀ।
ਵੇਲਾ ਆਊ ਤਾਂ ਚੁੱਪ ਫਿਰ ਮੋਹਰ ਲਾ ਕੇ,
ਗੱਲ ਅੰਦਰ ਦੀ ਕਰੂ ਉਹ ਜ਼ਾਹਰ ਬੇਲੀ।

-ਤੀਸ ਮਾਰ ਖਾਂ

## ਖੱਬੀਆਂ ਪਾਰਟੀਆਂ ਵੱਲੋਂ ਖਟਕੜ ਕਲਾਂ ਵਿਖੇ ਵਿਸ਼ਾਲ ਸਮਾਗਮ ਅੱਜ

**ਬੰਗਾ (ਅਵਤਾਰ ਕਲੇਰ)**

ਭਾਰਤ ਦੀ ਆਜ਼ਾਦੀ ਦੇ ਕੌਮੀ ਹੀਰੇ, ਨੌਜਵਾਨਾਂ ਦੇ ਪ੍ਰੇਰਨਾਸਰੋਤ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਖਟਕੜ ਕਲਾਂ ਵਿਖੇ ਸੀ ਪੀ ਆਈ ਅਤੇ ਆਰ ਐੱਮ ਪੀ ਆਈ ਵੱਲੋਂ ਸਾਂਝੇ ਤੌਰ 'ਤੇ ਵਿਸ਼ਾਲ ਸਮਾਗਮ ਕਰਵਾਇਆ ਜਾ ਰਿਹਾ ਹੈ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸੁਤੰਤਰ ਕੁਮਾਰ, ਕਾਰਜਕਾਰੀ ਸਕੱਤਰ ਨਰੰਜਣ ਦਾਸ ਮੇਹਲੀ, ਕਿਸਾਨ ਆਗੂ ਅਤੇ ਜ਼ਿਲ੍ਹਾ ਸਹਾਇਕ ਸਕੱਤਰ ਜਸਵਿੰਦਰ ਸਿੰਘ ਭੰਗਲ, ਤਹਿਸੀਲ ਬਲਾਚੌਰ ਦੇ ਸਕੱਤਰ ਪਰਮਿੰਦਰ ਮੇਨਕਾ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਸਮਾਗਮ 'ਚ ਆਰ ਐੱਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ ਦੇ ਸੂਬਾ ● ਬਾਕੀ ਸਫ਼ਾ 2 'ਤੇ




## ਦੇਵ ਸਮਾਜ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ 'ਮੇਰੀ ਮਾਟੀ ਮੇਰਾ ਦੇਸ਼' ਤਹਿਤ ਰੈਲੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੇ ਐੱਨ ਸੀ ਸੀ ਵਿੰਗ ਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੀਆਂ ਵਿਦਿਆਰਥਣਾਂ ਨੇ 5 ਪੰਜਾਬ ਗਰਲਜ਼ ਬਟਾਲੀਅਨ ਐੱਨ ਸੀ ਸੀ ਮੋਗਾ ਦੇ ਕਮਾਂਡਿੰਗ ਅਫਸਰ ਕਰਨਲ ਐੱਮ ਐੱਸ ਮਾਨ ਦੇ ਦਿਸ਼ਾ ਨਿਰਦੇਸ਼ ਹੇਠ ਅਤੇ ਐਸੋਸੀਏਟ ਐੱਨ ਸੀ ਸੀ ਅਫਸਰ ਲੈਫਟੀਨੈਂਟ ਡਾਕਟਰ ਪਰਮਵੀਰ ਕੌਰ ਦੀ ਦੇਖ-ਰੇਖ ਹੇਠ ਕਾਲਜ ਕੈਂਪਸ ਵਿੱਚ 'ਮੇਰੀ ਮਾਟੀ ਮੇਰਾ ਦੇਸ਼' ਵਿਸ਼ੇ ਦੇ ਅੰਤਰਗਤ ਰੈਲੀ ਕੱਢੀ ਗਈ, ਜਿਸ ਵਿੱਚ ਵਿਦਿਆਰਥੀਆਂ ਨੂੰ ਆਪਣੇ ਦੇਸ਼ ਪ੍ਰਤੀ ਫਰਜ਼ਾਂ ਨੂੰ ਦੱਸਦੇ ਹੋਏ, ਦੇਸ਼ ਦੀ ਹਰਿਆਲੀ, ਦੇਸ਼ ਦੀ ਮਿੱਟੀ, ਦੇਸ਼ ਦੇ ਜਲਵਾਯੂ ਨੂੰ ਬਚਾਉਣ ਲਈ ਸੁਨੇਹਾ ਦਿੱਤਾ।ਰੈਲੀ ਦੇ ਤੁਰੰਤ ਬਾਅਦ ਐੱਨ ਸੀ ਸੀ ਕੈਡਿਟਸ ਅਤੇ ਵਿਦਿਆਰਥਣਾਂ ਪਹੁੰਚੇ, ਜਿੱਥੇ ਉਨ੍ਹਾਂ ਵੱਲੋਂ ਰਹਿਣ ਵਾਲੇ ਨੇਤਰਹੀਣ ਇਨਸਾਨਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਵਿੱਚੋਂ ਕੁਝ ਸੰਗੀਤ ਦੇ ਵਿਦਿਆਰਥੀ ਵੀ ਸਨ, ਜਿਨ੍ਹਾਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।ਵਿਦਿਆਰਥੀਆਂ ਨੇ ਕੁਝ ਗੀਤ ਸੁਣਾਏ ਤੇ ਵਿਦਿਆਰਥਣਾਂ ਨੇ ਵੀ ਆਪਣੀਆਂ ਲਿਖੀਆਂ ਕਵਿਤਾਵਾਂ ਤੇ ਗੀਤ ਉਨ੍ਹਾਂ ਨਾਲ ਸਾਂਝੇ ਕੀਤੇ।ਐੱਨ ਸੀ ਸੀ ਕੈਡਿਟਸ ਵੱਲੋਂ ਉਨ੍ਹਾਂ ਲਈ ਰਾਸ਼ਨ-ਪਾਣੀ ਤੇ ਫਲ ਲਿਜਾਏ ਗਏ।ਇਸ ਮੌਕੇ ਪ੍ਰਿੰਸੀਪਲ ਡਾਕਟਰ ਸੰਗੀਤਾ ਸ਼ਰਮਾ ਨੇ ਦੱਸਿਆ ਕਿ ਸਾਡੇ ਵਿਦਿਆਰਥੀ ਸਮਾਜ ਭਲਾਈ ਦੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹਿੰਦੇ ਹਨ।ਅਖੀਰ ਵਿਦਿਆਰਥਣਾਂ ਦੀ ਵਿਜ਼ਿਟ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਇਸ ਗੱਲ ਤੋਂ ਜਾਣੂ ਕਰਾਉਣਾ ਹੈ ਕਿ ਉੱਥੇ ਰਹਿਣ ਵਾਲੇ ਲੋਕ ਨੇਤਰਹੀਣ ਹੁੰਦਿਆਂ ਹੋਇਆਂ ਵੀ ਜ਼ਿੰਦਗੀ ਨੂੰ ਭਰਪੂਰਤਾ ਤੇ ਜ਼ਿੰਦਾ ਦਿਲੀ ਨਾਲ ਜਿਊਂਦੇ ਹਨ।ਇਸ ਦੇ ਨਾਲ ਹੀ ਉਨ੍ਹਾਂ ਐੱਨ ਸੀ ਸੀ ਵਿੰਗ ਦੇ ਏ. ਐੱਨ ਓ ਲੈਫਟੀਨੈਂਟ ਡਾਕਟਰ ਪਰਮਵੀਰ ਕੌਰ ਦੀ ਵਿਭਾਗੀ ਅਧਿਆਪਕਾਂ ਦੀ ਇਸ ਕੰਮ ਲਈ ਸਰਾਹਨਾ ਕੀਤੀ।ਨਿਗਮਲ ਇਸ ਵਿੱਚੋਂ ਨੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਜੂਨੀਅਰ ਵੱਲੋਂ ਸੀਨੀਅਰ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** ਬਾਬਾ ਮੋਨੀ ਜੀ ਗਰੁੱਪ ਆਫ ਇੰਸਟੀਚਿਊਸ਼ਨਜ਼, ਦੇ ਜੂਨੀਅਰ ਵਿਦਿਆਰਥੀਆਂ ਵੱਲੋਂ ਸੀਨੀਅਰ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਵੱਲੋਂ ਬਾਬਾ ਮੋਨੀ ਜੀ ਮਹਾਰਾਜ ਜੀ ਦੇ ਬੁੱਤ ਅੱਗੇ ਜੋਤ ਜਗਾਉਣ ਨਾਲ ਹੋਈ। ਪ੍ਰਧਾਨਗੀ ਕਰ ਰਹੇ ਡਿਗਰੀ ਕਾਲਜ ਦੇ ਪ੍ਰੋ. ਅਮਨਿੰਦਰ ਕੌਰ ਤੇ ਪ੍ਰੋ.ਦਿਨੇਸ਼ ਕੁਮਾਰ ਨੇ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋ. ਸੁਖਦੀਪ ਕੌਰ (ਪੰਜਾਬੀ) ਦੁਆਰਾ ਵੈਲਕਮ ਸਪੀਚ ਤੇ ਬੀ. ਏ. ਭਾਗ-ਤੀਜਾ ਦੀਆਂ ਵਿਦਿਆਰਥਣਾਂ ਅਰਸ਼ਦੀਪ ਕੌਰ, ਖੁਸ਼ਪ੍ਰੀਤਕੌਰ, ਰਾਜਪ੍ਰੀਤ ਕੌਰ ਤੇ ਅਰਸ਼ਦੀਪ ਕੌਰ ਦੁਆਰਾ ਸ਼ਬਦ ਗਾਇਨ ਨਾਲ ਹੋਈ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਕਾਲਜ ਦੀਆਂ ਵਿਦਿਆਰਥਣਾਂ ਤੁਲਸੀ ਤੇ ਰਮਨਜੋਤ ਕੌਰ ਤੇ ਜੱਜਾਂ ਦੀ ਭੂਮਿਕਾ ਪ੍ਰੋ. ਮਨਪ੍ਰੀਤ ਕੌਰ ਤੇ ਮੈਡਮ ਕਿਰਨਵੀਰ ਕੌਰ ਨੇ ਨਿਭਾਈ। ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਦੇ ਪੇਸ਼ਕਾਰੀ ਦੌਰਾਨ ਗੀਤ, ਭੰਗੜਾ, ਸ਼ੇਅਰੋ-ਸ਼ੇਅਰੀ, ਗਰੁੱਪ ਤੇ ਸੋਲੋ ਡਾਂਸ, ਕਵਿਸ਼ਰੀ, ਲੰਮੀ ਹੇਕ ਵਾਲੇ ਗੀਤ, ਸਕਿੱਟ, ਨਾਟਕ, ਕੋਰਿਓਗ੍ਰਾਫ਼ੀ ਤੇ ਕਵਿਤਾਵਾਂ ਆਦਿ ਰਾਹੀਂ ਖੂਬ ਰੰਗ ਬੰਨਿਆ।ਬੀ. ਐੱਡ. ਭਾਗ-ਦੂਜਾ ਦੀ ਸੀਮਾ, ਬੀ.ਸੀ.ਏ ਭਾਗ-ਤੀਜਾ ਦੀ ਤੁਲਸੀ ਅਤੇ ਬੀ.ਏ. ਭਾਗ-ਤੀਜਾ ਦੀ ਅੰਜਲੀ ਸ਼ਰਮਾ ਦੇ ਸਿਰ ਸਜਿਆ 'ਮਿਸ

**ਸੀਮਾ, ਤੁਲਸੀ ਤੇ ਅੰਜਲੀ ਸ਼ਰਮਾ ਦੇ ਸਿਰ ਸਜਿਆ 'ਮਿਸ ਫੇਅਰਵੈੱਲ' ਤਾਜ**



ਫੇਅਰਵੈੱਲ' ਦਾ ਤਾਜ ਤੇ ਬੀ.ਐੱਡ ਭਾਗ-ਦੂਜਾ ਦੇ ਇਕਬਾਲ ਸਿੰਘ ਦੇ ਸਿਰ 'ਮਿਸਟਰ ਫੇਅਰਵੈੱਲ' ਦਾ ਤਾਜ ਸਜਿਆ। ਸਮਾਪਤੀ 'ਤੇ ਬੀ. ਸੀ. ਏ ਭਾਗ-ਤੀਜਾ ਦੀ ਵਿਦਿਆਰਥਣ ਤੁਲਸੀ ਨੇ ਜੂਨੀਅਰ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਸ਼ੀਬਾ ਅਨੀਥਾ ਰਾਣੀ, ਡਿਗਰੀ ਕਾਲਜ ਦੇ ਪ੍ਰਿੰਸੀਪਲ ਅਮਨਿੰਦਰ ਕੌਰ, ਐਜੂਕੇਸ਼ਨ ਕਾਲਜ ਦੇ ਵਾਇਸ ਪ੍ਰਿੰਸੀਪਲ ਦਿਨੇਸ਼ ਕੁਮਾਰ ਤੋਂ ਇਲਾਵਾ ਪ੍ਰੋ. ਗੁਰਪ੍ਰੀਤ ਰਾਮ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ. ਰਮਨਦੀਪ ਕੌਰ, ਪ੍ਰੋ. ਲਖਵੀਰ ਕੌਰ, ਪ੍ਰੋ. ਸੁਖਦੀਪ ਕੌਰ (ਪੰਜਾਬੀ), ਪ੍ਰੋ. ਸੁਖਦੀਪ ਕੌਰ, ਪ੍ਰੋ. ਦਲਜੀਤ ਕੌਰ, ਪ੍ਰੋ. ਵਰਦੀਪ ਕੌਰ, ਪ੍ਰੋ. ਰੁਚੀਕਾ ਤੇ ਪ੍ਰੋ. ਮਨਪ੍ਰੀਤ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

## ਡੇਰਾ ਸਤਿਗੁਰੂ ਦਰਬਾਰ ਵਿਖੇ ਇੱਕ ਸ਼ਾਮ ਖਾਟੂ ਸ਼ਾਮ ਜੀ ਦੇ ਨਾਮ ਉਤਸਵ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਗਾਂਧੀ ਨਗਰ ਗਲੀ ਨੰਬਰ 2 ਸਥਿਤ ਡੇਰਾ ਸਤਿਗੁਰੂ ਦਰਬਾਰ ਵਿਖੇ ਵੀਰਵਾਰ ਦੀ ਰਾਤ ਨੌਂ ਵਜੇ ਤੋਂ ਲਗਭਗ ਇੱਕ ਵਜੇ ਤੱਕ ਇੱਕ ਸ਼ਾਮ ਖਾਟੂ ਸ਼ਾਮ ਜੀ ਦੇ ਨਾਂਅ ਉਤਸਵ ਦਾ ਆਯੋਜਨ ਹੋਇਆ।ਡੇਰੇ ਦੇ ਗੱਦੀਨਸ਼ੀਨ ਸੰਤ ਕੁਲਵਿੰਦਰ ਦਾਸ ਦੀ ਅਗਵਾਈ 'ਚ ਹੋਏ ਇਸ ਉਤਸਵ 'ਚ ਜਿੱਥੇ ਵੱਡੀ ਗਿਣਤੀ 'ਚ ਸ਼ਰਧਾਲੂ ਉਮੜੇ ਨਜ਼ਰ ਆਏ, ਉੱਥੇ 'ਆਪ' ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕਰਦਿਆਂ ਸ੍ਰੀ ਸ਼ਿਆਮ ਪ੍ਰਭੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਉਤਸਵ ਮੌਕੇ ਸਾਬਕਾ ਵਿਧਾਇਕ ਭਾਈ ਹਰਨਿਰਪਾਲ ਸਿੰਘ ਕੁੱਕੂ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸਤੀਸ਼ ਗਿਰਧਰ ਕਾਲਾ, ਭਾਜਪਾ ਆਗੂ ਤੇ ਸਾਬਕਾ ਡੀਟੀਓ ਗੁਰਚਰਨ ਸਿੰਘ ਸੰਧੂ, ਸ੍ਰੀ ਅਗਰਵਾਲ ਸਮਾਜ ਸਭਾ ਦੇ ਪ੍ਰਧਾਨ ਤਰਸੇਮ ਗੋਇਲ, ਸਮਾਜ ਸੇਵੀ ਅਸ਼ੋਕ ਚੁੱਘ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਦੇ ਨਿੱਜੀ ਸਕੱਤਰ ਜਸਪਾਲ ਛਾਬੜਾ, 'ਆਪ' ਆਗੂ ਸੁਮਿਤ ਗਰਗ ਸਮੇਤ ਵੱਡੀ ਗਿਣਤੀ 'ਚ ਸ਼ਹਿਰ ਵਾਸੀਆਂ ਨੇ ਹਾਜ਼ਰੀ ਲਵਾਈ।ਅਸਮਾਨ ਸ੍ਰੀ ਸ਼ਿਆਮ ਪ੍ਰਭੂ ਜੀ ਮਹਾਰਾਜ ਦੇ ਰੰਗ 'ਚ ਰੰਗਿਆ ਨਜ਼ਰ ਆ ਰਿਹਾ ਸੀ। ਸ਼ਰਧਾਲੂ ਸ੍ਰੀ ਸ਼ਿਆਮ ਪ੍ਰਭੂ ਜੀ ਦੇ ਭਜਨਾਂ ਦੀਆਂ ਰੰਗਾਂ 'ਚ ਡੁਬਕੀਆਂ ਲਾਉਂਦੇ ਹੋਏ ਦਿਸੇ।ਉਤਸਵ ਦੀ ਸ਼ੁਰੂਆਤ ਕੰਨਿਆ ਪੂਜਨ ਨਾਲ ਕਰਨ ਨਾਲ ਹੋਈ।ਵਿਧਾਇਕ ਕਾਕਾ ਬਰਾੜ, ਸਾਬਕਾ ਵਿਧਾਇਕ ਭਾਈ ਹਰਨਿਰਪਾਲ ਸਿੰਘ ਕੁੱਕੂ ਤੇ ਹੋਰ ਆਗੂਆਂ ਨੇ ਕੰਨਿਆ ਪੂਜਨ ਕਰਵਾਇਆ।ਉਤਸਵ ਦੌਰਾਨ ਅਤੁੱਟ ਭੰਡਾਰਾ ਵੀ ਚੱਲਦਾ ਰਿਹਾ।ਇਸ ਮੌਕੇ ਆਏ ਹੋਏ ਮਹਿਮਾਨਾਂ ਤੇ ਸਹਿਯੋਗੀਆਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਸ੍ਰੀ ਹਨੂੰਮਾਨ ਚਾਲੀਸਾ ਮੰਡਲ ਸ੍ਰੀ ਰਾਮ ਭਵਨ ਦੇ ਚੇਅਰਮੈਨ ਡਾ. ਸੁਭਾਸ਼ ਖੁਰਾਣਾ ਦੀ ਅਗਵਾਈ 'ਚ ਸਾਰੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਵੀ ਸ੍ਰੀ ਸ਼ਿਆਮ ਪ੍ਰਭੂ ਜੀ ਦੇ ਦਰਬਾਰ 'ਚ ਹਾਜ਼ਰੀ ਲਵਾਈ ਤੇ ਅਸ਼ੀਰਵਾਦ ਪ੍ਰਾਪਤ ਕੀਤਾ।

## ਅੱਜ ਲੱਗੇਗਾ ਅੱਖਾਂ ਦਾ ਫਰੀ ਚੈਕਅਪ ਕੈਂਪ

**ਜ਼ੀਰਾ (ਹਰਿੰਦਰ ਅਨੇਜਾ)**-ਇੱਕ ਉਮੀਦ ਆਸਰਾ ਵੱਲੋਂ ਪਰਦੀਪ ਸਿੰਘ ਪਿੰਡ ਝਤਰਾ ਜ਼ੀਰਾ ਤੇ ਜਗਰੂਪ ਸਿੰਘ ਵਿਰਕ ਦੀ ਯਾਦ ਵਿੱਚ ਅੱਜ 23 ਮਾਰਚ ਅੱਖਾਂ ਦਾ ਫ੍ਰੀ ਚੈਕਅੱਪ ਕੈਂਪ ਲਾਇਆ ਜਾ ਰਿਹਾ ਹੈ। ਇਸ ਵਿੱਚ ਲੋੜਵੰਦ ਲੋਕਾਂ ਲਈ ਫ੍ਰੀ ਦਵਾਈਆਂ ਦਾ ਟੈਸਟ ਅਤੇ ਲੈਂਸ ਵੀ ਫ੍ਰੀ ਪਾਏ ਜਾਣਗੇ। ਜਸਵੰਤ ਸਿੰਘ ਝਤਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੁਧਿਆਣਾ ਤੋਂ ਅੱਖਾਂ ਦੇ ਸਪੈਸ਼ਲਿਸਟ ਡਾਕਟਰ ਆਉਣਗੇ। ਉਹਨਾਂ ਕਿਹਾ ਕਿ ਕੋਈ ਵੀ ਲੋੜਵੰਦ ਫ੍ਰੀ ਲੈਂਜ਼ ਟੈਸਟ ਅਤੇ ਐਨਕਾਂ ਦਾ ਇਸ ਕੈਂਪ ਵਿੱਚ ਆ ਕੇ ਲਾਭ ਉਠਾ ਸਕਦਾ ਹੈ।



ਸਵਰਗੀ ਜਗਰੂਪ ਸਿੰਘ ਝਤਰਾ ਦੀ ਫਾਈਲ ਫੋਟੋ

## ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦਾ ਆਮ ਅਜਲਾਸ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਿਟਿਡ ਸ੍ਰੀ ਮੁਕਤਸਰ ਸਾਹਿਬ ਦਾ ਆਮ ਅਜਲਾਸ ਕਰਵਾਇਆ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਪੀ.ਏ.ਡੀ.ਬੀ. ਦੇ ਚੇਅਰਮੈਨ ਗੁਰਾਂਦਿੱਤਾ ਸਿੰਘ ਸੰਧੂ ਫੱਤਣਵਾਲਾ ਨੇ ਕੀਤੀ।ਉਨ੍ਹਾਂ ਇਸ ਮੌਕੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਬੈਂਕ ਦੀਆਂ ਵੱਖ ਵੱਖ ਸਕੀਮਾਂ ਬਾਰੇ ਜਾਣੂ ਕਰਵਾਇਆ ਤੇ ਸਕੀਮਾਂ ਦਾ ਕਿਸਾਨਾਂ ਨੂੰ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਬੈਂਕ ਦੇ ਚੰਗੇ ਕਰਜ਼ਦਾਰਾਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਸਮਾਗਮ ਵਿੱਚ ਸੁਖਪਾਲ ਸਿੰਘ ਸੰਧੂ ਵਾਇਸ ਚੇਅਰਮੈਨ, ਰਵਿੰਦਰਪਾਲ ਸਿੰਘ ਜ਼ਿਲ੍ਹਾ ਮੈਨੇਜਰ, ਗੁਰਪ੍ਰੀਤ ਸਿੰਘ ਸੇਖੋਂ ਮੈਨੇਜਰ, ਰਾਜਵਿੰਦਰ ਸਿੰਘ ਗਿੱਲ ਡਾਇਰੈਕਟਰ, ਜਸਕਰਨ ਸਿੰਘ ਜੌਂਐਂਟਾ ਡਾਇਰੈਕਟਰ, ਮਨਜਿੰਦਰ ਕੌਰ ਡਾਇਰੈਕਟਰ, ਪੁਨਿੰਦਰ ਸਿੰਘ ਬਰਾੜ ਸਹਾਇਕ ਮੈਨੇਜਰ, ਹਰਿੰਦਰ ਸਿੰਘ ਗਿੱਲ ਫੀਲਡ ਅਫਸਰ, ਕੁਲਦੀਪ ਸਿੰਘ ਫੀਲਡ ਅਫਸਰ, ਗੁਰਪ੍ਰੀਤ ਸਿੰਘ ਸੀ.ਡੀ.ਈ.ਓ., ਸੁਖਮੰਦਰ ਸਿੰਘ ਸੀ.ਡੀ.ਈ.ਓ., ਅਮਰਜੀਤ ਸਿੰਘ ਵੀਨਾ ਰਾਣੀ ਤੇ ਬਲਤੇਜ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

## ਅਕਾਲ ਅਕੈਡਮੀ ਵਿਖੇ ਬੱਚਿਆਂ ਦੇ ਗੁਰਮਤਿ ਮੁਕਾਬਲੇ ਕਰਵਾਏ



**ਚੀਮਾ ਮੰਡੀ (ਰਵਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਦੁਆਰਾ ਸੰਚਾਲਤ ਅਕਾਲ ਅਕੈਡਮੀ ਚੀਮਾ ਅੰਗਰੇਜ਼ੀ ਮਾਧਿਅਮ ਵਿਖੇ 'ਬੀਬਾ ਬੱਚਾ' ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਦੇ ਕਵੀਸ਼ਰੀ, ਚਿੱਤਰਕਾਰੀ ਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਤੇ ਆਪਣੀ ਕਲਾਂ ਦੇ ਜ਼ੌਹਰ ਵਿਖਾਏ।ਚਿੱਤਰਕਾਰੀ ਮੁਕਾਬਲਿਆਂ ਵਿੱਚੋਂ ਸਾਹਿਬ ਸਿੰਘ ਸਿੱਧੂ, ਜਸਮੀਤ ਕੌਰ ਤੇ ਸਹਿਜਦੀਪ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਗੁਰਮਤਿ ਪ੍ਰਸ਼ਨੋਤਰੀ ਮੁਕਾਬਲੇ ਵਿੱਚੋਂ ਜਪਮਨਦੀਪ ਕੌਰ ਨੇ ਪਹਿਲਾ, ਮਨਜੋਤ ਕੌਰ ਨੇ ਦੂਜਾ ਤੇ ਕੋਮਲਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਗੁਰਬਾਣੀ ਕੰਠ ਮੁਕਾਬਲੇ ਵਿੱਚੋਂ ਗੁਰਜੋਤ ਕੌਰ ਨੇ ਪਹਿਲਾ, ਸਾਹਿਬਜੋਤ ਕੌਰ ਨੇ ਦੂਸਰਾ ਤੇ ਗੁਰਮਨ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਕਵੀਸ਼ਰੀ ਮੁਕਾਬਲੇ ਵਿੱਚ ਸਿਮਰਜੀਤ ਕੌਰ ਨੇ ਪਹਿਲਾ ਤੇ ਸਾਹਿਬਜੀਤ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ਮਾਪਿਆਂ ਦਾ ਨਾਮ ਚਮਕਾਇਆ। ਇਸ ਮੌਕੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਅਕਾਲ ਅਕੈਡਮੀ ਚੀਮਾ ਦੇ ਪ੍ਰਿੰਸੀਪਲ ਨੀਨਾ ਸ਼ਰਮਾ ਨੇ ਸਨਮਾਨਤ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਅਕਾਲ ਅਕੈਡਮੀ ਵੱਲੋਂ ਸਮੇਂ-ਸਮੇਂ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।

## ਕਾਲਜ ਕੈਂਪਸ ਵਿਖੇ ਨਸ਼ਿਆਂ ਵਿਰੁੱਧ ਨੁੱਕੜ ਨਾਟਕ ਪੇਸ਼



**ਧੂਰੀ (ਬਿੰਨੀ ਗਰਗ)**-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਰੈੱਡ ਰਿਬਨ ਕਲੱਬ ਵੱਲੋਂ ਐੱਨ.ਐੱਸ.ਐੱਸ. ਯੂਨਿਟਾਂ ਦੇ ਸਹਿਯੋਗ ਨਾਲ 'ਆਖਿਰ ਕਦੋਂ ਤੱਕ' ਵਿਸ਼ੇ ਅਧੀਨ ਨਸ਼ਿਆਂ ਵਿਰੁੱਧ ਨੁੱਕੜ ਨਾਟਕ ਖੇਡਿਆ ਗਿਆ।ਇਸ ਨਾਟਕ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਲਈ ਨਾਟਕ ਟੀਮ ਨੇ ਪੇਸ਼ਕਾਰੀ ਦੌਰਾਨ ਸੰਦੇਸ਼ ਦਿੱਤਾ ਕਿ ਕਿਸ ਤਰ੍ਹਾਂ ਨਸ਼ਾ ਮਨੁੱਖ ਦੀ ਜੀਵਨ ਲੀਲ੍ਹਾ ਨੂੰ ਸਮਾਪਤ ਕਰ ਦਿੰਦਾ ਹੈ।ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਨਾਟਕ ਟੀਮ ਦੀ ਅਦਾਕਾਰੀ ਦੀ ਸ਼ਲਾਘਾ ਕਰਨ ਦੇ ਨਾਲ ਨਾਲ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਦੇ ਇਸ ਉਪਰਾਲੇ ਦੀ ਵੀ ਪ੍ਰਸੰਸਾ ਕੀਤੀ।ਨਾਟਕ ਦੀ ਪੇਸ਼ਕਾਰੀ ਰੈੱਡ ਆਰਟਸ ਪੰਜਾਬ ਦੀ ਪਟਿਆਲਾ ਟੀਮ ਦੇ ਕ੍ਰਿਸ਼ਨ, ਮਹਿਤਾਬ ਤੇ ਗੁਰਪ੍ਰੀਤ ਸਿੰਘ ਵੱਲੋਂ ਕੀਤੀ ਗਈ।ਮੰਚ ਸੰਚਾਲਨ ਦੀ ਭੂਮਿਕਾ ਡਾ. ਜਸਬੀਰ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਰੈੱਡ ਰਿਬਨ ਕਲੱਬ ਦੇ ਕਨਵੀਨਰ ਡਾ. ਰਾਕੇਸ਼ ਕੁਮਾਰ ਤੇ ਐੱਨ.ਐੱਸ.ਐੱਸ. ਦੇ ਪ੍ਰੋਗਰਾਮ ਅਫ਼ਸਰ ਡਾ. ਊਸ਼ਾ ਜੈਨ ਤੋਂ ਇਲਾਵਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।ਇਸ ਸਮੇਂ ਵਲੰਟੀਅਰਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

## ਚੋਣਾਂ 'ਚ ਕਾਂਗਰਸ ਉਮੀਦਵਾਰ ਵੱਡੀਆਂ ਜਿੱਤਾਂ ਦਰਜ ਕਰਨਗੇ : ਰਣਦੀਪ ਸਿੰਘ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਵੱਲੋਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਹਲਕਾ ਅਮਲੋਹ ਵਿੱਚ ਮੀਟਿੰਗਾਂ ਕੀਤੀਆਂ ਗਈਆਂ ਅਤੇ ਲੋਕਾਂ ਨਾਲ ਅਹਿਮ ਵਿਚਾਰਾਂ ਕੀਤੀਆਂ ਗਈਆਂ। ਕਾਹਨਪੁਰਾ ਵਿਖੇ ਗੱਲਬਾਤ ਕਰਦਿਆਂ ਰਣਦੀਪ ਸਿੰਘ ਨਾਭਾ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬ ਦੇ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ ਅਤੇ ਉਹ ਪੰਜਾਬ ਵਿੱਚ ਕਾਂਗਰਸ ਪਾਰਟੀ ਦੇ ਲੋਕ ਸਭਾ ਚੋਣਾਂ ਵਿੱਚ ਉਮੀਦਵਾਰਾਂ ਨੂੰ ਇਸ ਵਾਰ ਜਿੱਤਾਂ ਦਰਜ ਕਰਵਾਉਣ ਲਈ ਉਤਾਵਲੇ ਹਨ ਅਤੇ ਵੱਡੀਆਂ ਵੋਟਾਂ ਨਾਲ ਕਾਂਗਰਸੀ ਉਮੀਦਵਾਰ ਜਿੱਤਾਂ ਦਰਜ ਕਰਨਗੇ। ਇਸ ਮੌਕੇ ਜਗਵੀਰ ਸਿੰਘ ਸਲਾਣਾ ਬਲਾਕ ਪ੍ਰਧਾਨ, ਗੁਰਬਚਨ ਸਿੰਘ ਕਾਹਨਪੁਰਾ ਸੀਨੀਅਰ ਆਗੂ, ਰੁਪਿੰਦਰ ਸਿੰਘ ਲਾਡੀ, ਦਰਸ਼ਨ ਸਿੰਘ ਔਜਲਾ, ਹਰਚੰਦ ਸਿੰਘ ਭੱਟੀ, ਦਰਬਾਰਾ ਸਿੰਘ, ਲਵਪ੍ਰੀਤ ਸਿੰਘ ਕਾਹਨਪੁਰਾ ਪ੍ਰਧਾਨ ਯੂਥ ਕਾਂਗਰਸ, ਸਮਸ਼ੇਰ ਸਿੰਘ ਅੰਨੀਆਂ, ਸੁੱਖ ਰਾਏਪੁਰ, ਪ੍ਰਭਜੀਤ ਬੈਣਾ, ਸੁਖਵੀਰ ਸਿੰਘ ਸੁੱਖਾ, ਸੁਖਜਿੰਦਰ ਸਿੰਘ ਬਿੱਲਾ, ਜਗਦੀਪ ਸਿੰਘ, ਸੋਨੀ ਰਤਨਪਾਲੋ, ਮਨਪ੍ਰੀਤ ਸਿੰਘ ਮਿੰਟਾ ਦਫਤਰ ਇੰਚਾਰਜ ਤੇ ਪਿੰਡ ਵਾਸੀ ਮੌਜੂਦ ਸਨ।

## ਪੌਦੇ ਲਾ ਕੇ ਵਿਸ਼ਵ ਵਣ ਦਿਵਸ ਮਨਾਇਆ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਪ੍ਰਜਾਪਤ ਸਮਾਜ ਦੇ ਸੀਨੀਅਰ ਮੈਂਬਰਾਂ ਵੱਲੋਂ ਪੌਦੇ ਲਗਾ ਕੇ ਵਿਸ਼ਵ ਵਣ ਦਿਵਸ ਮਨਾਇਆ ਗਿਆ।ਇਸ ਮੌਕੇ ਅਜੀਤ ਵਰਮਾ ਐਡਵੋਕੇਟ, ਸੀਨੀਅਰ ਮੈਂਬਰ ਜੈ ਚੰਦ ਬੇਵਾਲ ਤੇ ਹੰਸ ਰਾਜ ਨੇ ਕਿਹਾ ਕਿ ਮਨੁੱਖੀ ਜੀਵਨ ਵਿੱਚ ਪੇੜ ਪੌਦਿਆਂ ਤੇ ਜੰਗਲਾਤ ਦਾ ਵਿਸ਼ੇਸ਼ ਯੋਗਦਾਨ ਹੈ। ਜੰਗਲਾਤ ਕਾਰਨ ਸਾਡਾ ਵਾਤਾਵਰਣ ਸ਼ੁੱਧ ਰਹਿੰਦਾ ਹੈ ਤੇ ਅਨੇਕਾਂ ਕੁਦਰਤੀ ਆਫ਼ਤਾਂ ਤੋਂ ਸਾਡੀ ਰੱਖਿਆ ਕਰਦੇ ਹਨ। ਇਸ ਮੌਕੇ ਉਨ੍ਹਾਂ ਵਿਸ਼ੇਸ਼ ਤੌਰ 'ਤੇ ਸਮਾਜ ਨੂੰ ਅਪੀਲ ਕੀਤੀ ਕਿ ਅਸੀਂ ਵਾਤਾਵਰਣ ਦਾ ਦੇਣਾ ਨਹੀਂ ਦੇ ਸਕਦੇ, ਵਾਤਾਵਰਣ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ, ਇਸ ਲਈ ਸਾਡਾ ਵੀ ਫਰਜ਼ ਬਣਦਾ ਹੈ ਕਿ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਦਰੱਖ਼ਤ ਲਗਾਏ ਜਾਣ ਤੇ ਉਨ੍ਹਾਂ ਦੀ ਦੇਖ-ਰੇਖ ਕੀਤੀ ਜਾਵੇ।

## ਅਧਿਆਪਕਾਂ ਲਈ ਪੰਜਾਬ ਸਰਕਾਰ ਦਾ ਖ਼ਜ਼ਾਨਾ ਖਾਲੀ : ਡੀ ਟੀ ਐੱਫ਼

**ਮਾਨਸਾ (ਆਤਮਾ ਸਿੰਘ ਪਮਾਰ)**

'ਦੂਜੀਆਂ ਸਰਕਾਰਾਂ ਦੇ ਵਿੱਤ ਮੰਤਰੀਆਂ ਨੂੰ ਖਾਲੀ ਪੀਪਾ ਮੰਤਰੀ ਦਾ ਲਕਬ ਦੇਣ ਵਾਲੇ ਅਤੇ 'ਆਪ' ਦੀ ਸਰਕਾਰ ਦੇ ਸਮੇਂ ਖ਼ਜ਼ਾਨਾ ਭਰਿਆ ਹੋਣ ਦੇ ਦਾਅਵੇ ਕਰਨ ਵਾਲੇ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ ਦਾਅਵੇ ਦੀ ਇਸ ਵਾਰ ਪੂਰੀ ਤਰ੍ਹਾਂ ਫੂਕ ਨਿਕਲ ਗਈ ਹੈ, ਕਿਉਂਕਿ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਨੇ ਵਿੱਤੀ ਮੰਦਹਾਲੀ ਦਾ ਹਵਾਲਾ ਦੇ ਕੇ ਪੰਜਾਬ ਦੇ ਹਜ਼ਾਰਾਂ ਅਧਿਆਪਕਾਂ ਨੂੰ ਫਰਵਰੀ ਮਹੀਨੇ ਦੀ ਤਨਖਾਹ ਦੇਣ ਲਈ ਥੁੜ੍ਹਦਾ ਬੱਜਟ ਜਾਰੀ ਕਰਨ ਤੇ ਪਹਿਲੋਂ ਪਏ ਬਜਟ ਤੱਕ ਨੂੰ ਖਰਚ ਕਰਨ 'ਤੇ ਪਾਬੰਦੀ ਲਾ ਰੱਖੀ ਹੈ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਸਕੱਤਰ ਹਰਜਿੰਦਰ ਅਨੂਪਗੜ੍ਹ ਨੇ ਕੀਤਾ।

ਉਨ੍ਹਾਂ ਕਿਹਾ ਕਿ ਸਿੱਖਿਆ ਨੂੰ ਆਪਣੀ ਪਹਿਲ ਦੱਸਣ ਵਾਲੀ ਸਰਕਾਰ ਦਾ ਅਧਿਆਪਕਾਂ ਨੂੰ ਮਾਰਚ ਦੇ 22 ਦਿਨ ਲੰਘਣ 'ਤੇ ਵੀ ਫਰਵਰੀ ਦੀ ਤਨਖਾਹ ਨਾ ਦੇਣਾ ਕਈ ਸਵਾਲ ਖੜੇ ਕਰ ਰਿਹਾ ਹੈ। ਤਨਖ਼ਾਹ ਤੋਂ ਵਾਂਝੇ ਅਧਿਆਪਕਾਂ ਵਿੱਚ ਬਹੁਗਿਣਤੀ ਅਧਿਆਪਕ ਪ੍ਰਾਇਮਰੀ ਕੇਡਰ ਨਾਲ ਸਬੰਧਤ ਹਨ। ਸਵਾਲ ਹੈ ਕਿ ਵਿੱਤੀ ਮੁਸ਼ਕਲਾਂ ਦੇ ਝੰਬੇ ਅਧਿਆਪਕ ਕਿਸ ਤਰ੍ਹਾਂ ਬੱਚਿਆਂ ਨੂੰ ਪੜ੍ਹਾਉਣ ਵਿੱਚ ਇਨਸਾਫ਼ ਕਰ ਪਾਉਣਗੇ? ਜਥੇਬੰਦੀ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਬੈਹਣੀਵਾਲ ਤੇ ਨਵਜੋਸ਼ ਸਪੋਲੀਆ ਨੇ ਕਿਹਾ ਕਿ ਵਿੱਤ ਮੰਤਰੀ ਤੇ ਮੁੱਖ ਮੰਤਰੀ ਦੇ ਆਪਣੇ ਜ਼ਿਲ੍ਹੇ ਦੇ ਅਧਿਆਪਕ ਵੀ ਤਨਖਾਹੋਂ ਸੱਖਣੇ ਹਨ। ਆਪਣੇ ਜ਼ਰੂਰੀ ਖਰਚਿਆਂ ਨੂੰ ਪੂਰਾ ਕਰਨ ਲਈ ਅਧਿਆਪਕ ਪੈਸੇ ਉਧਾਰ ਮੰਗਣ ਨੂੰ ਮਜਬੂਰ ਹਨ। ਆਗੂਆਂ ਗੁਰਪ੍ਰੀਤ ਭੀਖੀ, ਗੁਰਬਚਨ ਹੀਰੇਵਾਲਾ, ਕੁਲਵਿੰਦਰ ਜੋਗਾ ਨੇ ਕਿਹਾ ਕਿ ਡਾਇਰੈਕਟਰ ਸਕੂਲ ਸਿੱਖਿਆ (ਐ.ਸਿੰ.) ਦੇ ਦਫ਼ਤਰ ਵੱਲੋਂ ਜਾਣਕਾਰੀ ਅਨੁਸਾਰ ਸਮੱਸਿਆ ਵਿੱਤ ਵਿਭਾਗ ਵੱਲੋਂ ਹੱਲ ਕੀਤੀ ਜਾਣੀ ਹੈ। ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਪਾਲ ਆਗੂਆਂ ਨੇ ਕਿਹਾ ਕਿ ਜਥੇਬੰਦੀ ਇਸ ਮਸਲੇ 'ਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਰੋਸ ਮੁਜਾਹਰੇ ਕਰ ਚੁੱਕੀ ਹੈ, ਪ੍ਰੰਤੂ ਪੰਜਾਬ ਸਰਕਾਰ ਦੇ ਕੰਨ 'ਤੇ ਜੂੰਅ ਨਹੀਂ ਸਰਕੀ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸਰਕਾਰ ਨੂੰ ਅਧਿਆਪਕਾਂ ਦੀਆਂ ਸਮੱਸਿਆਵਾਂ ਨਾਲ ਕੋਈ ਸਰੋਕਾਰ ਹੀ ਨਹੀਂ।

## ਪਬਲਿਕ ਸਕੂਲ ਟਰੱਸਟ ਹਾਮਝੇੜੀ ਵੱਲੋਂ ਵਿਦਿਆਰਥੀਆਂ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਬਲਿਕ ਸੀਨੀਅਰ ਸੈਕੰਡਰੀ ਸਕੂਲ ਟਰੱਸਟ ਹਾਮਝੇੜੀ ਦਾ 28ਵਾਂ ਸਾਲਾਨਾ ਸਮਾਗਮ ਟਰੱਸਟ ਦੇ ਪ੍ਰਧਾਨ ਮੋਹਨ ਸਿੰਘ ਸਿੱਧੂ ਦੀ ਅਗਵਾਈ ਵਿੱਚ ਕਰਾਇਆ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸਮਾਜ ਸੇਵੀ ਕੇਵਲ ਕ੍ਰਿਸ਼ਨ ਸਿੰਗਲਾ ਨੇ ਸ਼ਿਰਕਤ ਕੀਤੀ, ਜਦੋਂਕਿ ਵਿਸ਼ੇਸ਼ ਮਹਿਮਾਨ ਵਜੋਂ ਸਕੂਲ ਦੇ ਲੰਮਾ ਸਮਾਂ ਵਾਇਸ ਪ੍ਰਿੰਸੀਪਲ ਰਹੇ ਸਵ: ਸਤਿੰਦਰ ਸਿੰਘ ਚਹਿਲ ਦੀ ਪਤਨੀ ਕੁਲਵਿੰਦਰ ਕੌਰ ਚਹਿਲ ਪੁੱਜੇ। ਸਮਾਗਮ ਦੌਰਾਨ ਵਿੱਦਿਅਕ ਸੈਸ਼ਨ 2023-24 ਦੌਰਾਨ ਸਿੱਖਿਆ ਖੇਡਾਂ ਤੇ ਸੱਭਿਆਚਾਰਕ ਖੇਤਰ ਵਿੱਚ ਵਿਸ਼ੇਸ਼ ਉਪਲਬਧੀਆਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਰੰਗਾਰੰਗ ਸਮਾਗਮ ਤੋਂ ਇਲਾਵਾ ਪੰਜਾਬ ਦੇ ਵਿਸਰਦੇ ਜਾ ਰਹੇ ਸੱਭਿਆਚਾਰ ਨੂੰ ਪੇਸ਼ ਕਰਦੇ ਹੋਏ ਤ੍ਰਿੰਝਣ, ਫੁਲਕਾਰੀਆਂ, ਪੁਰਾਤਨ ਪੇਂਡੂ ਰਸੋਈ ਵਿੱਚ ਬਣਨ ਵਾਲੇ ਪਕਵਾਨਾਂ ਨੂੰ ਬਣਾਉਣ ਲਈ ਵਰਤਿਆ ਜਾਂਦੇ ਬਰਤਨ ਤੇ ਹੋਰ ਸਾਜੋ ਸਮਾਨ ਜਿਵੇਂ ਖੇਤੀਬਾੜੀ ਦੇ ਖੇਤਰ ਵਿੱਚ ਵਰਤਿਆ ਜਾਣ ਵਾਲੇ ਸਮਾਨ, ਪੁਰਾਤਨ ਕਰੰਸੀ, ਚਿੱਠੀਆਂ ਤੋਂ ਇਲਾਵਾ ਅਜੋਕੇ ਦੌਰ ਦੌਰਾਨ ਕੀਤੀ ਗਈ ਵਿਗਿਆਨਕ ਤਰੱਕੀ ਦੇ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਗਏ ਮਾਡਲਾਂ ਦੀਆਂ ਪ੍ਰਦਰਸ਼ਨੀਆਂ ਖਿੱਚ ਦਾ ਕੇਂਦਰ ਰਹੀਆਂ। ਸੱਭਿਆਚਾਰਕ ਸਮਾਗਮ ਦੀ ਸ਼ੁਰੂਆਤ ਧਾਰਮਿਕ ਸ਼ਬਦ ਤੇ ਰਾਸ਼ਟਰਗਾਨ ਨਾਲ ਕੀਤੀ ਗਈ। ਉਪਰੰਤ ਨਾਟਕ, ਗੀਤ, ਕਵਿਤਾਵਾਂ, ਕੋਰਿਓਗ੍ਰਾਫ਼ੀਆਂ ਪੇਸ਼ ਕੀਤੀਆਂ ਗਈਆਂ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਗਈ ਕੋਰਿਓਗ੍ਰਾਫ਼ੀ 'ਪਾਣੀ ਪੰਜਾਂ ਦਰਿਆਵਾਂ ਵਾਲਾ' ਨੇ ਹਾਜ਼ਰ ਦਰਸ਼ਕਾਂ ਦਾ ਧਿਆਨ ਖਿੱਚਿਆ। ਵਿਦਿਆਰਥੀਆਂ ਵੱਲੋਂ ਪੇਸ਼ ਭੰਗੜਾ ਤੇ ਖੁੱਲ੍ਹੇ ਪੰਡਾਲ ਵਿੱਚ ਵਿਦਿਆਰਥਣਾਂ ਵੱਲੋਂ ਪਾਇਆ ਗਿਆ ਗਿੱਧਾ ਪ੍ਰੋਗਰਾਮ ਦੀ ਸਿਖਰ ਹੋਰ ਨਿੱਬੜਿਆ। ਸਕੂਲ ਦੇ ਪ੍ਰਿੰਸੀਪਲ ਗੁਰਨਾਮ ਸਿੰਘ ਜੱਜ, ਜੋ ਕੈਨੇਡਾ ਗਏ ਹੋਏ ਹਨ, ਵੱਲੋਂ ਮੈਡਮ ਸਰਦੀਪ ਕੌਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ। ਪ੍ਰਬੰਧਕਾਂ ਵੱਲੋਂ ਸਕੂਲ ਦੇ ਸਮੂਹ ਅਧਿਆਪਕਾਂ ਦੇ ਨਾਲ ਨਾਲ ਬਾਕੀ ਸਮੂਹ ਸਟਾਫ਼ ਤੇ ਹੋਣਹਾਰ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਮੋਹਨ ਸਿੰਘ ਸਿੱਧੂ ਤੇ ਕਾਰਜਕਾਰੀ ਪ੍ਰਿੰਸੀਪਲ ਬੇਅੰਤ ਸਿੰਘ ਧਾਲੀਵਾਲ ਨੇ ਮੈਨੇਜਿੰਗ ਟਰਸਟ ਵੱਲੋਂ ਆਉਣ ਵਾਲੇ ਸਮੇਂ ਲਈ ਮਿੱਥੇ ਟੀਚਿਆਂ ਸਬੰਧੀ ਜਾਣਕਾਰੀ ਦਿੱਤੀ। ਖ਼ਜ਼ਾਨਚੀ ਬਲਰਾਮ ਸਿੰਘ ਧੌਂਸਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਨਵੇਂ ਸਟੇਡੀਅਮ ਦੀ ਸੜਕ ਨੂੰ ਫੁੱਲਾਂ ਨਾਲ ਸਜਾਇਆ



**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**-ਨਿਊ ਚੰਡੀਗੜ੍ਹ ਵਿਖੇ ਨਵੇਂ ਤਿਆਰ ਕੀਤੇ ਗਏ ਸਟੇਡੀਅਮ ਵਿੱਚ 23 ਮਾਰਚ ਨੂੰ ਪਹਿਲਾ ਆਈ ਪੀ ਐੱਲ ਮੈਚ ਪੰਜਾਬ ਅਤੇ ਦਿੱਲੀ ਦੇ ਦਰਮਿਆਨ ਖੇਡਿਆ ਜਾਣਾ ਹੈ। ਇਸ ਮੈਚ ਨੂੰ ਕਰਵਾਉਣ ਲਈ ਸਟੇਡੀਅਮ ਦੇ ਅੰਦਰ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਅਤੇ ਬਾਹਰ ਗਮਾਡਾ ਵਲੋਂ ਤਿਆਰੀਆਂ ਵਿੱਚ ਕੋਈ ਕਸਰ ਨਹੀਂ ਛੱਡੀ ਗਈ। ਜਿੱਥੇ ਗਮਾਡਾ ਵੱਲੋਂ ਸੜਕ ਨਿਰਮਾਣ ਦੇ ਕੰਮ ਤੇਜ਼ੀ ਨਾਲ ਕਰਵਾਏ ਗਏ ਹਨ, ਉੱਥੇ ਗਮਾਡਾ ਦੇ ਬਾਗਬਾਨੀ ਵਿੰਗ ਵੱਲੋਂ ਵੀ ਦਿਨ-ਰਾਤ ਮਿਹਨਤ ਕਰਕੇ ਸੜਕ ਨੂੰ ਖੂਬਸੂਰਤ ਦਿੱਖ ਪ੍ਰਦਾਨ ਕਰਨ ਲਈ ਸੜਕ 'ਤੇ ਵੱਖ-ਵੱਖ ਤਰ੍ਹਾਂ ਦੇ ਬੂਟੇ ਲਗਾ ਕੇ ਮਨਮੋਹਕ ਲੈਂਡ-ਸਕੇਪਿੰਗ ਕੀਤੀ ਗਈ ਹੈ। ਇਸ ਪੂਰੀ ਸੜਕ ਨੂੰ ਪਿਛਲੇ ਕੁਝ ਦਿਨਾਂ ਦਰਮਿਆਨ ਸੋਹਣੇ-ਸੋਹਣੇ ਰੰਗ-ਬਿਰੰਗੇ ਫੁੱਲਾਂ ਨਾਲ ਸਜਾਇਆ ਗਿਆ, ਜੋ ਕਿ ਹਰ ਰਾਹਗੀਰ ਅਤੇ ਦਰਸ਼ਕ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ। ਗਮਾਡਾ ਵੱਲੋਂ ਬਾਗਬਾਨੀ ਦੇ ਇਹਨਾਂ ਕੰਮਾਂ ਲਈ ਨਿਊ ਚੰਡੀਗੜ੍ਹ ਏਰੀਏ ਨਾਲ ਸੰਬੰਧਤ ਕਲੋਨਾਈਜ਼ਰਾਂ ਨੂੰ ਉਤਸ਼ਾਹਤ ਕਰ ਕੇ ਫੁੱਲ-ਬੂਟੇ ਲਗਾਉਣ ਦਾ ਕੰਮ ਉਨ੍ਹਾਂ ਤੋਂ ਬਾਗਬਾਨੀ ਦੇ ਸਟਾਫ ਦੀ ਦੇਖ-ਰੇਖ ਹੇਠ ਕਰਵਾਇਆ ਗਿਆ ਹੈ, ਜਿਸ ਨਾਲ ਇਲਾਕੇ ਦੀ ਖੂਬਸੂਰਤੀ ਨੂੰ ਚਾਰ ਚੰਨ੍ਹ ਲੱਗ ਗਏ ਹਨ।


**DBS Bank India Limited**
Regional Office : Special Assets Management, 29/35, Second Floor, West Punjabi Bagh, New Delhi - 110026, Mob: 96107 89700

DBS Live more, Bank less

[ਰੂਲ 8(1)]
ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨ ਹਸਤਾਖਰੀ ਨੇ ਡੀ ਬੀ ਐੱਸ ਬੈਂਕ ਇੰਡੀਆ ਲਿਮਟਿਡ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ ਮੈਸ: ਇਨੋਵੇਟਿਵ ਨਿੱਟ ਗਰੰਟਰਜ਼ ਸ੍ਰੀਮਤੀ ਰਵਿਤਾ ਸੂਦ ਅਤੇ ਸ੍ਰੀਮਤੀ ਰਿਚਾ ਸੂਦ ਅਤੇ ਗਰੰਟਰਾਂ ਅਤੇ ਰਹਿਣਕਾਰਾਂ ਸ੍ਰੀ ਸੰਜੀਵ ਸੂਦ ਅਤੇ ਸ੍ਰੀ ਮੁਨੀਸ਼ ਸੂਦ ਨੂੰ ਨੋਟਿਸ 'ਚ ਦਰਸਾਈ ਰਕਮ ਆਈ ਐੱਨ ਆਰ 3,48,97,459.89 (ਆਈ ਐੱਨ ਆਰ ਤਿੰਨ ਕਰੋੜ ਅਠਤਾਲੀ ਲੱਖ ਸਤਾਨਵੇਂ ਹਜ਼ਾਰ ਚਾਰ ਸੌ ਉਨਾਹਠ ਰੁਪਏ ਅਤੇ ਉਨਾਨਵੇਂ ਪੈਸੇ ਕੇਵਲ) ਜੋ ਕਿ 30.09.2023 ਨੂੰ ਬਕਾਇਆ, ਸਮੇਤ ਅਸਲ ਅਦਾਇਗੀ ਦੀ ਮਿਤੀ ਤੱਕ 01.10.2023 ਤੋਂ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੀ ਮਿਆਦ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 30.11.2023 ਨੂੰ ਜਾਰੀ ਕੀਤਾ ਸੀ। ਕਰਜ਼ਦਾਰ/ਗਰੰਟਰ/ਰਹਿਣਕਾਰ ਰਕਮ ਵਾਪਸ ਮੋੜਨ 'ਚ ਅਸਫ਼ਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰ/ਗਰੰਟਰਾਂ/ਰਹਿਣਕਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13(4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 19 ਮਾਰਚ 2024 ਨੂੰ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ।

ਜਾਇਦਾਦ ਦੇ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਡੀ ਬੀ ਐੱਸ ਬੈਂਕ ਇੰਡੀਆ ਲਿਮਟਿਡ ਦੀ 30.09.2023 ਨੂੰ ਰਕਮ ਆਈ ਐੱਨ ਆਰ 3,48,97,459.89 (ਆਈ ਐੱਨ ਆਰ ਤਿੰਨ ਕਰੋੜ ਅਠਤਾਲੀ ਲੱਖ ਸਤਾਨਵੇਂ ਹਜ਼ਾਰ ਚਾਰ ਸੌ ਉਨਾਹਠ ਰੁਪਏ ਅਤੇ ਉਨਾਨਵੇਂ ਪੈਸੇ ਕੇਵਲ) ਜਮ੍ਹਾਂ 01.10.2023 ਤੋਂ ਵਿਆਜ ਅਤੇ ਇਸ ਉਪਰ ਬੈਂਕ ਵੱਲੋਂ ਕੀਤੇ ਗਏ ਅਚਨਚੇਤ ਖਰਚਿਆਂ ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐਸਟਸ ਦੇ ਨਿਪਟਾਰੇ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ :**

1. ਪਲਾਟ ਰਕਬਾ 425 ਵਰਗ ਗਜ਼ 'ਤੇ ਨਿਰਮਤ ਇੰਡਸਟ੍ਰੀਅਲ ਜਾਇਦਾਦ 'ਤੇ ਪਹਿਲਾ ਵਿਸ਼ੇਸ਼ ਚਾਰਜ, ਚੰਦਰ ਨਗਰ, ਲੁਧਿਆਣਾ, ਖਸਰਾ ਨੰ. 5313/2712/663, ਖੱਤਾ ਨੰ: 2872/3465, ਜਮ੍ਹਾਂਬੰਦੀ ਸਾਲ 2001-2002, ਪਿੰਡ ਤਰਫ਼ ਪੀਰੂਬਾਂਦਾ, ਹੱਦਬਸਤ ਨੰ. 167, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਸੰਜੀਵ ਸੂਦ ਅਤੇ ਮੁਨੀਸ਼ ਸੂਦ ਦੀ ਮਲਕੀਅਤ ਹੱਦਾਂ : ਪੂਰਬ : ਗੁਆਂਢ 45'-0" ਤੱਕ, ਪੱਛਮ : ਗਲੀ : 45'0" ਤੱਕ, ਉੱਤਰ : ਸੰਜੀਵ ਸੂਦ ਆਦਿ 85'0" ਤੱਕ, ਦੱਖਣ : ਗੁਆਂਢ 85'0" ਤੱਕ।
2. ਪਲਾਟ ਰਕਬਾ 491 ਵਰਗ ਗਜ਼ ਤੇ ਨਿਰਮਤ ਇੰਡਸਟ੍ਰੀਅਲ ਜਾਇਦਾਦ 'ਤੇ ਪਹਿਲਾ ਵਿਸ਼ੇਸ਼ ਚਾਰਜ, ਚੰਦਰ ਨਗਰ, ਲੁਧਿਆਣਾ, ਖਸਰਾ ਨੰ: 5313/2712/663, ਖੱਤਾ ਨੰ: 2872/3465, ਜਮ੍ਹਾਂਬੰਦੀ ਸਾਲ 2001-2002 ਪੀਰੂਬਾਂਦਾ, ਹਦਬਸਤ ਨੰ: 167, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਸੰਜੀਵ ਸੂਦ ਅਤੇ ਮੁਨੀਸ਼ ਸੂਦ ਦੀ ਮਲਕੀਅਤ ਹੱਦਾਂ : ਪੂਰਬ : ਹੋਰ ਮਾਲਕ 52'0" ਤੱਕ, ਪੱਛਮ : ਬੰਦ ਗਲੀ 52'0" ਤੱਕ, ਉੱਤਰ : ਹੋਰ ਮਾਲਕ 85'0" ਤੱਕ, ਦੱਖਣ : ਵਿਕ੍ਰੇਤਾ 85'0" ਤੱਕ।

ਮਿਤੀ : 19.03.2024
ਸਥਾਨ : ਲੁਧਿਆਣਾ, ਪੰਜਾਬ

ਸਹੀ/-
ਅਧਿਕਾਰਤ ਅਫ਼ਸਰ
ਡੀ ਬੀ ਐੱਸ ਬੈਂਕ ਇੰਡੀਆ ਲਿਮਟਿਡ


**...ਸਫ਼ਾ 1 ਦੇ ਬਾਕੀ**

### ਈ ਡੀ ਦੇ 95 ਫੀਸਦੀ...

ਐੱਸ ਤੇ ਐੱਸ ਬੀ ਐੱਸ ਪੀ (1-1) ਆਉਂਦੀਆਂ ਹਨ। ਜਦੋਂ ਆਗੂ ਭਾਜਪਾ ਵਿਚ ਸ਼ਾਮਲ ਹੋ ਗਏ ਤਾਂ ਈ ਡੀ ਉਨ੍ਹਾਂ ਖਿਲਾਫ ਨਰਮ ਪੈ ਗਈ। ਮਿਸਾਲ ਵਜੋਂ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸ਼ਰਮਾ ਜਦੋਂ ਕਾਂਗਰਸ ਵਿਚ ਸਨ ਤਾਂ ਈ ਡੀ ਤੇ ਸੀ ਬੀ ਆਈ ਨੇ ਸ਼ਾਰਦਾ ਚਿੱਟ ਫੰਡ ਕੇਸ ਵਿਚ ਉਨ੍ਹਾ ਖਿਲਾਫ ਜਾਂਚ ਖੋਲ੍ਹੀ, ਪਰ ਉਨ੍ਹਾ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਪਤਾ ਨਹੀਂ ਕੇਸ ਕਿੱਥੇ ਹੈ। ਤ੍ਰਿਣਮੂਲ ਕਾਂਗਰਸ ਦੇ ਸੁਵੇਂਦੂ ਅਧਿਕਾਰੀ ਤੇ ਮੁਕੁਲ ਰਾਇ ਖਿਲਾਫ ਨਾਰਦਾ ਸਟਿੰਗ ਅਪ੍ਰੇਸ਼ਨ ਤੋਂ ਬਾਅਦ ਜਾਂਚ ਖੋਲ੍ਹੀ ਗਈ। ਦੋਨੋਂ ਭਾਜਪਾ ਵਿਚ ਸ਼ਾਮਲ ਹੋ ਗਏ। ਰਾਇ ਤ੍ਰਿਣਮੂਲ ਵਿਚ ਪਰਤ ਆਏ ਹਨ। ਪਰ ਅਧਿਕਾਰੀ ਵਿਰੁੱਧ ਜਾਂਚ ਦਾ ਪਤਾ ਨਹੀਂ ਕਿੱਥੇ ਪੁੱਜੀ। ਈ ਡੀ ਨੇ ਸੋਨੀਆ ਗਾਂਧੀ, ਰਾਹੁਲ ਗਾਂਧੀ, ਪੀ ਚਿਦੰਬਰਮ ਤੇ ਉਨ੍ਹਾ ਦੇ ਬੇਟੇ ਕਾਰਤੀ ਖਿਲਾਫ ਵੀ ਪੜਤਾਲਾਂ ਖੋਲ੍ਹੀਆਂ ਹੋਈਆਂ ਹਨ। ਈ ਡੀ ਭਾਜਪਾ ਦੀ ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ, ਜਿਨ੍ਹਾ ਦੀ ਹਾਈਕਮਾਨ ਨਾਲ ਬਣਦੀ ਨਹੀਂ, ਦੇ ਪੁੱਤਰ ਦੁਸ਼ਯੰਤ ਸਿੰਘ ਸਣੇ ਸਿਰਫ 5 ਭਾਜਪਾ ਆਗੂਆਂ ਵਿਰੁੱਧ ਜਾਂਚ ਕਰ ਰਹੀ ਹੈ।

### 'ਇੰਡੀਆ' ਨਾਲ ਮਿਲ ਕੇ...

ਕਰਾਰ ਦਿੱਤਾ। ਅਰਵਿੰਦ ਕੇਜਰੀਵਾਲ ਦੇ ਪਰਵਾਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਦਿੱਲੀ 'ਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਪ੍ਰਧਾਨ ਨੇ ਕਿਹਾ ਕਿ ਏਜੰਸੀਆਂ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਜੇਕਰ ਕੋਈ ਵਿਰੋਧੀ ਧਿਰ ਦਾ ਨੇਤਾ ਭਾਜਪਾ ਦੇ ਅੱਤਿਆਚਾਰਾਂ ਵਿਰੁੱਧ ਬੋਲਦਾ ਹੈ ਤਾਂ ਈ ਡੀ, ਸੀ ਬੀ ਆਈ ਅਤੇ ਇਨਕਮ ਟੈਕਸ ਵਿਭਾਗ ਉਸ ਦੇ ਘਰ ਆ ਜਾਂਦਾ ਹੈ।

ਦੇਸ਼ ਦੀ ਮੌਜੂਦਾ ਸਥਿਤੀ ਅਣਐਲਾਨੀ ਐਮਰਜੈਂਸੀ ਵਰਗੀ ਹੈ। ਉਹ ਚਾਹੁੰਦੇ ਹਨ ਕਿ ਕੋਈ ਵੀ ਵਿਰੋਧੀ ਨੇਤਾ ਇਨ੍ਹਾਂ ਚੋਣਾਂ ਵਿਚ ਪ੍ਰਚਾਰ ਨਾ ਕਰ ਸਕੇ ਅਤੇ ਇਕ ਵਾਰ ਫਿਰ ਸੱਤਾ ਖੋਹਣਾ ਚਾਹੁੰਦੇ ਹਨ। ਉਹ ਤਾਨਾਸ਼ਾਹੀ ਦੇ ਰਾਹ 'ਤੇ ਚੱਲ ਰਹੇ ਹਨ। ਕੇਜਰੀਵਾਲ ਇੱਕ ਦੇਸ਼ ਭਗਤ ਵਿਅਕਤੀ ਹਨ, ਜੇਕਰ ਉਹ ਸਿਰਫ ਪੈਸਾ ਕਮਾਉਣਾ ਚਾਹੁੰਦੇ, ਤਾਂ ਉਹ ਇੱਕ ਆਈ ਆਰ ਐੱਸ ਅਫਸਰ ਸਨ ਅਤੇ ਉਨ੍ਹਾ ਦੀ ਪਤਨੀ ਵੀ ਆਈ ਆਰ ਐੱਸ ਕਮਿਸ਼ਨਰ ਹੈ।

ਮਾਨ ਨੇ ਕਿਹਾ ਕਿ ਪਹਿਲਾਂ ਮੈਂ ਅਰਵਿੰਦ ਕੇਜਰੀਵਾਲ ਨਾਲ 'ਇੰਡੀਆ' ਗਠਜੋੜ ਦੀਆਂ ਸਾਰੀਆਂ ਮੀਟਿੰਗਾਂ ਵਿੱਚ ਜਾਂਦਾ ਸੀ, ਚਾਹੇ ਉਹ ਬੈਂਗਲੁਰੂ, ਪਟਨਾ ਜਾਂ ਹੋਰ ਕਿਤੇ ਵੀ ਹੋਵੇ। ਹੁਣ ਮੈਂ ਵੀ ਇੰਡੀਆ ਅਲਾਇੰਸ ਦੀਆਂ ਮੀਟਿੰਗਾਂ ਵਿੱਚ ਜਾਵਾਂਗਾ। ਇਹ ਸਿਰਫ ਅਰਵਿੰਦ ਕੇਜਰੀਵਾਲ ਦਾ ਮਾਮਲਾ ਨਹੀਂ, ਇਹ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਦਾ ਮਾਮਲਾ ਹੈ।

ਕੇਜਰੀਵਾਲ ਦਾ ਪਰਵਾਰ ਮਜ਼ਬੂਤ ਅਤੇ ਦਲੇਰ ਹੈ। ਇਹ ਪਹਿਲੀ ਵਾਰ ਨਹੀਂ, ਜਦੋਂ ਅਰਵਿੰਦ ਕੇਜਰੀਵਾਲ ਦੀ ਪਤਨੀ ਨੂੰ ਅਜਿਹਾ ਅਨੁਭਵ ਹੋ ਰਿਹਾ ਹੈ। ਜਦੋਂ ਉਹ ਜੇਲ੍ਹ ਗਏ ਸਨ ਤਾਂ ਉਹ ਅੰਦੋਲਨ ਦੌਰਾਨ ਉਨ੍ਹਾ ਦੇ ਨਾਲ ਸੀ।

### ਉੱਘੇ ਪੱਤਰਕਾਰ ਜ਼ਫਰ...

ਸਿਆਸਤ ਨਾਲ ਖੜ੍ਹੇ। ਉਨ੍ਹਾ ਪੱਤਰਕਾਰੀ ਦਾ ਸਫਰ 1979 ਵਿਚ ਲਿੰਕ ਮੈਗਜ਼ੀਨ ਤੋਂ ਸ਼ੁਰੂ ਕੀਤਾ ਸੀ। ਉਹ ਆਪਣੇ ਪਿੱਛੇ ਪੁੱਤਰ ਮੂਨੀਸ਼ ਛੱਡ ਗਏ ਹਨ। ਆਗਾ ਨੇ 45 ਸਾਲਾਂ ਦੇ ਪੱਤਰਕਾਰੀ ਸਫਰ ਦੌਰਾਨ ਇੰਗਲਿਸ਼ ਅਖਬਾਰ ਦੀ ਪੈਟਰੀਆਟ, ਬਿਜ਼ਨੈਸ ਐਂਡ ਪੋਲੀਟੀਕਲ ਅਬਜ਼ਰਵਰ, ਇੰਡੀਆ ਟੂਡੇ, ਈ ਟੀ ਵੀ ਤੇ ਇਨਕਲਾਬ ਡੇਲੀ ਵਿਚ ਵੀ ਕੰਮ ਕੀਤਾ। ਆਖਰੀ ਦੌਰ ਵਿਚ ਉਹ ਪਹਿਲਾਂ ਉਰਦੂ ਅਖਬਾਰ ਕੌਮੀ ਆਵਾਜ਼ ਦੇ ਐਡੀਟਰ ਬਣੇ ਤੇ ਫਿਰ ਨੈਸ਼ਨਲ ਹੇਰਾਲਡ ਦੇ ਐਡੀਟਰ-ਇਨ-ਚੀਫ। ਉਹ ਨੈਸ਼ਨਲ ਕਮਿਸ਼ਨ ਫਾਰ ਮਿਨੋਰਿਟੀ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਦੇ ਚੇਅਰਪਰਸਨ ਵੀ ਰਹੇ।

### ਖੱਬੀਆਂ ਪਾਰਟੀਆਂ...

ਸਕੱਤਰ ਬੰਤ ਸਿੰਘ ਬਰਾੜ, ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਏਟਕ ਪੰਜਾਬ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ , ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸੰਬੋਧਨ ਕਰਨਗੇ। ਇਸ ਮੌਕੇ ਸਿਰਜਣਾ ਆਰਟ ਗਰੁੱਪ ਰਾਏਕੋਟ ਵੱਲੋਂ ਨਾਟਕ 'ਭਗਤ ਸਿੰਘ ਤੂੰ ਜ਼ਿੰਦਾ ਹੈ' ਖੇਡਿਆ ਜਾਵੇਗਾ।


**SMFG INDIA CREDIT COMPANY LIMITED**
(Formerly Fullerton India Credit Company Limited)
Corporate Office: 10th Floor, Office No. 101,102 & 103, 2 North Avenue, Maker Maxity, Bandra Kurla Complex, Bandra (E), Mumbai - 400051

SMFG IndiaCredit

**ਡਿਮਾਂਡ ਨੋਟਿਸ**

ਦਾ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ('ਦਾ ਐਕਟ') ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ('ਦਾ ਰੂਲਜ਼') ਦੀਆਂ ਵਿਵਸਥਾਵਾਂ ਤਹਿਤ

ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕਰੈਡਿਟ ਕੰਪਨੀ ਲਿਮ:) (ਐੱਸ ਐੱਮ ਐੱਫ ਜੀ ਆਈ ਸੀ ਸੀ ਐੱਲ) ਦੇ ਅਧਿਕਾਰਤ ਅਫਸਰ ਵਜੋਂ ਐਕਟ ਅਧੀਨ ਅਤੇ ਐਕਟ ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਸੰਬੰਧਤ ਨੋਟਿਸਾਂ 'ਚ ਦਰਸਾਈ ਗਈ ਰਕਮ ਨੋਟਿਸ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਸੈਕਸ਼ਨ, 13 (2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਨਿਮਨਹਸਤਾਖਰੀ ਨੂੰ ਵਾਜਬ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ ਡਿਮਾਂਡ ਨੋਟਿਸਾਂ ਦੀ ਤਾਮੀਲ ਟਾਲ ਰਹੇ ਹਨ, ਇਸ ਲਈ ਨਿਯਮਾਂ ਅਨੁਸਾਰ ਨੋਟਿਸ ਚਿਪਕਾ ਕੇ ਅਤੇ ਪ੍ਰਕਾਸ਼ਤ ਕਰਕੇ ਤਾਮੀਲ ਕਰਵਾਈ ਜਾ ਰਹੀ ਹੈ। ਡਿਮਾਂਡ ਨੋਟਿਸ ਦੀ ਵਿਸ਼ਾ ਸੂਚੀ ਹੇਠਾਂ ਦਰਸਾਈ ਜਾ ਰਹੀ ਹੈ :

| ਕਰਜ਼ਦਾਰਾਂ ਦੇ ਨਾਂਅ | ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ | ਅਚੱਲ ਜਾਇਦਾਦ/ਗਹਿਣੇ ਰੱਖੀਆਂ ਜਾਇਦਾਦਾਂ ਦਾ ਵੇਰਵਾ |
| --- | --- | --- |
| 1. ਨਿਊ ਪਾਪੂਲਰ ਟੈਂਪੋ ਯੂਨੀਅਨ<br>2. ਗੁਰਮੀਤ ਸਿੰਘ<br>3. ਵਰਿੰਦਰਜੀਤ ਕੌਰ | 18 ਮਾਰਚ 2024 ਰੁਪਏ 76,85,026.46/- (ਛਿਹੱਤਰ ਲੱਖ ਪਚਾਸੀ ਹਜ਼ਾਰ ਛੱਬੀ ਰੁਪਏ ਅਤੇ ਛਿਆਲੀ ਪੈਸੇ ਕੇਵਲ) 21 ਫਰਵਰੀ 2024 ਨੂੰ | ਜਾਇਦਾਦ ਮਕਾਨ ਨੰ. ਬੀ-23-2789/2, ਜਾਇਦਾਦ ਰਕਬਾ 150 ਵਰਗ ਗਜ਼ ਪਿੰਡ ਸ਼ੇਰਪੁਰ ਕਲਾਂ, ਫੋਕਲ ਪੁਆਇੰਟ ਅਬਾਦੀ ਵਜੋਂ ਜਾਣੀ ਜਾਂਦੀ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਸੜਕ ਬਾਹੀ 12'-6", ਪੱਛਮ : ਸੋਹਣ ਸਿੰਘ ਬਾਹੀ 25', ਉੱਤਰ : ਸੋਹਣ ਸਿੰਘ ਬਾਹੀ 70'+20', ਦੱਖਣ : ਕਿਸ਼ਨ ਲਾਲ ਬਾਹੀ 90' |

ਕਰਜ਼ਦਾਰਾਂ ਨੂੰ ਨੋਟਿਸਾਂ ਦੀ ਪਾਲਣਾ ਅਤੇ ਉਹਨਾਂ 'ਚ ਅਤੇ ਇੱਥੇ ਉੱਪਰ ਦਰਸਾਈ ਰਕਮ ਸਮੇਤ ਮੁਕੰਮਲ ਰਕਮ ਦੀ ਅਦਾਇਗੀ ਦੀ ਮਿਤੀ ਤੱਕ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜਿਜ਼, ਲਾਗਤ ਅਤੇ ਖਰਚੇ ਦੇ ਇਸ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਕਰਜ਼ਦਾਰ ਧਿਆਨ ਦੇਣ ਕਿ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਇੱਕ ਸਕਿਉਰਡ ਕ੍ਰੈਡਿਟਰ ਹੈ ਅਤੇ ਕਰਜ਼ਦਾਰ ਵੱਲੋਂ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਕਰਜ਼ਦਾਰ ਵੱਲੋਂ ਗਹਿਣੇ ਰੱਖੀਆਂ ਜਾਇਦਾਦਾਂ ਜੋ ਸਕਿਉਰਡ ਐੱਸਟ ਹੈ, ਵਿਰੁੱਧ ਸਕਿਉਰਡ ਡੈਬਿਟ ਹੈ। ਜੇਕਰ ਕਰਜ਼ਦਾਰ ਨਿਰਧਾਰਤ ਸਮੇਂ ਅੰਦਰ ਸਾਰੀਆਂ ਦੇਣਦਾਰੀਆਂ ਦਾ ਨਿਪਟਾਰਾ ਕਰਨ 'ਚ ਅਸਫਲ ਰਹਿੰਦਾ ਹੈ, ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਸਕਿਉਰਡ ਐੱਸਟਸ ਦਾ ਕਬਜ਼ਾ ਲੈਣ ਸਮੇਤ ਇਸ ਨੂੰ ਵਿੱਕਰੀ ਰਾਹੀਂ ਤਬਾਦਲਾ ਜਾਂ ਐਕਟ ਅਤੇ ਨਿਯਮਾਂ ਤਹਿਤ ਉਪਲੱਬਧ ਹੋਰ ਉਪਾਅ ਰਕਮ ਦੀ ਵਸੂਲੀ ਲਈ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ। ਐੱਸ ਐੱਮ ਐੱਫ ਇੰਡੀਆ ਕ੍ਰੈਡਿਟ ਵਿਕਰੀ ਜਾਂ ਤਬਾਦਲਾ ਅਧਿਕਾਰ ਲਾਗੂ ਕਰਨ ਤੋਂ ਪਹਿਲਾਂ ਸਕਿਉਰਡ ਐੱਸਟਸ ਨੂੰ ਅਟੈਚ/ਜਾਂ ਸੀਲ ਕਰਨ ਦਾ ਵੀ ਹੱਕਦਾਰ ਹੈ। ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਨੂੰ ਗਹਿਣੇ ਰੱਖੀਆਂ ਜਾਇਦਾਦਾਂ ਦੀ ਵਿਕਰੀ ਕਰਨ 'ਤੇ ਬਕਾਇਆ ਅਦਾਇਗੀ ਮੁਕੰਮਲ ਪ੍ਰਾਪਤ ਨਹੀਂ ਹੁੰਦੀ ਤਾਂ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਬਕਾਇਆ ਵਸੂਲਣ ਲਈ ਵੱਖਰੀ ਕਾਨੂੰਨੀ ਕਾਰਵਾਈ ਕਰਨ ਦਾ ਵੀ ਅਧਿਕਾਰ ਰੱਖਦਾ ਹੈ। ਇਹ ਉਪਾਅ ਐੱਸ ਐੱਮ ਐੱਫ ਜੀ ਇੰਡੀਆ ਕਰੈਡਿਟ ਨੂੰ ਕਿਸੇ ਹੋਰ ਕਾਨੂੰਨ ਅਧੀਨ ਪ੍ਰਾਪਤ ਹੋਰ ਉਪਾਵਾਂ ਤੋਂ ਵਾਧੂ ਅਤੇ ਅਜ਼ਾਦਾਨਾ ਹੈ। ਉਪਲੱਬਧ ਸਮੇਂ 'ਚ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 (8) ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਅਤੇ ਅੱਗੇ ਐਕਟ ਦੇ ਸੈਕਸ਼ਨ 13 (13), ਜਿਸ ਰਾਹੀਂ ਕਰਜ਼ਦਾਰਾਂ 'ਤੇ ਕਿਸੇ ਵੀ ਸਕਿਉਰਡ ਐੱਸਟਸ ਦੀ ਸੌਦੇਬਾਜ਼ੀ, ਵਿਕਰੀ ਰਾਹੀਂ ਤਬਾਦਲਾ ਕਰਨ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ (ਕਾਰੋਬਾਰ ਦੇ ਆਮ ਤਰੀਕੇ ਤੋਂ ਇਲਾਵਾ), ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਨਿਪਟਾਰਾ ਕਰਨ 'ਤੇ ਪਾਬੰਦੀ/ਬੰਦਿਸ਼ ਹੈ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਐਕਟ ਦੇ ਸੈਕਸ਼ਨ 29 ਤਹਿਤ ਦੰਡਯੋਗ ਜੁਰਮ ਹੈ। ਡਿਮਾਂਡ ਨੋਟਿਸ ਦੀ ਨਕਲ ਨਿਮਨਹਸਤਾਖਰੀ ਕੋਲ ਉਪਲੱਬਧ ਹੈ ਅਤੇ ਕਰਜ਼ਦਾਰ, ਜੇਕਰ ਚਾਹੁਣ ਤਾਂ ਇਹ ਨਿਮਨਹਸਤਾਖਰੀ ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਦੇ ਨਿਯਤ ਸਮੇਂ ਅੰਦਰ ਪ੍ਰਾਪਤ ਕਰ ਸਕਦੇ ਹਨ।

ਮਿਤੀ : 23.03.2024
ਸਥਾਨ : ਪੰਜਾਬ

ਸਹੀ/- ਅਧਿਕਾਰਤ ਅਫਸਰ
ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ:
(ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮ:)



RELIANCE Asset Reconstruction

11ਵੀਂ ਮੰਜ਼ਲ, ਨਾਰਥ ਸਾਈਡ, ਆਰ.ਟੈੱਕ ਪਾਰਕ ਵੈਸਟਰਨ ਐਕਸਪ੍ਰੈੱਸ ਹਾਈਵੇ, ਗੋਰੇਗਾਉਂ (ਈਸਟ) ਮੁੰਬਈ-400063

**ਕਬਜ਼ਾ ਨੋਟਿਸ**
(ਅਚੱਲ ਜਾਇਦਾਦਾਂ ਵਾਸਤੇ)

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਨੋਟਿਸ ਦਿੱਤੇ ਜਾਂਦੇ ਹਨ ਕਿ ਹੇਠਾਂ ਦਰਸਾਈ ਸਾਰਣੀ 'ਚ ਦੱਸੀਆਂ ਮਿਤੀਆਂ 'ਤੇ ਜਾਰੀ ਕੀਤੇ ਗਏ ਡਿਮਾਂਡ ਨੋਟਿਸਾਂ ਅਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋ 60 ਦਿਨਾਂ ਦੇ ਅੰਦਰ ਰਕਮ ਵਾਪਸ ਮੋੜਨ ਦਾ ਸੱਦਾ ਦਿੱਤਾ ਗਿਆ ਸੀ। ਕਰਜ਼ਦਾਰ ਅਤੇ ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਸਾਰਣੀ 'ਚ ਹੇਠਾਂ ਦਰਸਾਈ ਮਿਤੀ 'ਤੇ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦਾਂ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਦੀ ਰਕਮ ਅਤੇ ਇਸ ਉਪਰ ਵਿਆਜ ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਛੁਡਾਉਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ | ਟਰੱਸਟੀ ਵਜੋਂ ਕੰਮ ਕਰ ਰਹੀ / ਇਕਰਾਰਨਾਮੇ ਦੀ ਮਿਤੀ | ਬਕਾਇਆ ਰਕਮ |
| --- | --- | --- | --- | --- | --- |
| 1 | 1. ਮੈਸ: ਸਵਾਸਤਿਕਾ ਨਿਟਿੰਗ ਐਂਡ ਸਪਿਨਿੰਗ ਮਿੱਲਜ਼ (ਰਾਹੀਂ ਇਸ ਦੇ ਭਾਈਵਾਲ) 2. ਸਵਰਗੀ ਜਗੀਰੀ ਰਾਜ ਸਹਨਨ (ਇਸ ਦੇ ਕਾਨੂੰਨੀ ਵਾਰਸਾਂ ਰਾਹੀਂ) (ਏ) : ਸ੍ਰੀਮਤੀ ਸ਼ਸ਼ੀ ਸਾਗਰ ਪਤਨੀ ਸਵ. ਕੈਲਾਸ਼ ਚੰਦ ਸਾਗਰ (ਬੀ) ਸਵ. ਕੈਲਾਸ਼ ਚੰਦ ਸਾਗਰ (ਇਸ ਦੇ ਕਾਨੂੰਨੀ ਵਾਰਸਾਂ ਰਾਹੀਂ) (i) ਸ੍ਰੀਮਤੀ ਸ਼ਸ਼ੀ ਸਾਗਰ (ii) ਸ੍ਰੀਮਤੀ ਰੁਚੀ ਸਿੰਘ, (iii) ਸ੍ਰੀਮਤੀ ਰੀਨਾ ਭੱਲਾ (iv) ਕੁਮਾਰੀ ਦੀਪਤੀ ਸਾਗਰ 3. ਸ੍ਰੀ ਮਹੇਸ਼ ਸਹਨਾਨਾ, 4. ਸ੍ਰੀ ਐੱਚ ਪੀ ਟਾਂਗਰੀ, 5. ਸ੍ਰੀਮਤੀ ਸ਼ਸ਼ੀ ਸਾਗਰ, 6. ਸ੍ਰੀ ਸੁਭਾਸ਼ ਚੰਦਰ, 7. ਸ੍ਰੀ ਕ੍ਰਿਸ਼ਨ ਕ੍ਰਿਤੀ, 8. ਸ੍ਰੀ ਚਰਨਜੀਵ ਕਪੂਰ, 9. ਸ੍ਰੀ ਸੁਰਿੰਦਰ ਕੁਮਾਰ, 10. ਸ੍ਰੀਮਤੀ ਸ਼ੀਲਾ ਦੇਵੀ, 11. ਸ੍ਰੀ ਸਰਵਸ੍ਰੀ ਚਮਨ ਲਾਲ, 12. ਸ੍ਰੀ ਰਾਜ ਕੁਮਾਰ, 13. ਸ੍ਰੀ ਅਰਜੀਤ ਕੁਮਾਰ, 14. ਸ੍ਰੀ ਜਸਵੰਤ ਲਾਲ | 1. ਜ਼ਮੀਨ ਰਕਬਾ 24 ਕਨਾਲ 12 ਮਰਲਾ ਦੇ ਉਚਿਤ ਗਿਰਵੀਨਾਮੇ ਨਾਲ ਸੰਬੰਧਤ ਸਭ ਕੁਝ। ਖਸਰਾ ਨੰ. 10/20/3, 17/4/3 ਅਤੇ 5/1/2, ਖੱਤਾ ਨੰ. 74/76/ ਅਤੇ ਜ਼ਮੀਨ ਰਕਬਾ 1 ਕਨਾਲ, ਖਸਰਾ ਨੰ. 20/86, 10/16/3, 25/2, ਖੱਤਾ ਨੰ. 18/130, ਜਮ੍ਹਾਂਬੰਦੀ ਸਾਲ 1969/70, ਪਿੰਡ ਭੌਰਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਬੈਨਾਮਾ ਵਸੀਕਾ ਨੰ. 5651, ਕਿਤਾਬ ਨੰ. 1, ਜਿਲਦ ਨੰ. 262, ਸਫਾ ਨੰ. 351 ਮਿਤੀ 16.09.1974<br>2. ਜ਼ਮੀਨ ਰਕਬਾ 2 ਕਨਾਲ 12 ਮਰਲਾ ਦੇ ਉਚਿਤ ਗਿਰਵੀਨਾਮੇ ਨਾਲ ਸੰਬੰਧਤ ਸਭ ਕੁਝ। ਖਸਰਾ ਨੰ. 10/24/3, 17/4/2, 5/1/2, ਖੱਤਾ ਨੰ. 220/223, ਜਮ੍ਹਾਂਬੰਦੀ ਸਾਲ 1989/90, ਖਸਰਾ ਨੰ. 10/16/3, 25/2, ਜਮ੍ਹਾਂਬੰਦੀ ਸਾਲ 1969/70, ਪਿੰਡ ਭੌਰਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਬੈਨਾਮਾ ਵਸੀਕਾ ਨੰ. 5451, ਕਿਤਾਬ ਨੰ. 1, ਜਿਲਦ ਨੰ. 262, ਸਫਾ ਨੰ. 351, ਮਿਤੀ 16.09.1974<br>3. ਜ਼ਮੀਨ ਰਕਬਾ 3 ਕਨਾਲ 12 ਮਰਲਾ ਦੇ ਉਚਿਤ ਗਿਰਵੀਨਾਮੇ ਨਾਲ ਸੰਬੰਧਤ ਸਭ ਕੁਝ। ਖਸਰਾ ਨੰ. 10/24/3, 17/4/3, 5/1/2, 10/16/3-25/2, ਖੱਤਾ ਨੰ. 74/76, 128-130, ਜਮ੍ਹਾਂਬੰਦੀ ਸਾਲ 1969/70, ਪਿੰਡ ਭੌਰਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਬੈਨਾਮਾ ਵਸੀਕਾ ਨੰ. 5451, ਕਿਤਾਬ ਨੰ. 1, ਜਿਲਦ ਨੰ. 262, ਸਫਾ ਨੰ. 351, ਮਿਤੀ 16.09.1974<br>4. ਜ਼ਮੀਨ ਰਕਬਾ 4 ਕਨਾਲ 9 ਮਰਲੇ ਦੇ ਉਚਿਤ ਗਿਰਵੀਨਾਮੇ ਨਾਲ ਸੰਬੰਧਤ ਸਭ ਕੁਝ। ਖਸਰਾ ਨੰ. 10/16, 24-05-17-23, 17/3-4-5/1, ਖੱਤਾ ਨੰ. 15/28, ਜਮ੍ਹਾਂਬੰਦੀ ਸਾਲ 1959-60, ਪਿੰਡ ਭੌਰਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ।<br>5. ਜ਼ਮੀਨ ਰਕਬਾ 4400 ਵਰਗ ਗਜ਼ ਦੇ ਉਚਿਤ ਗਿਰਵੀਨਾਮੇ ਨਾਲ ਸੰਬੰਧਤ ਸਭ ਕੁਝ। ਖਸਰਾ ਨੰ. 10/24/2, 25/1, 17/4/2, ਖੱਤਾ ਨੰ. 252/255, ਜਮ੍ਹਾਂਬੰਦੀ ਸਾਲ 1989-90, ਪਿੰਡ ਭੌਰਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। | 20.01.2022 / 20.03.2024 | INB RARC 030 Trust / 22.03.2017 | 15.01.2022 ਨੂੰ ਰੁ. 24, 18, 59, 251.84/- (ਚੌਵੀ ਕਰੋੜ ਅਠਾਰਾਂ ਲੱਖ, ਉਨਾਹਠ ਹਜ਼ਾਰ ਦੋ ਸੌ ਇਕਵੰਜਾ ਰੁਪਏ ਅਤੇ ਚੁਰਾਸੀ ਪੈਸੇ ਕੇਵਲ) |
| 2 | 1. ਮੈਸ: ਰਾਜਾ ਆਈਸ ਫੈਕਟਰੀ (ਰਾਹੀਂ ਇਸ ਦੇ ਮਾਲਕ), 2. ਸ੍ਰੀ ਜਗਮੋਹਨ ਸਿੰਘ ਸਾਹਨੀ, 3. ਸ੍ਰੀਮਤੀ ਹਰਮਿੰਦਰ ਕੌਰ ਸਾਹਨੀ | ਰਿਹਾਇਸ਼ੀ ਮਕਾਨ ਜਾਇਦਾਦ ਮਕਾਨ ਨੰ. 6, ਗਲੀ ਨੰ. 4, ਗੁਰੂ ਨਾਨਕ ਨਗਰ ਪਟਿਆਲਾ-147001, ਸ੍ਰੀ ਜਗਮੋਹਨ ਸਿੰਘ ਸਾਹਨੀ ਅਤੇ ਸ੍ਰੀਮਤੀ ਹਰਮਿੰਦਰ ਕੌਰ ਸਾਹਨੀ ਦੀ ਮਲਕੀਅਤ ਦੇ ਉਚਿਤ ਗਿਰਵੀਨਾਮੇ ਨਾਲ ਸੰਬੰਧਤ ਸਭ ਕੁਝ। ਜ਼ਮੀਨ ਰਕਬਾ 210 ਵਰਗ ਗਜ਼ (ਅੰਦਾਜ਼ਨ 1890 ਵਰਗ ਫੁੱਟ) ਹੱਦਾਂ : ਪੂਰਬ : ਹਰਮਿੰਦਰਪਾਲ ਸਿੰਘ ਦਾ ਮਕਾਨ, ਪੱਛਮ : 20 ਫੁੱਟ ਚੌੜੀ ਸੜਕ, ਉੱਤਰ : ਅਮਰੀਕ ਸਿੰਘ ਦੀ ਜਾਇਦਾਦ, ਦੱਖਣ : ਗੁਰਦੇਵ ਸਿੰਘ ਦਾ ਮਕਾਨ। | 13.12.2022 / 19.03.2024 | RARC 052 (IB Retail) Trust / 28.09.2018 | 30.11.2022 ਨੂੰ ਰੁ. 37, 71, 277.8/- (ਸੈਂਤੀ ਲੱਖ ਇਕੱਤਰ ਹਜ਼ਾਰ ਦੋ ਸੌ ਸਤੱਤਰ ਰੁਪਏ ਅਤੇ ਅੱਠ ਪੈਸੇ ਕੇਵਲ) |
| 3 | 1. ਮੈਸ: ਪਲਕ ਟੈਲੀਕਾਮ (ਰਾਹੀਂ ਇਸ ਦੇ ਮਾਲਕ), 2. ਸ੍ਰੀ ਸੁਸ਼ੀਲ ਕੁਮਾਰ, 3. ਸ੍ਰੀਮਤੀ ਕੋਮਲ ਕੁਮਾਰ | ਵਪਾਰਕ ਜਾਇਦਾਦ ਰਕਬਾ 1.60 ਮਰਲਾ (ਅੰਦਾਜ਼ਨ 435 ਵਰਗ ਫੁੱਟ), ਰਾਮ ਸ਼ਰਨਮ ਕਾਲੋਨੀ, ਡਲਹੌਜੀ ਰੋਡ, ਪਿੰਡ ਭਦਰੋਆ, ਬਸਤ ਨੰ. 333, ਤਹਿਸੀਲ ਪਠਾਨਕੋਟ, ਖੇਵਟ ਨੰ. 55, ਖਤੌਨੀ ਨੰ. 130, ਖਸਰਾ ਨੰ. 9 ਆਰ/28/2/8, (3-3), 28/2/9 (38-12), 28/2/10 (8-5) ਸ੍ਰੀ ਸੁਸ਼ੀਲ ਕੁਮਾਰ ਦੀ ਮਲਕੀਅਤ ਨਾਲ ਸੰਬੰਧਤ ਸਭ ਕੁਝ। | 13.12.2022 / 21.03.2024 | RARC 052 (IB Retail) Trust / 28.09.2018 | 30.11.2022 ਨੂੰ ਰੁ. 24, 34, 695.21/- (ਚੌਵੀ ਲੱਖ ਚੌਂਤੀ ਹਜ਼ਾਰ ਛੇ ਸੌ ਪਚਾਨਵੇਂ ਰੁਪਏ ਅਤੇ ਇੱਕੀ ਪੈਸੇ ਕੇਵਲ) |

ਮਿਤੀ : 19.03.2024
ਸਥਾਨ : ਪੰਜਾਬ

ਅਧਿਕਾਰਤ ਅਫਸਰ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕੇਜਰੀਵਾਲ ਨੂੰ ਸਰੀਰਕ ਤੌਰ 'ਤੇ ਤਾਂ ਕੈਦ ਕਰ ਲਿਆ ਪਰ ਸੋਚ ਨੂੰ ਨਹੀਂ ਦਬਾ ਸਕੇਗੀ ਭਾਜਪਾ: ਰਮਨ ਬਹਿਲ



**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮਨ ਬਹਿਲ ਨੇ ਈਡੀ ਵੱਲੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਕੀਤੀ ਗ੍ਰਿਫਤਾਰੀ ਦੇ ਸਬੰਧ ਵਿਚ ਕਿਹਾ ਕਿ ਈਡੀ ਸਰਕਾਰੀ ਏਜੰਸੀ ਨਹੀਂ ਸਗੋਂ ਭਾਜਪਾ ਦੀ ਹੱਥ ਠੋਕਾ ਬਣ ਕੇ ਰਹਿ ਗਈ ਹੈ ਜਿਸ ਨੇ ਲੋਕਤੰਤਰ ਦੀਆਂ ਸ਼ਰੇਆਮ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਹਨ।ਰਮਨ ਬਹਿਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚ ਤਾਕਤ ਦਾ ਗਰੂਰ ਆ ਚੁੱਕੀ ਹੈ ਜਿਸ ਦੀ ਬੁੱਧੀ ਭ੍ਰਿਸ਼ਟ ਹੋ ਚੁੱਕੀ ਹੈ।ਇਸ ਕਾਰਨ ਉਨ੍ਹਾਂ ਵੱਲੋਂ ਅਜਿਹੀਆਂ ਗਲਤੀਆਂ ਅਤੇ ਅੱਤਿਆਚਾਰ ਕੀਤੇ ਜਾ ਰਹੇ ਹਨ ਪਰ ਭਾਜਪਾ ਅਤੇ ਨਰਿੰਦਰ ਮੋਦੀ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਸਚਾਈ ਨੂੰ ਕੁਝ ਦੇਰ ਲਈ ਦਬਾਇਆ ਤਾਂ ਜਾ ਸਕਦਾ ਹੈ, ਪਰ ਇਤਿਹਾਸ ਗਵਾ ਹੈ ਕਿ ਜਿੱਤ ਹਮੇਸ਼ਾ ਸੱਚਾਈ ਅਤੇ ਨੇਕ ਨੀਤੀਆਂ ਦੀ ਹੁੰਦੀ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਈਡੀ ਰਾਹੀਂ ਸ਼ਰੇਆਮ ਲੋਕਤੰਤਰ ਦੀਆਂ ਧੱਜੀਆਂ ਉਡਾ ਰਹੀ ਹੈ ਅਤੇ ਹੈਰਾਨੀ ਵਾਲੀ ਗੱਲ ਹੈ ਕਿ ਜਿਸ ਮਾਮਲੇ ਨੂੰ ਆਧਾਰ ਬਣਾ ਕੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਸ ਨਾਲ ਸਬੰਧਿਤ ਮਹਿਕਮਾ ਵੀ ਕੇਜਰੀਵਾਲ ਕੋਲ ਨਹੀਂ ਸੀ। ਬਹਿਲ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਭਾਜਪਾ ਆਪਣੀ ਤਾਕਤ ਦੀ ਦੁਰਵਰਤੋਂ ਕਰਕੇ ਸਰੀਰਕ ਤੌਰ 'ਤੇ ਤਾਂ ਕੈਦ ਕਰ ਸਕਦੀ ਹੈ, ਪਰ ਉਨ੍ਹਾਂ ਦੀ ਸੋਚ ਨੂੰ ਕਦੇ ਵੀ ਕੈਦ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਉਨ੍ਹਾਂ ਦੀ ਆਵਾਜ਼ ਨੂੰ ਕੋਈ ਦਬਾ ਸਕਦਾ ਹੈ। ਅੱਜ ਪੂਰੇ ਦੇਸ਼ ਅੰਦਰ ਅਰਵਿੰਦ ਕੇਜਰੀਵਾਲ ਦੇ ਹੱਕ ਵਿਚ ਲੋਕ ਹਾਅ ਦਾ ਨਾਅਰਾ ਮਾਰ ਰਹੇ ਹਨ ਅਤੇ ਦੇਸ਼ ਸਮੇਤ ਪੂਰੇ ਪੰਜਾਬ ਦੇ ਲੋਕ ਮਜ਼ਬੂਤੀ ਨਾਲ ਉਨ੍ਹਾਂ ਦਾ ਸਾਥ ਦੇਣਗੇ।ਬਹਿਲ ਨੇ ਕਿਹਾ ਕਿ ਭਾਜਪਾ ਨੂੰ ਇਸ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ ਕਿ ਅਜਿਹੀਆਂ ਵਧੀਕੀਆਂ ਕਰਕੇ ਉਹ ਚੋਣਾਂ ਜਿੱਤ ਸਕਣਗੇ, ਕਿਉਂਕਿ ਇਸ ਗ੍ਰਿਫਤਾਰੀ ਨੇ ਮੋਦੀ ਅਤੇ ਭਾਜਪਾ ਦਾ ਅਸਲ ਚਿਹਰਾ ਨੰਗਾ ਕਰ ਦਿੱਤਾ ਹੈ ਅਤੇ ਨਾਲ ਹੀ ਲੋਕ ਇਸ ਗੱਲ ਨੂੰ ਸਮਝ ਗਏ ਹਨ ਕਿ ਭਾਜਪਾ ਨੇ ਆਪਣੀ ਹਾਰ ਨੂੰ ਸਾਹਮਣੇ ਦੇਖ ਕੇ ਬੁਖਲਾਹਟ ਵਿਚ ਇਹ ਗ੍ਰਿਫਤਾਰੀ ਕੀਤੀ ਹੈ।ਬਹਿਲ ਨੇ ਕਿਹਾ ਕਿ ਅੱਜ ਹਰੇਕ ਵਰਗ ਵਿਚ ਭਾਜਪਾ ਵਿਰੁੱਧ ਰੋਸ ਦੀ ਲਹਿਰ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਲੋਕਾਂ ਦਾ ਗੁੱਸਾ ਲਾਵਾ ਬਣ ਕੇ ਫੁੱਟੇਗਾ।

# ਹਾਰ ਤੋਂ ਡਰੀ ਮੋਦੀ ਸਰਕਾਰ ਵਿਰੋਧੀਆਂ ਨੂੰ ਖਤਮ ਕਰਨ 'ਤੇ ਉਤਰੀ : ਸ਼ਮਸ਼ੇਰ ਸਿੰਘ



**ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)** ਦੇਸ਼ ਭਰ ਵਿੱਚ ਚੱਲ ਰਹੀ ਭਾਜਪਾ ਵਿਰੋਧੀ ਲਹਿਰ ਕਾਰਨ ਲੋਕ ਸਭਾ ਚੋਣਾਂ ਵਿੱਚ ਆਪਣੀ ਕਰਾਰੀ ਹਾਰ ਤੋਂ ਡਰੀ ਹੋਏ ਕੇਂਦਰ ਦੀ ਮੋਦੀ ਸਰਕਾਰ ਆਪਣੀਆਂ ਏਜੰਸੀਆਂ ਰਾਹੀਂ ਵਿਰੋਧੀਆਂ ਨੂੰ ਖਤਮ ਕਰਨ ਤੇ ਉਤਰੀ ਹੋਈ ਹੈ, ਪਰ ਬਾਵਜੂਦ ਇਸਦੇ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਈਡੀ ਵੱਲੋਂ ਗ੍ਰਿਫਤਾਰ ਕਰਨ ਦੇ ਵਿਰੋਧ ਵਿੱਚ ਕੇਂਦਰ ਸਰਕਾਰ ਦੇ ਖਿਲਾਫ ਚੰਡੀਗੜ੍ਹ ਵਿਖੇ ਹੋਣ ਵਾਲੇ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਰਵਾਨਾ ਹੋਣ ਤੋਂ ਪਹਿਲਾਂ ਗੱਲਬਾਤ ਦੌਰਾਨ ਕੀਤਾ।ਆਪ ਵਰਕਰਾਂ ਦੇ ਕਾਫਲੇ ਨਾਲ ਰਵਾਨਾ ਹੋਣ ਮੌਕੇ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਅਬ ਕੀ ਵਾਰ ਚਾਰ ਸੌ ਪਾਰ ਦਾ ਨਾਅਰਾ ਮਾਰਨ ਵਾਲੀ ਕੇਂਦਰ ਦੀ ਮੋਦੀ ਸਰਕਾਰ ਅਸਲ ਵਿੱਚ ਅਪਣੀ ਕਰਾਰੀ ਹਾਰ ਤੋਂ ਬੁਰੀ ਤਰ੍ਹਾਂ ਡਰੀ ਹੋਈ ਹੈ ਅਤੇ ਹੁਣ ਵਿਰੋਧੀ ਧਿਰਾਂ ਨੂੰ ਖਤਮ ਕਰਕੇ ਜਿੱਤ ਹਾਸਲ ਕਰਨਾ ਚਾਹੁੰਦੀ ਹੈ ਪਰ ਦੇਸ਼ ਦੇ ਲੋਕ ਅਜਿਹਾ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਪਹਿਲਾਂ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਫਰੀਜ਼ ਕਰਨੇ, ਫਿਰ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਗ੍ਰਿਫਤਾਰੀ ਤੇ ਹੁਣ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਇਹ ਸਿੱਧ ਕਰਦੀ ਹੈ ਕਿ ਮੋਦੀ ਸਰਕਾਰ ਤਾਨਾਸ਼ਾਹੀ ਤੇ ਉਤਰ ਆਈ ਹੈ ਅਤੇ ਦੇਸ਼ ਅੰਦਰ ਅਣ ਐਲਾਨੀ ਐਮਰਜੈਂਸੀ ਚੱਲ ਰਹੀ ਹੈ ਜਿਸਨੂੰ ਦੇਸ਼ ਦੇ ਲੋਕ ਬਰਦਾਸ਼ਤ ਨਹੀਂ ਕਰਨਗੇ।ਇਸ ਮੌਕੇ ਪੰਜਾਬ ਵਿਰਾਸਤ ਡਿਵੈਲਪਮੈਂਟ ਬੋਰਡ ਦੇ ਮੈਂਬਰ ਦਰਸ਼ਨ ਪਾਲ, ਐੱਸਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੂਬੇਦਾਰ ਸੁਖਦੇਵ ਰਾਜ, ਬੀਸੀ ਵਿੰਗ ਦੇ ਜ਼ਿਲ੍ਹਾ ਸਕੱਤਰ ਬਲਜੀਤ ਸਿੰਘ, ਬਲਾਕ ਪ੍ਰਧਾਨ ਪੰਕਜ ਬਹਿਰਾਮਪੁਰ, ਬਲਾਕ ਪ੍ਰਧਾਨ ਮੋਨੂੰ ਝਬਕਰਾ, ਬਲਾਕ ਪ੍ਰਧਾਨ ਗੁਰਨਾਮ ਸਿੰਘ ਪੁਰਾਣਾ ਸ਼ਾਲਾ, ਬਲਾਕ ਪ੍ਰਧਾਨ ਕਾਜਲ ਅਤੇ ਬਲਾਕ ਪ੍ਰਧਾਨ ਦੀਪਕ ਕੁਮਾਰ ਦੇ ਇਲਾਵਾ ਟਰੱਕ ਯੂਨੀਅਨ ਦੀਨਾਨਗਰ ਦੇ ਪ੍ਰਧਾਨ ਗੁਰਨਾਮ ਸਿੰਘ, ਕੁਲਦੀਪ ਸਿੰਘ ਅਤੇ ਅਜੇ ਕੁਮਾਰ ਦਬੁਰਜੀ ਵੀ ਹਾਜ਼ਰ ਸਨ।

# ਰਿਸ਼ਵਤ ਲੈਂਦਾ ਸਹਾਇਕ ਖਜ਼ਾਨਾ ਅਫਸਰ ਗ੍ਰਿਫਤਾਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਵੀਰਵਾਰ ਨੂੰ ਮੁਨੀਸ਼ ਕੁਮਾਰ, ਸਹਾਇਕ ਖਜ਼ਾਨਾ ਅਫਸਰ (ਏਟੀਓ), ਅੰਮ੍ਰਿਤਸਰ ਨੂੰ ਇੱਕ ਪੈਨਸ਼ਨ ਕੇਸ ਪਾਸ ਕਰਨ ਦੇ ਇਵਜ਼ 'ਚ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਨਰੇਸ਼ ਡੋਗਰਾ ਵਾਸੀ ਬਜ਼ਾਰ ਨਰਸਿੰਘ, ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਏਟੀਓ ਨੇ ਉਸ ਦਾ ਪੈਨਸ਼ਨ ਕੇਸ ਪਾਸ ਕਰਾਉਣ ਲਈ 20,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਵੱਲੋਂ ਟਰੈਪ ਲਗਾ ਕੇ ਦੋਸ਼ੀ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਸਬੰਧੀ ਅਗਲੇਰੀ ਕਾਰਵਾਈ ਜਾਰੀ ਹੈ।

# ਸੁੱਖਾ ਸਿੰਘ ਮਹਿਤਾਬ ਸਿੰਘ ਚੌਕ ਦਾ ਨਾਂਅ ਨਾ ਬਦਲਣ ਦੀ ਮੰਗ



**ਬਟਾਲਾ (ਤਰਲੋਕ ਬੱਗਾ)**—ਸੁੱਖਾ ਸਿੰਘ ਮਹਿਤਾਬ ਸਿੰਘ ਚੌਕ ਦਾ ਨਾਮ ਨਾ ਬਦਲਿਆ ਜਾਵੇ ਕਿਉਂਕਿ ਇਹ ਸਿੱਖ ਵਿਰਾਸਤ ਨਾਲ ਜੁੜਿਆ ਹੋਇਆ ਹੈ ਅਤੇ ਜਿਸ ਦੀ ਇਕ ਵੱਖਰੀ ਪਹਿਚਾਣ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੌਂਸਲਰ ਹਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜਲੰਧਰ ਰੋਡ, ਸਥਿਤ ਸਿੱਖ ਵਿਰਾਸਤ ਨਾਲ ਸਬੰਧਤ ਸ਼ਹੀਦ ਸੁੱਖਾ ਸਿੰਘ ਮਹਿਤਾਬ ਸਿੰਘ ਦੀ ਯਾਦਗਾਰ ਦੇ ਤੌਰ ਤੇ ਜੋ ਚੌਂਕ ਹੈ ਲੰਮੇ ਸਮੇਂ ਤੋਂ ਇਸ ਚੌਕ ਵਿੱਚ ਧਾਰਮਿਕ ਸਮਾਗਮ ਵੀ ਹੁੰਦੇ ਆਏ ਹਨ।ਸਿੱਖ ਇਤਿਹਾਸ ਨਾਲ ਸਬੰਧਤ ਵਿਰਾਸਤੀ ਚੌਕ ਦਾ ਨਾਂ ਬਦਲਣ ਸੰਬੰਧੀ ਕਨਸੋਆਂ ਨਾਲ ਸਿੱਖ ਵਿਰਾਸਤੀ ਹਲਕਿਆਂ ਵਿੱਚ ਵੱਡਾ ਰੋਸ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਚੌਕ ਦਾ ਨਾਮ ਬਦਲ ਕੇ ਘੰਟਾ ਘਰ ਚੌਕ ਰੱਖਣ ਦੀ ਕੋਝੀ ਯੋਜਨਾ ਬਣਾਈ ਜਾ ਰਹੀ ਹੈ। ਏਥੇ ਲੋੜੀਂਦੇ ਬਦਲਾਵ ਕੀਤੇ ਜਾਣ ਦੇ ਯਤਨ ਹੋ ਰਹੇ ਹਨ, ਜੋ ਕਿ ਸਿੱਖ ਵਿਰਾਸਤ ਤੇ ਇੱਕ ਹਮਲਾ ਗਰਦਾਨਿਆ ਜਾਏਗਾ। ਉਨ੍ਹਾਂ ਕਿਹਾ ਕਿ ਅਗਰ ਇਹ ਕਨਸੋਆਂ ਸਹੀ ਹਨ ਤਾਂ ਨਾ ਸਿਰਫ ਅਸੀਂ ਇਸ ਦੀ ਘੋਰ ਨਿਖੇਧੀ ਕਰਦੇ ਹਾਂ ਸਗੋਂ ਲੋੜ ਪੈਣ 'ਤੇ ਇਸ ਦਾ ਸੜਕਾਂ ਤੇ ਉਤਰ ਕੇ ਵਿਰੋਧ ਵੀ ਕੀਤਾ ਜਾਏਗਾ। ਸਮੂਹਿਕ ਸਿੱਖ ਹਲਕਿਆਂ ਨੂੰ 18ਵੀਂ ਸਦੀ ਦੇ ਮਹਾਨ ਸੂਰਬੀਰਾਂ ਦੀ ਯਾਦਗਾਰ ਖਤਮ ਕਰਨ ਦੇ ਯਤਨਾਂ ਦਾ ਖੁੱਲ ਕੇ ਵਿਰੋਧ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਚੌਕ ਦਾ ਨਾਂਅ ਨਾ ਬਦਲਿਆ ਜਾਵੇ।

# ਸਰਹੱਦ ਦੇ ਇਕ ਕਿਲੋਮੀਟਰ ਦੇ ਘੇਰੇ ਅੰਦਰ ਉੱਚੇ ਕੱਦ ਦੀਆਂ ਫਸਲਾਂ ਲਗਾਉਣ 'ਤੇ ਪੂਰਨ ਪਾਬੰਦੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਕਮਾਂਡਰ 73 ਬਟਾਲੀਅਨ ਬੀ.ਐੱਸ.ਐੱਫ. ਅਜਨਾਲਾ ਨੇ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਹੈ ਕਿ ਸਰਹੱਦ ਪਾਰ ਤੋਂ ਡਰੋਨ ਰਾਹੀ ਅਸਲਾ/ਹੀਰੋਇਨ ਵਗੈਰਾ ਦੀ ਖੇਪ ਭਾਰਤ ਵਿੱਚ ਭੇਜਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਕੁਝ ਕਿਸਾਨਾਂ ਵੱਲੋ ਅੰਤਰਰਾਸ਼ਟਰੀ ਬਾਰਡਰ ਤੋਂ ਇੱਕ ਕਿਲੋਮੀਟਰ ਦੇ ਘੇਰੇ ਅੰਦਰ ਉਚੇ ਕੱਦ ਦੇ ਬੂਟੇ ਪਾਪੂਲਰ, ਸਫੈਦੇ, ਬਗੀਚੇ, ਗੰਨਾ ਅਤੇ ਹੋਰ ਉਚੇ ਕੱਦ ਦੀਆਂ ਫਸਲਾਂ ਆਦਿ ਲਗਾਈਆਂ ਹੋਈਆਂ ਹਨ। ਇਸ ਤੋਂ ਇਲਾਵਾ ਇਸ ਘੇਰੇ ਅੰਦਰ ਉਚੀਆਂ ਇਮਾਰਤਾਂ ਦੀ ਬਣਾਈਆਂ ਜਾ ਰਹੀਆਂ ਹਨ। ਅਜਿਹਾ ਹੋਣ ਨਾਲ ਦੇਸ਼ ਵਿਰੋਧੀਆਂ ਵੱਲੋ ਘੁਸਪੈਠ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਣ ਦਾ ਵੀ ਅੰਦੇਸ਼ਾ ਬਣ ਸਕਦਾ ਹੈ। ਇਸ ਲਈ ਦੇਸ਼ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਇਸ ਸਬੰਧੀ ਜਰੂਰੀ ਕਦਮ ਉਠਾਉਣੇ ਅਤਿ ਜ਼ਰੂਰੀ ਹਨ। ਘਨਸ਼ਾਮ ਥੋਰੀ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਨੇ ਜ਼ਾਬਤਾ ਫੌਜਦਾਰੀ ਸੰਘਤਾ, 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਹੁਕਮ ਇੱਕਤਰਫਾ ਪਾਸ ਕਰਦਿਆਂ ਕਿਹਾ ਕਿ ਕੋਈ ਵੀ ਕਿਸਾਨ ਅੰਤਰਰਾਸ਼ਟਰੀ ਬਾਰਡਰ ਅਤੇ ਬਾਰਡਰ ਸੁਰੱਖਿਆ ਫੈਂਸ ਦੇ ਵਿਚ ਅਤੇ ਬਾਰਡਰ ਸੁਰੱਖਿਆ ਫੈਂਸ ਤੋਂ ਭਾਰਤੀ ਇਲਾਕੇ ਵਾਲੇ ਪਾਸੇ ਇੱਕ ਕਿਲੋਮੀਟਰ ਦੇ ਇਲਾਕੇ ਦੇ ਅੰਦਰ ਉਚੇ ਕੱਦ ਦੀਆਂ ਫਸਲਾਂ ਆਦਿ ਨਹੀ ਲਗਾਵੇਗਾ ਨਾ ਹੀ ਇਸ ਏਰੀਏ ਵਿਚ ਉਚੀਆਂ ਇਮਾਰਤਾਂ ਦੀ ਉਸਾਰੀ ਕਰੇਗਾ। ਇਹ ਹੁਕਮ ਮਿਤੀ 30-06-2024 ਤੱਕ ਲਾਗੂ ਰਹੇਗਾ।

# ਜ਼ਿਲਾ ਪ੍ਰੀਸ਼ਦ ਮੈਂਬਰ ਮੋਨੂੰ ਚੀਮਾ ਨੂੰ ਅੱਡਾ ਝਬਾਲ ਦਾ ਪ੍ਰਧਾਨ ਥਾਪਿਆ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਅੱਡਾ ਝਬਾਲ ਦੇ ਦੁਕਾਨਦਾਰਾਂ ਦੀ ਇੱਕ ਅਹਿਮ ਮੀਟਿੰਗ ਹੋਈ ਜਿਸ ਵੱਡੀ ਗਿਣਤੀ ਵਿੱਚ ਦੁਕਾਨਦਾਰ ਹਾਜ਼ਰ ਹੋਏ ਅਤੇ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਅੱਡੇ ਦਾ ਪ੍ਰਧਾਨ ਜ਼ਿਲਾ ਪ੍ਰੀਸ਼ਦ ਮੈਂਬਰ ਮੁਨੀਸ਼ ਕੁਮਾਰ ਮੋਨੂੰ ਚੀਮਾ ਨੂੰ ਇਹ ਜ਼ਿੰਮੇਵਾਰੀ ਦਿੱਤੀ ਜਾਵੇ ਜਿਸ ਤੇ ਸਾਰੇ ਦੁਕਾਨਦਾਰ ਸਹਿਮਤ ਹੋਏ ਤੇ ਮੋਨੂੰ ਚੀਮਾ ਨੂੰ ਅੱਡਾ ਝਬਾਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਮੋਨੂੰ ਚੀਮਾ ਨੇ ਕਿਹਾ ਕਿ ਦੁਕਾਨਦਾਰ ਵੀਰਾਂ ਨੇ ਜੋ ਮੈਨੂੰ ਜ਼ਿੰਮੇਵਾਰੀ ਦਿੱਤੀ ਹੈ ਮੈਂ ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ।ਇਸ ਮੌਕੇ ਪ੍ਰਧਾਨ ਮੋਨੂੰ ਚੀਮਾ ਨੇ ਕਿਹਾ ਕਿ ਹਰ ਸਾਲ ਦੀ ਤਰਾਂ ਇਸ ਵਾਰ ਵੀ ਹੋਲੀ ਦੇ ਪਵਿੱਤਰ ਤਿਉਹਾਰ ਦੇ ਸਬੰਧ ਵਿੱਚ ਅੱਡਾ ਝਬਾਲ 25 ਤੇ 26 ਮਾਰਚ (ਸੋਮਵਾਰ-ਮੰਗਲਵਾਰ) ਨੂੰ ਸੰਪੂਰਨ ਤੌਰ 'ਤੇ ਬੰਦ ਰਹੇਗਾ ਅਤੇ ਹਰ ਮਹੀਨੇ ਦੇ ਅਖੀਰਲੇ ਐਤਵਾਰ ਨੂੰ ਅੱਡਾ ਸੰਪੂਰਨ ਤੌਰ ਤੇ ਬੰਦ ਰੱਖਿਆ ਜਾਵੇਗਾ।ਇਸ ਦੀ ਉਲੰਘਣਾ ਕਰਨ ਵਾਲੇ ਨੂੰ 11 ਹਜ਼ਾਰ ਰੁਪਏ ਜੁਰਮਾਨਾ ਵੀ ਲਗਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਸਿਰਫ ਫਲਾਂ ਤੇ ਸਬਜ਼ੀਆਂ ਦੀਆਂ ਦੁਕਾਨਾਂ ਸੋਮਵਾਰ ਨੂੰ ਇੱਕ ਦਿਨ ਲਈ ਬੰਦ ਰਹਿਣਗੀਆਂ ਤਾਂ ਫਲ ਤੇ ਸਬਜ਼ੀਆਂ ਖਰਾਬ ਨਾ ਹੋਣ ਜਿਸ ਤੇ ਦੁਕਾਨਦਾਰ ਵੀਰਾਂ ਨੇ ਸਹਿਮਤੀ ਜਤਾਈ ਤੇ ਫੈਸਲੇ ਨੂੰ ਸਹੀ ਦੱਸਿਆ।ਇਸ ਮੌਕੇ ਪ੍ਰਧਾਨ ਮੋਨੂੰ ਚੀਮਾ, ਮਾਈਕਲ ਝਬਾਲ, ਮਲਿਕ ਕਲਾਥ ਹਾਊਸ, ਗੁਰਦਿਆਲ ਸਿੰਘ ਲਾਲੀ ਜਿਊਲਰਜ਼, ਜੱਜ ਜਿਊਲਰਜ਼, ਬੀ. ਐੱਸ. ਕਲਾਥ ਹਾਊਸ, ਕਾਕਾ ਕਰਿਆਨਾ ਸਟੋਰ, ਏ. ਕੇ. ਮੈਡੀਕਲ ਸਟੋਰ, ਸਾਗਰ ਸ਼ਰਮਾ, ਮਨਜਿੰਦਰ ਸਿੰਘ ਲਹਿਰੀ, ਜਪਿੰਦਰ ਸਿੰਘ ਜਪਾਨਾ, ਸੁਖਵੰਤ ਸਿੰਘ ਕੱਕਾ ਕੰਡਿਆਲਾ, ਕੰਵਲ ਟੇਲਰ, ਗੱਗੜ ਝਬਾਲ, ਤੰਨੂੰ ਝਬਾਲ, ਰਾਜੂ ਉੱਪਲ, ਲੱਕੀ ਕਰਿਆਨੇ ਵਾਲੇ, ਚੀਮਾ ਕਰਿਆਨਾ ਵਾਲੇ, ਜਮਸਤਪੁਰ ਫਰਨੀਚਰ ਵਾਲੇ, ਗੰਡੀਵਿੰਡ ਮੈਡੀਕਲ ਸਟੋਰ, ਬਾਬਾ ਫਰੂਟ ਵਾਲਾ, ਸ਼ਸ਼ੀ ਫਰੂਟ ਵਾਲਾ, ਕਸ਼ਮੀਰ ਸਿੰਘ ਟੀਟੀ, ਰਾਜੂ ਸੂਦ, ਗੰਡੀਵਿੰਡ ਜਿਊਲਰਜ਼, ਸ਼ਰਮਾ ਬੂਟ ਹਾਊਸ, ਰਾਜਦਵਿੰਦਰ ਸਿੰਘ ਰਾਜਾ ਝਬਾਲ, ਬਾਊ ਵਿਜੇ ਕਰਿਆਨੇ ਵਾਲੇ, ਮੰਨਣ ਬੁੱਕ ਡਿਪੂ, ਧਵਨ ਪੰਸਾਰੀ, ਬਿੱਟੂ ਹਲਵਾਈ, ਹੀਰਾ ਟੇਲਰ, ਲਵਲੀ ਸਵੀਟਸ ਵਾਲੇ, ਬੌਬੀ ਗਿਫਟ ਵਾਲਾ, ਸੂਰਜ ਸੂਦ, ਗਿੰਦਰ ਸਰਪੰਚ, ਗੁਰਨਾਮ ਸਿੰਘ ਛੱਲੋ, ਗੋਲਡੀ ਝਬਾਲ, ਬਿੱਟੂ ਬੂਟ ਹਾਊਸ, ਸੋਹਲ ਕਰਿਆਨਾ ਸਟੋਰ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਭੁਪਿੰਦਰ ਸਿੰਘ ਘਈ, ਬੰਟੀ ਸ਼ਰਮਾ, ਮਨਜੀਤ ਸਿੰਘ ਭੋਜੀਆਂ, ਮੁਖਤਾਰ ਸਿੰਘ ਮੋਖੀ ਅਤੇ ਵੱਡੀ ਗਿਣਤੀ ਵਿੱਚ ਅੱਡਾ ਝਬਾਲ ਦੇ ਦੁਕਾਨਦਾਰ ਹਾਜ਼ਰ ਸਨ।

# ਅਮਰਜੀਤ ਗੁਰਦਾਸਪੁਰੀ ਦੀ ਨਿੱਘੀ ਯਾਦ 'ਚ ਸੱਭਿਆਚਾਰਕ ਮੇਲਾ ਭਲਕੇ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਲੋਕ ਲਹਿਰਾਂ ਦੇ ਸਿਰਕੱਢ ਗਾਇਕ ਤੇ ਇਪਟਾ ਲਹਿਰ ਦੇ ਬਾਨੀਆਂ 'ਚੋਂ ਇੱਕ ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ ਦੇ ਪਿੰਡ ਉੱਦੋਵਾਲੀ ਕਲਾ ਤੋਂ ਪ੍ਰਸਿੱਧ ਪੰਜਾਬੀ ਲੋਕ ਗਾਇਕ ਅਮਰਜੀਤ ਸਿੰਘ ਗੁਰਦਾਸਪੁਰੀ ਕੁਝ ਸਮਾਂ ਪਹਿਲਾਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਜਾ ਬਿਰਾਜੇ ਸਨ ਤੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਹੋਏ ਪਿੰਡ ਉੱਦੋਵਾਲੀ ਕਲਾਂ ਤੇ ਉੱਦੋਵਾਲੀ ਖੁਰਦ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਸਦਕਾ 24 ਮਾਰਚ 2024 ਦਿਨ ਐਤਵਾਰ ਨੂੰ ਸਰਕਾਰੀ ਹਾਈ ਸਕੂਲ ਉੱਦੋਵਾਲੀ ਖੁਰਦ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਸੱਭਿਆਚਾਰਕ ਮੇਲਾ ਕਰਵਾਇਆ ਜਾ ਰਿਹਾ ਹੈ। ਸੱਭਿਆਚਾਰਕ ਮੇਲੇ 'ਚ ਪੰਜਾਬ ਦੇ ਨਾਮਵਰ ਕਲਾਕਾਰ ਅਮਰੀਕ ਸਿੰਘ ਗਾਜੀ ਨੰਗਲ, ਸਵਿੰਦਰ ਸਿੰਘ ਭਾਗੋਵਾਲੀਆ, ਔਜਲਾ ਬ੍ਰਦਰ, ਬਲਦੇਵ ਸਿੰਘ ਰੰਧਾਵਾ ਵੀਲਾ ਅਤੇ ਹੋਰ ਵੀ ਕਲਾਕਾਰ ਪਹੁੰਚ ਰਹੇ ਹਨ। ਇਸ ਸਬੰਧੀ ਬਲਕਾਰ ਸਿੰਘ, ਡਾ. ਬਲਵਿੰਦਰ ਸਿੰਘ, ਕਾਮਰੇਡ ਸੁਖਦੇਵ ਸਿੰਘ, ਗੁਰਮੀਤ ਸਿੰਘ ਬਾਜਵਾ, ਕਾਮਰੇਡ ਗੁਲਜ਼ਾਰ ਸਿੰਘ ਬਸੰਤਕੋਟ, ਮਾਸਟਰ ਜੋਗਿੰਦਰ ਸਿੰਘ, ਕਾਮਰੇਡ ਬਲਦੇਵ ਸਿੰਘ ਖਹਿਰਾ, ਹਰਬਿੰਦਰ ਸਿੰਘ ਸਰਪੰਚ ਉੱਦੋਵਾਲੀ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸਮੂੰਹ ਪ੍ਰਬੰਧਕਾ ਵੱਲੋਂ ਇਲਾਕੇ ਨਿਵਾਸੀਆਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਗਈ।

# 50 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ



**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**-ਸਥਾਨਕ ਪੁਲਸ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ 50 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਇਕ ਦੋਸ਼ੀ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਡੀਐੱਸਪੀ ਬਾਬਾ ਬਕਾਲਾ ਸਵਿੰਦਰਪਾਲ ਸਿੰਘ ਦੀ ਜਾਣਕਾਰੀ ਅਨੁਸਾਰ ਮੁੱਖ ਅਫਸਰ ਥਾਣਾ ਖਿਲਚੀਆਂ ਜਸਬੀਰ ਸਿੰਘ ਸਮੇਤ ਫੋਰਸ ਥਾਣਾ ਖਿਲਚੀਆਂ ਵੱਲੋਂ ਸਮੇਤ ਪੁਲਸ ਪਾਰਟੀ ਨੇ ਮੇਜਰ ਸਿੰਘ ਪੁੱਤਰ ਅਜੀਤ ਸਿੰਘ, ਵਾਸੀ ਛੱਜਲਵੱਡੀ ਨੂੰ ਕਾਬੂ ਕਰਕੇ ਉਸ ਪਾਸੋਂ 50 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਦੋਸ਼ੀ ਖਿਲਾਫ ਐਕਸਾਈਜ਼ ਐਕਟ ਕੇਸ ਦਰਜ ਕਰਕੇ ਮਾਣਯੋਗ ਐੱਸਡੀਜੇਐੱਮ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ।

ਫਾਈਲ-21 ਜਸਪਾਲ ਸਿੰਘ02

# ਘਰ-ਘਰ ਜਾ ਕੇ 'ਆਪ' ਦੀਆਂ ਨੀਤੀਆਂ ਬਾਰੇ ਜਾਣੂ ਕਰਵਾਇਆ : ਹਿੱਤਪਾਲ ਸਿੰਘ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੇ ਨਿਰਦੇਸ਼ਾਂ ਤੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਹਿੱਤਪਾਲ ਸਿੰਘ ਅਤੇ ਦਰਮੇਸ਼ ਪਾਲ ਪ੍ਰਭਾਰੀ ਨੇ ਪਿੰਡ ਨੰਗਲ ਵਿੱਚ ਡੋਰ ਤੋਂ ਡੋਰ ਜਾ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਦੀਆਂ ਨੀਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ। ਪ੍ਰਧਾਨ ਹਿੱਤਪਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਹੇਠ ਪੰਜਾਬ ਸਰਕਾਰ ਵਲੋਂ ਆਪਣੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਕਈ ਅਹਿਮ ਫੈਸਲੇ ਲੈ ਕੇ ਉਹ ਕੰਮ ਕਰ ਵਿਖਾਏ ਜੋ ਪਿੱਛਲੀਆਂ ਸਰਕਾਰਾਂ ਕਈ ਦਹਾਕਿਆਂ ਵਿੱਚ ਨਾ ਕਰਵਾ ਸਕੀਆਂ। ਉਨ੍ਹਾਂ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਜਰੀਵਾਲ ਦੀਆਂ ਨੀਤੀਆਂ ਤੋਂ ਪੰਜਾਬ ਦੇ ਲੋਕ ਖੁਸ਼ ਹਨ ਅਤੇ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇ ਵੱਡੇ ਫਰਕ ਨਾਲ 'ਆਪ' ਦੇ ਉਮੀਦਵਾਰ ਜਿੱਤਾ ਕੇ ਲੋਕ ਸਭਾ ਵਿੱਚ ਭੇਜਣਗੇ।

# ਪੁਲਸ ਨੇ ਬੀਐੱਸਐੱਫ ਨਾਲ ਮਿਲ ਕੇ ਦੀਨਾਨਗਰ 'ਚ ਫਲੈਗ ਮਾਰਚ ਕੱਢਿਆ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਵਿੱਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਸ ਨੇ ਬੀਐੱਸਐੱਫ ਨਾਲ ਮਿਲ ਕੇ ਫਲੈਗ ਮਾਰਚ ਕੱਢਿਆ।ਇਸ ਫਲੈਗ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮਾਂ ਅਤੇ ਬੀਐੱਸਐੱਫ ਦੇ ਜਵਾਨਾਂ ਨੇ ਸ਼ਮੂਲੀਅਤ ਕੀਤੀ।ਇਹ ਫਲੈਗ ਮਾਰਚ ਐੱਸਐੱਸਪੀ ਹਰੀਸ਼ ਦਾਇਮਾ ਦੀ ਰਹਿਨੁਮਾਈ ਵਿੱਚ ਬੀਐੱਸਐੱਫ ਫੋਰਸ ਦੇ ਨਾਲ ਐੱਸਪੀਡੀ ਨਵਤੇਜ ਸਿੰਘ ਸਿੱਧੂ ਅਤੇ ਦੀਨਾਨਗਰ ਥਾਣੇ ਦੇ ਡੀਐੱਸਪੀ ਤੇ ਦੀਨਾਨਗਰ ਦੀ ਸਬ ਡਿਵੀਜ਼ਨ ਦੀ ਦੇ



ਵੱਖ-ਵੱਖ ਥਾਣਿਆਂ ਦੇ ਐੱਸਐੱਚਓ ਵੀ ਹਾਜ਼ਰ ਸਨ।ਇਸ ਮੌਕੇ ਐੱਸਐੱਸਪੀ ਹਰੀਸ਼ ਦਾਯਮਾ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਫਲੈਗ ਮਾਰਚ ਕੱਢਿਆ ਗਿਆ ਹੈ।ਇਸ ਫਲੈਗ ਮਾਰਚ ਦਾ ਮੁੱਖ ਉਦੇਸ਼ ਜ਼ਿਲ੍ਹੇ ਭਰ ਵਿੱਚ ਚੋਣਾਂ ਦੌਰਾਨ ਸ਼ਾਂਤੀ ਬਣਾਈ ਰੱਖਣ ਹੈ।ਇਹ ਫਲੈਗ ਮਾਰਚ ਦੀਨਾਨਗਰ ਸ਼ਹਿਰ ਦੇ ਬਾਜ਼ਾਰਾਂ ਅਤੇ ਸ਼ਹਿਰ ਦੀਆਂ ਹੋਰ ਪ੍ਰਮੁੱਖ ਥਾਵਾਂ 'ਤੇ ਕੱਢਿਆ ਗਿਆ।ਉਨ੍ਹਾਂ ਕਿਹਾ ਕਿ ਦੀਨਾਨਗਰ ਦੇ ਲੋਕਾਂ ਦੀ ਸੁਰੱਖਿਆ ਲਈ ਪੁਲਿਸ ਪ੍ਰਸ਼ਾਸਨ ਸਰਗਰਮ ਹੈ।ਆਉਣ ਵਾਲੀਆਂ ਲੋਕ ਸਭਾ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹਨੀਆਂ ਚਾਹੀਦੀਆਂ ਹਨ।ਪੁਲਸ ਚੋਣ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਕੰਮ ਕਰੇਗੀ ਅਤੇ ਕਿਸੇ ਵੀ ਵਿਅਕਤੀ ਨੂੰ ਮਾਹੌਲ ਖ਼ਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਅਫ਼ਵਾਹ ਤੇ ਯਕੀਨ ਨਾ ਕਰਨ।ਆਪਸੀ ਭਾਈਚਾਰਾ ਕਾਇਮ ਰੱਖਿਆ ਜਾਵੇ ਅਤੇ ਲੋੜ ਪੈਣ 'ਤੇ ਪੁਲਸ ਪ੍ਰਸ਼ਾਸਨ ਨਾਲ ਸੰਪਰਕ ਕੀਤਾ ਜਾਵੇ।

# .ਫ਼ਤਿਹ ਜੰਗ ਬਾਜਵਾ ਦਾ ਭਾਜਪਾ ਦੀ ਟਿਕਟ ਤੋਂ ਗੁਰਦਾਸਪੁਰੋਂ ਚੋਣ ਲੜਨਾ ਲੱਗਭਗ ਤੈਅ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਗੁਰਦਾਸਪੁਰ ਲੋਕ ਸਭਾ ਸੀਟ ਲਈ ਭਾਜਪਾ ਦੀ ਟਿਕਟ ਤੇ ਹਲਕਾ ਕਾਦੀਆਂ ਦੇ ਸਾਬਕਾ ਵਿਧਾਇਕ ਫ਼ਤਿਹ ਜੰਗ ਸਿੰਘ ਬਾਜਵਾ ਦਾ ਚੋਣ ਲੜਨਾ ਲੱਗਭਗ ਤੈਅ ਹੋ ਗਿਆ ਹੈ। ਇਸ ਸਬੰਧ ਵਿੱਚ ਉਨ੍ਹਾਂ ਨਵੀਂ ਦਿੱਲੀ ਵਿੱਚ ਆਪਣੇ ਪੁੱਤਰ ਅਰਜੁਨ ਪ੍ਰਤਾਪ ਸਿੰਘ ਬਾਜਵਾ ਦੇ ਨਾਲ ਮਿਲ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ।ਮਿਲੀ ਜਾਣਕਾਰੀ ਮੁਤਾਬਿਕ ਉਨ੍ਹਾਂ ਨੂੰ ਇਸ ਸੀਟ ਤੇ ਚੋਣ ਲੜਨ ਲਈ ਹਰੀ ਝੰਡੀ ਵੀ ਮਿਲ ਗਈ ਹੈ।ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਉਨ੍ਹਾਂ ਦਾ ਚੋਣ ਲੜਨਾ ਲਗਭਗ ਤੈਅ ਹੋ ਗਿਆ ਹੈ।ਸ਼ਹੀਦ ਸਤਨਾਮ ਸਿੰਘ ਬਾਜਵਾ ਤਿੰਨ ਵਾਰ ਪੰਜਾਬ ਵਿਧਾਨ ਸਭਾ ਦੇ ਮੈਂਬਰ ਕੈਬਨਿਟ ਮੰਤਰੀ ਰਹਿ ਚੁੱਕੇ ਸਨ।ਉਹ ਪਹਿਲਾਂ ਅਕਾਲੀ ਦਲ ਦੀ ਟਿਕਟ ਤੇ ਵਿਧਾਇਕ ਬਣੇ ਸਨ।ਬਾਅਦ ਵਿੱਚ ਸਾਰੀ ਜ਼ਿੰਦਗੀ ਕਾਂਗਰਸ ਪਾਰਟੀ ਨਾਲ ਜੁੜੇ ਰਹੇ।ਪ੍ਰਤਾਪ ਸਿੰਘ ਬਾਜਵਾ 1976 ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਸੂਬਾਈ ਯੂਥ ਪ੍ਰਧਾਨ ਬਣੇ।ਮੌਜੂਦਾ ਸਮਾਂ ਉਹ ਕਾਦੀਆਂ ਵਿਧਾਨ ਸਭਾ ਸੀਟ ਤੋਂ ਕਾਂਗਰਸ ਪਾਰਟੀ ਦੇ ਪ੍ਰਧਾਨ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਨ।ਫ਼ਤਿਹ ਜੰਗ ਸਿੰਘ ਬਾਜਵਾ ਕਾਂਗਰਸ ਨਾਲ ਕਾਫ਼ੀ ਸਮਾਂ ਜੁੜੇ ਰਹੇ।2017 ਦੀ ਚੋਣਾਂ ਵਿੱਚ ਹਲਕਾ ਕਾਦੀਆਂ ਤੋਂ ਉਮੀਦਵਾਰ ਐਲਾਨਿਆਂ ਅਤੇ ਉਨ੍ਹਾਂ ਅਕਾਲੀ ਦਲ (ਬਾਦਲ) ਦੇ ਜਥੇਦਾਰ ਸੇਵਾ ਸਿੰਘ ਸੇਖਵਾਂ ਨੂੰ ਹਰਾ ਦਿੱਤਾ।2022 ਨੂੰ ਫ਼ਤਿਹ ਜੰਗ ਸਿੰਘ ਬਾਜਵਾ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿੰਦਿਆਂ ਭਾਜਪਾ ਵਿੱਚ ਸ਼ਮੂਲੀਅਤ ਕਰ ਲਈ। ਉਨ੍ਹਾਂ ਨੂੰ ਭਾਜਪਾ ਨੇ ਬਟਾਲਾ ਵਿਧਾਨ ਸਭਾ ਸੀਟ ਤੋਂ ਆਪਣਾ ਉਮੀਦਵਾਰ ਬਣਾਇਆ।ਇਸ ਚੋਣ ਵਿੱਚ ਉਹ ਕਾਮਯਾਬ ਨਾ ਹੋ ਸਕੇ।ਉਹ ਲਗਾਤਾਰ ਭਾਜਪਾ ਨੂੰ ਪੰਜਾਬ ਵਿੱਚ ਮਜ਼ਬੂਤ ਕਰਦਿਆਂ ਅਨੇਕ ਕਾਂਗਰਸੀ ਲੀਡਰਾਂ ਅਤੇ ਸਾਬਕਾ ਵਿਧਾਇਕਾਂ ਨੂੰ ਭਾਜਪਾ ਵਿੱਚ ਸ਼ਾਮਿਲ ਕਰਵਾਇਆ।

# ਵਿਸ਼ੇਸ਼ ਸਾਰੰਗਲ ਗੁਰਦਾਸਪੁਰ ਦੇ ਨਵੇਂ ਡਿਪਟੀ ਕਮਿਸ਼ਨਰ



**ਗੁਰਦਾਸਪੁਰ, (ਦਿਨੇਸ਼ ਕੁਮਾਰ, ਜਨਕ ਮਹਾਜਨ)**-2013 ਬੈਚ ਦੇ ਆਈਏਐੱਸ ਅਧਿਕਾਰੀ ਵਿਸ਼ੇਸ਼ ਸਾਰੰਗਲ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ ਹੈ। ਆਪਣੇ ਪਿਤਾ ਜਨਕ ਰਾਜ ਸਾਰੰਗਲ ਦੀ ਹਾਜ਼ਰੀ ਵਿੱਚ ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਨੇ ਅਧਿਕਾਰੀਆਂ ਨਾਲ ਜਾਣ-ਪਛਾਣ ਕਰਦਿਆਂ ਕਿਹਾ ਕਿ ਗੁਰਦਾਸਪੁਰ ਜ਼ਿਲ੍ਹੇ ਵਿੱਚ ਲੋਕ ਸਭਾ ਚੋਣਾਂ ਨੂੰ ਨਿਰਪੱਖ, ਸ਼ਾਂਤੀਪੂਰਵਕ ਅਤੇ ਆਜ਼ਾਦਾਨਾ ਮਾਹੌਲ ਵਿੱਚ ਨੇਪਰੇ ਚਾੜ੍ਹਨਾ ਉਨ੍ਹਾਂ ਦੀ ਪ੍ਰਮੁੱਖ ਤਰਜੀਹ ਹੋਵੇਗੀ। ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਅਤੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਨੂੰ ਤੁਰੰਤ ਹੱਲ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਐੱਸਐੱਸਪੀ ਗੁਰਦਾਸਪੁਰ ਹਰੀਸ਼ ਦਾਯਮਾ, ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ, ਐੱਸਡੀਐੱਮ ਗੁਰਦਾਸਪੁਰ ਕਰਮਜੀਤ ਸਿੰਘ, ਐੱਸਡੀਐੱਮ. ਬਟਾਲਾ ਸ਼ਾਇਰੀ ਮਲਹੋਤਰਾ, ਐੱਸਡੀਐੱਮ. ਦੀਨਾਨਗਰ ਗੁਰਦੇਵ ਸਿੰਘ ਧਾਮ, ਸਹਾਇਕ ਕਮਿਸ਼ਨਰ (ਜ) ਅਸ਼ਵਨੀ ਅਰੋੜਾ, ਐੱਸਡੀਐੱਮ. ਕਲਾਨੌਰ ਮੈਡਮ ਜਿਯੋਤਸਨਾ ਸਿੰਘ, ਐੱਸਡੀਐੱਮ ਡੇਰਾ ਬਾਬਾ ਨਾਨਕ ਹਰਦੀਪ ਸਿੰਘ, ਐੱਸਡੀਐੱਮ ਫ਼ਤਿਹਗੜ੍ਹ ਚੂੜੀਆਂ ਸੁਖਰਾਜ ਸਿੰਘ ਢਿੱਲੋਂ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# 150 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**-ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਪੁਲਸ ਵੱਲੋਂ 150 ਨਸ਼ੀਲੀਆਂ ਗੋਲੀਆਂ ਸਮੇਤ ਇਕ ਦੋਸ਼ੀ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਡੀਐੱਸਪੀ ਸਵਿੰਦਰਪਾਲ ਸਿੰਘ ਬਾਬਾ ਬਕਾਲਾ ਸਾਹਿਬ ਦੀ ਸੂਚਨਾ ਮੁਤਾਬਕ ਮੁੱਖ ਅਫਸਰ ਥਾਣਾ ਖਿਲਚੀਆਂ ਜਸਬੀਰ ਸਿੰਘ ਸਮੇਤ ਫੋਰਸ ਥਾਣਾ ਖਿਲਚੀਆਂ ਵੱਲੋਂ ਪੁਲਸ ਪਾਰਟੀ ਸਮੇਤ ਪਲਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਫੇਰੂਮਾਨ ਨੂੰ ਕਾਬੂ ਕਰਕੇ ਉਸ ਪਾਸੋਂ150 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ, ਦੋਸ਼ੀ ਖਿਲਾਫ ਐੱਨਡੀਪੀਐੱਸ ਐਕਟ ਕੇਸ ਦਰਜ ਕਰਕੇ ਮਾਣਯੋਗ ਐੱਸਡੀਜੇਐੱਮ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ।



# ਭਗਤ ਪੂਰਨ ਸਿੰਘ ਨਿਸ਼ਕਾਮ ਸੇਵਾ ਦੇ ਪੁੰਜ : ਡਿਪਟੀ ਕਮਿਸ਼ਨਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਨਿਸ਼ਕਾਮ ਸੇਵਾ ਦੇ ਪੁੰਜ ਸਨ ਅਤੇ ਉਨਾਂ ਨੇ ਆਪਣੀ ਸਾਰੀ ਜਿੰਦਗੀ ਬੇਸਹਾਰਾ ਲੋਕਾਂ ਦੀ ਭਲਾਈ ਵਿੱਚ ਗੁਜ਼ਾਰ ਦਿੱਤੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਪਿੰਗਲਵਾੜਾ, ਮਾਨਾਵਾਲਾ ਦਾ ਦੌਰਾ ਕਰਨ ਉਪਰੰਤ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੋ ਕੰਮ ਭਗਤ ਪੂਰਨ ਸਿੰਘ ਨੇ ਕੀਤਾ ਹੈ, ਉਹ ਕੰਮ ਪਰਮਾਤਾ ਤੋਂ ਇਲਾਵਾ ਹੋਰ ਕੋਈ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਬਿਨਾਂ ਨਿਰਸਵਾਰਥ ਲੋਕਾਂ ਦੀ ਸੇਵਾ ਕਰਨਾ ਹੀ ਭਗਤ ਜੀ ਦਾ ਮੁੱਖ ਉਦੇਸ਼ ਸੀ ਅਤੇ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਇਸ ਦੇਸ਼ ਦੀ ਪ੍ਰਤੀਪੂਰਤੀ ਲਈ ਲੇਖੇ ਲਾ ਦਿੱਤੀ। ਉਨ੍ਹਾਂ ਕਿਹਾ ਕਿ ਭਗਤ ਪੂਰਨ ਸਿੰਘ ਨੇ ਕਈ ਵਰ੍ਹੇ ਪਹਿਲਾਂ ਵਾਤਾਵਰਨ ਨੂੰ ਬਚਾਉਣ ਦਾ ਸੱਦਾ ਦੇ ਗਏ ਸਨ, ਪਰ ਅਸੀਂ ਉਸਨੂੰ ਗੰਭੀਰਤਾ ਨਾਲ ਨਹੀਂ ਲਿਆ। ਪਰ ਅੱਜ ਸਾਨੂੰ ਇਹ ਸੱਦਾ ਹਕੀਕਤ ਵਿੱਚ ਅਪਨਾਉਣ ਦੀ ਲੋੜ ਹੈ ਤਾਂ ਹੀ ਅਸੀਂ ਆਉਣ ਵਾਲੀ ਪੀੜ੍ਹੀਆਂ ਨੂੰ ਸੁਰੱਖਿਅਤ ਬਚਾ ਸਕਾਂਗੇ। ਉਨਾਂ ਕਿਹਾ ਕਿ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੁਨੀਆਂ ਦੀਆਂ ਮਹਾਨ ਸੰਸਥਾਵਾਂ ਵਿਚੋਂ ਇਕ ਹੈ ਅਤੇ ਇਨ੍ਹਾਂ ਵਲੋਂ ਵਾਤਾਵਰਨ ਨੂੰ ਬਚਾਉਣ ਲਈ ਲਗਾਈ ਜਾਗ ਅੱਜ ਦੀਵੇ ਬਣ ਕੇ ਲੋਅ ਦੇਣ ਲੱਗੀ ਹੈ। ਡਿਪਟੀ ਕਮਿਸ਼ਨਰ ਵਲੋਂ ਪਿੰਗਲਵਾੜੇ ਦਾ ਦੌਰਾ ਕਰਕੇ ਹਰੇਕ ਚੀਜ਼ ਨੂੰ ਬਾਰੀਕੀ ਨਾਲ ਜਾਣਿਆ। ਇਸ ਮੌਕੇ ਡਾ. ਇੰਦਰਜੀਤ ਕੌਰ ਵਲੋਂ ਡਿਪਟੀ ਕਮਿਸ਼ਨਰ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਡਾ. ਜਗਦੀਪਕ ਸਿੰਘ ਮੀਤ ਪ੍ਰਧਾਨ ਰਾਜਬੀਰ ਸਿੰਘ ਸੁਸਾਇਟੀ ਮੈਂਬਰ, ਪਰਮਿੰਦਰਜੀਤ ਸਿੰਘ ਭੱਟੀ ਪ੍ਰਸ਼ਾਸ਼ਕ, ਡਾ. ਅਮਰਜੀਤ ਸਿੰਘ, ਨਰਿੰਦਰਪਾਲ ਸਿੰਘ, ਜੈ ਸਿੰਘ, ਯੋਗੇਸ਼ ਸੂਰੀ ਵੀ ਹਾਜ਼ਰ ਸਨ।

# ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੇ ਹੋਲੇ ਮਹੱਲੇ 'ਤੇ ਫ੍ਰੀ ਮੈਡੀਕਲ ਕੈਂਪ ਲਗਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦਿਵਸ ਦੇ ਮੌਕੇ ਡਾ. ਸਾਥੀਆਂ ਵੱਲੋਂ 31ਵਾਂ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ।ਮਾਨਵ ਅਧਿਕਾਰ ਸੰਘਰਸ਼ ਕਮੇਟੀ ਇੰਡੀਆ ਦੇ ਮੈਡੀਕਲ ਸ਼ੈਲ, ਪੰਜਾਬ, ਨਿਊ ਮੈਡੀਕਲ ਪੈਕਟੀਸ਼ਨਰਜ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ 100 ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ 295 ਦੇ ਸੀਨੀਅਰ ਆਗੂਆਂ ਵੱਲੋਂ ਬਣਾਈ ਗਈ। ਮੇਲਾ ਕਮੇਟੀ ਵੱਲੋਂ ਸਚਖੰਡ ਵਾਸੀ ਬਾਬਾ ਸੁਲੱਖਣ ਸਿੰਘ ਲੋਹ ਲੰਗਰ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ 7 ਰੋਜ਼ਾ ਫ੍ਰੀ ਮੈਡੀਕਲ ਵਿੱਚ ਲੋੜਵੰਦ ਮਰੀਜ਼ਾਂ ਦਾ ਚੈੱਕਅਪ ਕੈਂਪ ਅੱਪ ਕਰਕੇ ਫ੍ਰੀ ਦਵਾਈਆਂ ਵੰਡਣ ਦੀ ਸੇਵਾ ਨਿਭਾਈ ਜਾਂ ਰਹੀ।ਕੈਂਪ ਦੇ ਤੀਸਰੇ ਦਿਨ ਦੀ ਸੇਵਾ ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ 100 ਦੇ ਸੂਬਾ ਪ੍ਰਧਾਨ ਡਾ ਤੇਜਿੰਦਰ ਸਿੰਘ ਢਿੱਲੋਂ, ਸੂਬਾ ਮੀਤ ਪ੍ਰਧਾਨ ਡਾ ਪਲਵਿੰਦਰ ਸਿੰਘ ਬਾਉ ਢਿੱਲੋਂ, ਜ਼ਿਲ੍ਹਾ ਪ੍ਰਧਾਨ ਡਾ ਗੁਰਭੇਜ ਸਿੰਘ ਢੋਟੀਆਂ, ਬਲਾਕ ਖਡੂਰ ਸਾਹਿਬ ਸਾਹਿਬ ਦੇ ਪ੍ਰਧਾਨ ਡਾ ਜਸਬੀਰ ਸਿੰਘ ਲਾਡਾਂ, ਡਾ ਹਰਜੀਤ ਸਿੰਘ ਢੋਟੀਆਂ, ਮੈਡੀਕਲ ਸੈੱਲ ਦੇ ਜ਼ਿਲ੍ਹਾ ਤਰਨ ਤਾਰਨ ਪ੍ਰਧਾਨ ਡਾ. ਸੁਖਬੀਰ ਸਿੰਘ ਕੰਡਿਆਲਾ, ਡਾ. ਮਨਜਿੰਦਰ ਸਿੰਘ ਬਾਠ, ਡਾ. ਦਲਜੀਤ ਸਿੰਘ ਜੌਹਲ, ਡਾ. ਰਾਜਿੰਦਰ ਸਿੰਘ ਸੈਣੀ, ਡਾ. ਕੁਲਦੀਪ ਸਿੰਘ, ਡਾ. ਗੋਰਖਾ, ਡਾ. ਗੁਰਬਿੰਦਰ ਸਿੰਘ ਆਦਿ ਸਾਥੀਆਂ ਸੇਵਾ ਨਿਭਾਈ ਗਈ।ਡਾ. ਢਿੱਲੋਂ ਨੇ 19 ਤੋਂ 26 ਮਾਰਚ ਤੱਕ 7,8 ਰੋਜ਼ਾ ਕੈਂਪ ਵਿੱਚ ਦਿਨ-ਰਾਤ ਅੱਠੇ ਪਹਿਰ ਕੈਂਪ ਵਿੱਚ ਲੋੜਵੰਦਾਂ ਨੂੰ ਫਸਟ ਏਡ ਰਾਹੀਂ ਦਵਾਈਆਂ ਰਾਹੀਂ ਸੇਵਾ ਨਿਭਾਉਣ ਬਦਲੇ ਡਾ. ਸੁਖਬੀਰ ਸਿੰਘ ਕੰਡਿਆਲਾ ਅਤੇ ਟੀਮ ਦੀ ਭਰਪੂਰ ਸ਼ਲਾਘਾ ਕੀਤਾ ਅਤੇ ਚੈਰਿਟੀ ਕਾਰਜਾਂ ਵਿੱਚ ਵਡਮੁੱਲਾ ਯੋਗਦਾਨ ਲਈ ਟੀਮ ਬਹੁਤ: ਬਹੁਤ ਧੰਨਵਾਦ ਕੀਤਾ ਗਿਆ।ਡਾ. ਤੇਜਿੰਦਰ ਸਿੰਘ ਢਿੱਲੋਂ ਵੱਲੋਂ ਮੌਜੂਦਾ ਮੁੱਖ ਸੇਵਾਦਾਰ ਬਾਬਾ ਦਿਲਬਾਗ ਸਿੰਘ ਵੱਲੋਂ ਸਹਿਯੋਗ ਦੇਣ ਲਈ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਟੀਸੀ ਇੰਟਰਨੈਸ਼ਨਲ ਸਕੂਲ 'ਚ ਸ਼ਹੀਦੀ ਦਿਹਾੜਾ ਮਨਾਇਆ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਸਥਾਨਕ ਟੀ. ਸੀ. ਇੰਟਰਨੈਸ਼ਨਲ ਸਕੂਲ ਬਹਿਰਾਮਪੁਰ ਰੋਡ ਵਿਖੇ ਚੇਅਰਮੈਨ ਰਵਿੰਦਰ ਸ਼ਰਮਾ ਦੀ ਅਗਵਾਈ ਵਿੱਚ ਸਰਦਾਰ ਭਗਤ ਸਿੰਘ, ਸੁਖਦੇਵ ਸਿੰਘ ਅਤੇ ਰਾਜ ਗੁਰੂ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਅਧਿਆਪਕਾਂ ਅਤੇ ਬੱਚਿਆਂ ਵਲੋਂ ਭਗਤ ਸਿੰਘ, ਸੁਖਦੇਵ ਸਿੰਘ ਅਤੇ ਰਾਜਗੁਰੂ ਦੇ ਜੀਵਨ ਨਾਲ ਸਬੰਧਤ ਵਿਚਾਰਧਾਰਾ ਅਤੇ ਆਜ਼ਾਦੀ ਸੰਗਰਾਮ ਵਿਚ ਉਹਨਾਂ ਦੇ ਪਾਏ ਯੋਗਦਾਨ ਬਾਰੇ ਵਿਚਾਰ ਚਰਚਾ ਕੀਤੀ ਗਈ ਤਾਂ ਜੋ ਬੱਚਿਆਂ ਵਿਚ ਆਪਣੇ ਟੀਚੇ ਦੀ ਪ੍ਰਾਪਤੀ ਲਈ ਜੋਸ਼ ਨਾਲ ਸਫਲ ਹੋ ਸਕਣ। ਇਸ ਮੌਕੇ ਅਧਿਆਪਕਾਂ ਵੱਲੋਂ ਬੱਚਿਆ ਨੂੰ ਦੱਸਿਆ ਗਿਆ ਕਿ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਸ਼ਹੀਦ ਭਗਤ ਸਿੰਘ. ਸੁਖਦੇਵ ਅਤੇ ਰਾਜਗੁਰੂ ਨੇ ਕਿਸ ਤਰ੍ਹਾਂ ਫਾਂਸੀ ਦੀ ਸਜ਼ਾ ਸਵੀਕਾਰ ਕੀਤੀ। ਇਸ ਮੌਕੇ ਬੱਚਿਆਂ ਵੱਲੋਂ ਸ਼ਹੀਦੀ ਨਾਲ ਸੰਬੰਧਤ ਇੱਕ ਨਾਟਕ ਵੀ ਪੇਸ ਕੀਤਾ ਗਿਆ ਅਤੇ ਆਖਿਰ ਵਿੱਚ ਇਨਕਲਾਬ ਜ਼ਿੰਦਾਬਾਦ, ਭਾਰਤ ਮਾਤਾ ਦੀ ਜੈ ਦੇ ਨਾਅਰੇ ਵੀ ਲਗਾਏ ਗਏ। ਇਸ ਮੌਕੇ ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਅਤੇ ਸਕੂਲ ਦੀ ਉਪ ਪ੍ਰਧਾਨ ਕੁਮੁਦ ਸ਼ਰਮਾ ਵੱਲੋਂ ਬੱਚਿਆਂ ਨੂੰ ਆਪਣੇ ਟੀਚੇ ਦੀ ਪ੍ਰਾਪਤੀ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਵੀ ਹਾਜ਼ਰ ਸੀ।



# ਰੋਹਿਤ ਭਾਰਦਵਾਜ ਬਣੇ ਕਾਂਗਰਸ ਵੱਲੋਂ ਸੋਸ਼ਲ ਮੀਡੀਆ ਦੇ ਜ਼ਿਲਾ ਪ੍ਰਧਾਨ

**ਕਲਾਨੌਰ, (ਮਨਦੀਪ ਕੋਹਲੀ)**-ਆ ਰਹੀਆਂ ਲੋਕ ਸਭਾ ਚੋਣਾਂ ਨੂੰ ਦੇਖਦੇ ਹੋਏ ਹਰ ਇੱਕ ਪਾਰਟੀ ਵੱਲੋਂ ਆਪਣੇ ਆਪਣੇ ਹੋਣਹਾਰ ਵਰਕਰਾਂ ਨੂੰ ਸਟੈਂਡ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਸੌਂਪ ਕੇ ਉਨ੍ਹਾਂ ਦਾ ਬਣਦਾ ਮਾਣ-ਸਨਮਾਨ ਕੀਤਾ ਜਾ ਰਿਹਾ ਹੈ। ਇਸੇ ਦੇ ਚਲਦੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਵੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲਾ ਪੱਧਰ ਤੇ ਸੋਸ਼ਲ ਮੀਡੀਆ ਇੰਚਾਰਜ ਨਿਯੁਕਤ ਕੀਤੇ ਗਏ ਹਨ.। ਕਲਾਨੌਰ ਤੋਂ ਸੁਰਿੰਦਰ ਭਾਰਦਵਾਜ ਦੇ ਸਪੁੱਤਰ ਰੋਹਿਤ ਭਾਰਦਵਾਜ ਨੂੰ ਜ਼ਿਲ੍ਹਾ ਗੁਰਦਾਸਪੁਰ ਦਾ ਸੋਸ਼ਲ ਮੀਡੀਆ ਇੰਚਾਰਜ ਬਣਾ ਦਿੱਤਾ ਗਿਆ ਹੈ, ਜਿਸ ਤੇ ਰੋਹਿਤ ਭਾਰਦਵਾਜ ਨੇ ਕਿਹਾ ਕਿ ਪਹਿਲਾਂ ਤਾਂ ਮੈਂ ਕਾਂਗਰਸ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਉਪ ਮੁੱਖ ਮੰਤਰੀ ਅਤੇ ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ, ਕਾਂਗਰਸ ਤੇ ਜਨਰਲ ਸਕੱਤਰ ਸੰਦੀਪ ਸਿੰਘ ਸੰਧੂ ਅਤੇ ਸਮੁੱਚੀ ਕਾਂਗਰਸ ਲੀਡਰਸ਼ਿਪ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੈਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ ਅਤੇ ਨਾਲ ਹੀ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਨੂੰ ਦਿੱਤੀ ਗਈ ਜ਼ਿੰਮੇਵਾਰੀ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ।



# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਮਨਾਇਆ 'ਨੈਸ਼ਨਲ ਸਾਇੰਸ ਡੇ'

**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ ਦੇ ਸਾਇੰਸ ਵਿਭਾਗਾਂ ਦੁਆਰਾ 'ਪੰਜਾਬ ਸਟੇਟ ਕਾਂਉਸਿਲ ਫਾਰ ਸਾਇੰਸ ਐਂਡ ਟੈਕਨਾਲੋਜੀ' ਦੇ ਸਹਿਯੋਗ ਨਾਲ 'ਨੈਸ਼ਨਲ ਸਾਇੰਸ ਡੇ' ਮਨਾਇਆ ਗਿਆ । ਜਿਸਦਾ ਵਿਸ਼ਾ ਸੀ: 'ਇੰਡੀਜੀਨੀਅਸ ਟੈਕਨੋਲੋਜੀ ਫਾਰ ਵਿਕਸਤ ਭਾਰਤ'। ਸਮਾਗਮ ਵਿੱਚ ਮੁੱਖ ਮਹਿਮਾਨ ਤੇ ਮੁੱਖ ਵਕਤਾ ਵਜੋਂ ਡਾ. ਅਨੁਪਮ ਕੌਰ, ਪ੍ਰੋਫੈਸਰ ਹਿਊਮਨ ਜੈਨਿਟਿਕਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸ਼ਾਮਲ ਹੋਏ । ਉਨ੍ਹਾਂ ਦਾ ਸੁਆਗਤ ਪ੍ਰਿੰਸੀਪਲ ਡਾ. ਜਸਪਾਲ ਸਿੰਘ ਅਤੇ ਸਾਇੰਸ ਵਿਭਾਗਾਂ ਦੇ ਮੁਖੀ ਦੁਆਰਾ ਗੁਲਦਸਤੇ ਦੇ ਕੇ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਸਾਇੰਸ ਦੇ ਮਨੁੱਖੀ ਜੀਵਨ ਵਿੱਚ ਮਹੱਤਵ ਬਾਰੇ ਆਪਣੇ ਵਿਚਾਰ ਪ੍ਰਸਤੁਤ ਕੀਤੇ । ਉਹਨਾਂ ਕਿਹਾ ਕਿ ਵਿਗਿਆਨ ਦੇ ਸਦਕਾ ਹੀ ਅਜੋਕਾ ਵਿਸ਼ਵ ਵਿਕਸਿਤ ਦਿਖ ਰਿਹਾ ਹੈ।। ਉਹਨਾਂ ਕਿਹਾ ਕਿ ਵਿਦਿਆਰਥੀ ਨੂੰ ਵਿਗਿਆਨ ਦੇ ਖੇਤਰ ਵਿੱਚ ਖੋਜ ਤੇ ਅਧਿਐਨ ਵੱਲ ਰੁਚਿਤ ਹੁੰਦੇ ਹੋਏ । ਵਿਗਿਆਨਕ ਨਜ਼ਰੀਏ ਨਾਲ ਜੀਵਨ ਵਿੱਚ ਵਿਚਰਨਾ ਚਾਹੀਦਾ ਹੈ। ਇਸ ਮੌਕੇ ਮੁੱਖ ਮਹਿਮਾਨ ਤੇ ਮੁੱਖ ਵਕਤਾ ਡਾ. ਅਨੁਪਮ ਕੌਰ ਨੇ ਸਾਇੰਸ ਦਿਵਸ ਮਨਾਉਣ ਦੀ ਮਹੱਹਤਾ ਸੰਬੰਧੀ ਵਿਚਾਰ ਪ੍ਰਗਟ ਕੀਤੇ । ਉਨ੍ਹਾਂ ਆਪਣੇ ਭਾਸ਼ਣ ਵਿਚ ਨਵ-ਜੰਮੇ ਬੱਚਿਆਂ ਦੀ ਸਕਰੀਨਿੰਗ ਅਤੇ ਵੱਖ-ਵੱਖ ਜੈਨੇਟਿਕ ਡਿਸਆਰਡਰ ਬਾਰੇ ਗੱਲ ਕੀਤੀ। ਉਨ੍ਹਾਂ ਸਾਡੀਆਂ ਪੀੜ੍ਹੀਆਂ ਨੂੰ ਵੱਖ-ਵੱਖ ਖਾਨਦਾਨੀ ਬਿਮਾਰੀਆਂ ਤੋਂ ਬਚਾਉਣ ਲਈ ਆਪਣੀ ਜੀਵਨ ਸ਼ੈਲੀ ਨੂੰ ਬਦਲਣ ਲਈ ਵੱਖ-ਵੱਖ ਚੀਜਾਂ 'ਤੇ ਵੀ ਜੋਰ ਦਿੱਤਾ । ਸਮਾਗਮ ਵਿੱਚ ਵੱਖ-ਵੱਖ ਕਾਲਜਾਂ ਦੇ 125 ਵਿਦਿਆਰਥੀਆਂ ਨੇ ਭਾਗ ਲਿਆ । ਇਸ ਮੌਕੇ ਵਿਦਿਆਥੀਆਂ ਵਿਚਕਾਰ ਅੰਤਰ ਕਾਲਜ ਸਲੋਗਨ ਰਾਈਟਿੰਗ, ਪਾਵਰ ਪੁਆਇੰਟ ਪ੍ਰਜੈਟੇਸ਼ਨ, ਰੰਗੋਲੀ, ਬੇਸਟ ਆਊਟ ਆਫ ਵੇਸਟ ਤੇ ਪੋਸਟਰ ਪ੍ਰੈਜੰਟੇਸ਼ਨ ਮੁਕਾਬਲੇ ਵੀ ਕਰਵਾਏ ਗਏ।। ਜਿਸ ਵਿੱਚ ਸਲੋਗਨ ਰਾਈਟਿੰਗ ਮੁਕਾਬਲੇ ਵਿਚ ਪਹਿਲਾ ਅਤੇ ਦੂਜਾ ਸਥਾਨ ਸਰਕਾਰੀ ਕਾਲਜ ਆਫ ਐਜੂਕੇਸ਼ਨ ਜਲੰਧਰ, ਤੀਜਾ ਸਥਾਨ: ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਤੇ ਸੀ.ਟੀ. ਗਰੁੱਪ ਆਫ ਇੰਸਟੀਚਿਊਟ ਜਲੰਧਰ, ਰੰਗੋਲੀ ਵਿਚ ਪਹਿਲਾ ਸਰਕਾਰੀ ਕਾਲਜ ਆਫ ਐਜੂਕੇਸ਼ਨ, ਦੂਜਾ ਸਥਾਨ ਸੀ.ਟੀ. ਗਰੁੱਪ ਆਫ ਇੰਸਟੀਚਿਊਟ ਜਲੰਧਰ ਅਤੇ ਤੀਜਾ ਸਥਾਨ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਤੇ ਸਰਕਾਰੀ ਕਾਲਜ ਆਫ ਐਜੂਕੇਸ਼ਨ, ਪੋਸਟਰ ਪ੍ਰੈਜੰਟੇਸ਼ਨ ਮੁਕਾਬਲੇ ਵਿਚ ਪਹਿਲਾ ਸਥਾਨ ਕਮਲਾ ਨਹਿਰੂ ਕਾਲਜ ਫਗਵਾੜਾ, ਦੂਜਾ ਸਥਾਨ ਐਸ.ਡੀ. ਕਾਲਜ ਜਲੰਧਰ ਅਤੇ ਤੀਜਾ ਸਥਾਨ ਐਚ.ਐਮ.ਵੀ. ਕਾਲਜ ਜਲੰਧਰ ਅਤੇ ਸਰਕਾਰੀ ਕਾਲਜ ਆਫ ਐਜੂਕੇਸ਼ਨ ਜਲੰਧਰ; ਬਸਟ ਆਊਟ ਆਫ ਵੇਸਟ ਇੰਵਟ ਵਿਚ ਪਹਿਲਾ ਸਥਾਨ ਕਮਲਾ ਨਹਿਰੂ ਕਾਲਜ ਫਗਵਾੜਾ, ਦੂਜਾ ਸਥਾਨ ਕੇ.ਐਮ.ਵੀ. ਜਲੰਧਰ ਅਤੇ ਕਮਲਾ ਨਹਿਰੂ ਕਾਲਜ ਫਗਵਾੜਾ, ਤੀਜਾ ਸਥਾਨ ਸਰਕਾਰੀ ਕਾਲਜ ਆਫ ਐਜੂਕੇਸ਼ਨ ਅਤੇ ਕਮਲਾ ਨਹਿਰੂ ਕਾਲਜ ਫਗਵਾੜਾ; ਪੀ.ਪੀ.ਟੀ. ਵਿਚ ਪਹਿਲਾ ਸਥਾਨ ਸਰਕਾਰੀ ਕਾਲਜ ਆਫ ਐਜੂਕੇਸ਼ਨ, ਜਲੰਧਰ ਅਤੇ ਕੇ.ਐਮ.ਵੀ. ਜਲੰਧਰ ਦੂਜਾ ਸਥਾਨ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਤੇ ਸਰਕਾਰੀ ਕਾਲਜ ਆਫ ਐਜੂਕੇਸ਼ਨ ਆਫ ਜਲੰਧਰ ਤੀਜਾ ਸਥਾਨ ਐਚ.ਐਮ.ਵੀ. ਜਲੰਧਰ ਅਤੇ ਡੀ.ਏ.ਵੀ. ਜਲੰਧਰ ਨੇ ਪ੍ਰਾਪਤ ਕੀਤਾ। ਮੰਚ ਸੰਚਾਲਨ ਡਾ. ਅਮਨਪ੍ਰੀਤ ਕੌਰ ਸੰਧੂ, ਡਾ. ਉਪਮਾ ਅਰੋੜਾ ਅਤੇ ਡਾ. ਵਿਕਾਸ ਕੁਮਾਰ ਨੇ ਕੀਤਾ। ਡਾ. ਨਰਵੀਰ ਸਿੰਘ, ਮੁਖੀ ਫਿਜ਼ਿਕਸ ਵਿਭਾਗ, ਡਾ. ਅੰਮ੍ਰਿਤਪਾਲ ਸਿੰਘ, ਡਾ. ਰੰਜੂ ਮਹਾਜਨ, ਡਾ. ਨਵਨੀਤ ਅਰੋੜਾ, ਡਾ. ਰਵਨੀਤ ਕੌਰ, ਡਾ. ਮਨਦੀਪ ਕੌਰ, ਡਾ. ਨਵਜੋਤ ਕੌਰ, ਡਾ. ਭੁਪਿੰਦਰਪਾਲ ਸਿੰਘ, ਡਾ. ਗੀਤਾਂਜਲੀ ਕੌਸ਼ਲ, ਡਾ. ਵਿਕਾਸ ਕੁਮਾਰ, ਡਾ. ਹਰਸ਼ਵੀਰ ਅਰੋੜਾ, ਡਾ. ਹਰਜਿੰਦਰ ਕੌਰ, ਡਾ. ਹੇਮਿੰਦਰ ਸਿੰਘ ਅਤੇ ਪ੍ਰੋ. ਸਰਬੀਤ ਸਿੰਘ ਨੇ ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ।




## ਸੰਦੇਸ਼

ਨਿਮਾਣੀ ਨਿਤਾਣੀ ਤੇ ਨਿਰਜਿੰਦ ਹੋ ਚੁੱਕੀ ਲੋਕਾਈ 'ਚ ਅਣਖ ਤੇ ਗੈਰਤ ਜਗਾਉਣ ਅਤੇ ਜੰਗਜੂ ਜਜਬਾ ਭਰਨ ਲਈ ਦਸਮੇਸ਼ ਪਿਤਾ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ, ਹੋਲੀ ਦੇ ਪ੍ਰੰਪਰਾਗਤ ਢੰਗ ਤਰੀਕਿਆਂ ਤੋਂ ਹੱਟ ਕੇ ਵਿਲੱਖਣ ਰੂਪ 'ਚ ਹੋਲਾ ਮਹੱਲਾ ਮਨਾਏ ਜਾਣ ਦੀ ਆਰੰਭ ਕੀਤੀ ਰਿਵਾਇਤ ਖਾਲਸਾ ਪੰਥ ਦੇ ਸਵੈਮਾਣ, ਖਾਲਸਈ ਬੋਲਬਾਲੇ ਅਤੇ ਚੜ੍ਹਦੀਕਲਾ ਦਾ ਪ੍ਰਤੀਕ ਹੈ। ਸਮੁੱਚਾ ਸਿੱਖ ਜਗਤ ਉਨ੍ਹਾਂ ਪੈੜਾਂ 'ਤੇ ਚੱਲਦਾ ਹੋਇਆ ਹਰ ਸਾਲ ਇਹ ਜੋੜ-ਮੇਲਾ ਬੜੀ ਸ਼ਰਧਾ ਅਤੇ ਜਾਹੋ-ਜਲਾਲ ਨਾਲ ਮਨਾਉਂਦਾ ਹੈ। ਆਓ ਇਸ ਪਵਿੱਤਰ ਜੋੜ-ਮੇਲੇ ਨੂੰ ਮਨਾਉਂਦੇ ਹੋਏ ਆਪਣੇ ਗੌਰਵਮਈ ਵਿਰਸੇ ਅਤੇ ਜੁਝਾਰੂ ਬਿਰਤੀ ਦੀ ਸ਼ਕਤੀ ਨਾਲ ਕੁਦਰਤੀ ਵਾਤਾਵਰਣ ਦੀ ਸੰਭਾਲ, ਨਸ਼ਿਆਂ ਤੇ ਪਤਿੱਤਪੁਣੇ ਵਿਰੁੱਧ ਜੂਝੀਏ ਅਤੇ ਆਪਣੇ ਫ਼ਰਜਾਂ ਦੀ ਪੂਰਤੀ ਕਰਦਿਆ ਖੰਡੇ-ਬਾਟੇ ਦੀ ਪਾਹੁਲੋ ਛਕ ਕੇ ਸਰਬੰਸ-ਦਾਨੀ ਦਸਮੇਸ਼ ਪਿਤਾ ਦੇ ਸੱਚੇ ਸਪੂਤ ਬਣੀਏ।

ਗੁਰੂ ਪੰਥ ਦਾ ਦਾਸ,
ਐਡਵੋਕੇਟ ਹਰਜਿੰਦਰ ਸਿੰਘ ਧਾਮੀ,
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

## ਸੰਦੇਸ਼

ਸਾਹਿਬ-ਏ-ਕਮਾਲ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਖ਼ਾਲਸੇ ਦੀ ਚੜ੍ਹਦੀਕਲਾ ਦੇ ਪ੍ਰਤੀਕ ਹੋਲੇ ਮਹੱਲੇ ਦੀ ਨਗਾਰਿਆਂ ਦੀ ਚੋਟ 'ਤੇ ਆਰੰਭਤਾ ਕੀਤੀ ਗਈ ਤਾਂ ਕਿ ਗੁਰੂ ਦੀਆਂ ਫੌਜਾਂ ਖ਼ਾਲਸਈ ਖੇਡਾਂ ਅਤੇ ਸਿੱਖ ਵਿਰਾਸਤ ਨਾਲ ਜੁੜਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਜਾ ਰਹੇ ਇਸ ਖ਼ਾਲਸਈ ਜੋੜ-ਮੇਲਾ ਹੋਲੇ ਮਹੱਲੇ ਤੇ ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਗੁਰੂ-ਘਰ ਵਿੱਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਵਾਲੇ ਬਣਨ ਦਾ ਪ੍ਰਣ ਲਈਏ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਦੇ ਸੱਚੇ ਸਿੱਖ ਬਣਨ ਦਾ ਮਾਣ ਪ੍ਰਾਪਤ ਕਰੀਏ। ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਕੁਦਰਤੀ ਵਾਤਾਵਰਣ ਦੀ ਸੰਭਾਲ ਅਤੇ ਸਮਾਜਿਕ ਬੁਰਾਈਆਂ ਨਸ਼ੇ, ਭਰੂਣ ਹੱਤਿਆ, ਪਤਿਤਪੁਣਾ ਅਤੇ ਦਾਜ ਵਰਗੀਆਂ ਕੁਰੀਤੀਆਂ ਨੂੰ ਠੱਲ੍ਹ ਪਾਉਣ ਲਈ ਇੱਕਮੁੱਠ ਹੋ ਕੇ ਪੰਥ ਦੀ ਚੜ੍ਹਦੀਕਲਾ ਅਤੇ ਸਮਾਜ ਦੀ ਭਲਾਈ ਲਈ ਯਤਨਸ਼ੀਲ ਹੋਈਏ।

ਗੁਰੂ ਪੰਥ ਦਾ ਦਾਸ,
ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ,
ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ।

ਸ੍ਰੀ ਅਕਾਲ ਸਹਾਇ॥

ਖ਼ਾਲਸੇ ਦੇ ਪ੍ਰਗਟ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ

ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਸਾਲਾਨਾ ਜੋੜ-ਮੇਲਾ

## ਹੋਲਾ ਮਹੱਲਾ

੧੧ ਤੋਂ ੧੩ ਚੇਤ ਨਾਨਕਸ਼ਾਹੀ ਸੰਮਤ ੫੫੬ (24 ਤੋਂ 26 ਮਾਰਚ 2024)

| | |
|---|---|
| ਗੁਰਮਤਿ ਸਮਾਗਮ | ਹੋਲਾ ਮਹੱਲਾ ਸਬੰਧੀ ਸ੍ਰੀ ਕੀਰਤਪੁਰ ਸਾਹਿਬ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਆਰੰਭ ਹੋਏ ਗੁਰਮਤਿ ਸਮਾਗਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ 26 ਮਾਰਚ ਨੂੰ ਸਵੇਰੇ 12:00 ਵਜੇ ਸੰਪੰਨ ਹੋਣਗੇ। |
| ਬਸੰਤ ਕੀਰਤਨ ਦਰਬਾਰ | 24 ਮਾਰਚ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰਾਤ 8:00 ਵਜੇ ਤੋਂ ਅੰਮ੍ਰਿਤ ਵੇਲੇ 2:45 ਵਜੇ ਤੱਕ ਬਸੰਤ ਕੀਰਤਨ ਸਮਾਗਮ ਹੋਵੇਗਾ। |
| ਗੱਤਕਾ ਮੁਕਾਬਲੇ | 24 ਅਤੇ 25 ਮਾਰਚ ਨੂੰ ਗੁਰਦੁਆਰਾ ਗੁਰੂ ਕਾ ਬਾਗ, ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨਿਹੰਗ ਸਿੰਘਾਂ ਵਿਖੇ ਗੱਤਕਾ ਮੁਕਾਬਲੇ ਹੋਣਗੇ। |
| ਕੀਰਤਨ ਦਰਬਾਰ | 25 ਮਾਰਚ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰਾਤ 9:40 ਤੋਂ ਅੰਮ੍ਰਿਤ ਵੇਲੇ 1:40 ਤੱਕ ਆਤਮਰਸ ਕੀਰਤਨ ਦਰਬਾਰ ਹੋਵੇਗਾ। |
| ਕਵੀ ਦਰਬਾਰ | 26 ਮਾਰਚ ਨੂੰ ਤਖ਼ਤ ਸਾਹਿਬ ਪੰਡਾਲ 'ਚ ਰਾਤ 9:00 ਤੋਂ 12 ਵਜੇ ਤੱਕ ਕਵੀ ਦਰਬਾਰ ਹੋਵੇਗਾ। |
| ਢਾਡੀ ਦਰਬਾਰ | 26 ਮਾਰਚ ਨੂੰ ਦੁਪਹਿਰ 12:45 ਵਜੇ ਤੋਂ ਸ਼ਾਮ 4:45 ਵਜੇ ਤੱਕ ਅਤੇ ਰਾਤ 12:00 ਵਜੇ ਤੋਂ 3:00 ਵਜੇ ਤੱਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਢਾਡੀ ਦਰਬਾਰ ਹੋਵੇਗਾ। |
| ਅੰਮ੍ਰਿਤ ਸੰਚਾਰ | 24 ਮਾਰਚ ਤੋਂ 26 ਮਾਰਚ ਤੱਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ 'ਅੰਮ੍ਰਿਤ-ਸੰਚਾਰ' ਹੋਵੇਗਾ। |
| ਮਹੱਲਾ | 26 ਮਾਰਚ ਨੂੰ ਦੁਪਹਿਰ 12:30 ਵਜੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਮਹੱਲਾ ਸਜਾਇਆ ਜਾਵੇਗਾ। |

ਆਓ, ਖ਼ਾਲਸੇ ਦੇ ਪ੍ਰਗਟ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮੌਕੇ ਹੋ ਰਹੇ ਸਮਾਗਮਾਂ ਵਿਚ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਦੇ ਪਾਤਰ ਬਣੀਏ।

ਅਪੀਲ ਲੰਗਰਾਂ ਦੀ ਸੇਵਾ ਕਰਨ ਵਾਲੀਆਂ ਸੰਗਤਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਦੇ ਮੱਦੇਨਜ਼ਰ ਅਪੀਲ ਹੈ ਕਿ ਲੰਗਰ ਵਰਤਾਉਣ ਲਈ ਪਲਾਸਟਿਕ ਤੇ ਥਰਮੋਕੋਲ ਦੀਆਂ ਪਲੇਟਾਂ-ਗਿਲਾਸ ਨਾ ਵਰਤੇ ਜਾਣ। ਲੰਗਰਾਂ ਲਈ ਭਾਂਡਿਆਂ ਤੋਂ ਇਲਾਵਾ ਪੱਤਲਾਂ ਦੀ ਵਰਤੋਂ ਹੀ ਕੀਤੀ ਜਾਵੇ। ਕੁਦਰਤੀ ਵਾਤਾਵਰਨ ਦੀ ਸੰਭਾਲ ਕਰਨਾ ਸਾਡਾ ਸਾਂਝਾ ਫ਼ਰਜ਼ ਹੈ।

ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ
ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਮੈਨੇਜਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ। ਫ਼ੋਨ: 01887-232023

23-March-PAGE-4.qxd 3/22/2024 9:13 PM Page 1



# ਇਨਕਲਾਬ ਦਾ ਪਰਚਮ ਸ਼ਹੀਦ ਭਗਤ ਸਿੰਘ

**ਗੁਰਚਰਨ ਸਿੰਘ ਨੂਰਪੁਰ**

ਭਾਰਤ ਦੇ ਕਿਸੇ ਵੀ ਖਿੱਤੇ ਵਿੱਚ ਲੋਕ ਆਪਣੇ ਹੱਕਾਂ ਲਈ ਜਦੋਂ ਹਵਾ ਵਿੱਚ ਹੱਥ ਲਹਿਰਾਅ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਲਾਉਂਦੇ ਹਨ ਤਾਂ ਭਗਤ ਸਿੰਘ ਉਹਨਾਂ ਨੂੰ ਆਪਣੇ ਨਾਲ ਮੂਹਰਲੀਆਂ ਸਫਾਂ ਵਿੱਚ ਖੜਾ ਪ੍ਰਤੀਤ ਹੁੰਦਾ ਹੈ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਹਿੰਦੁਸਤਾਨ ਦੀ ਧਰਤੀ ਦਾ ਉਹ ਮਹਾਂਨਾਇਕ ਸੀ, ਜਿਸ ਨੇ ਦੇਸ਼ ਦੀ ਜਵਾਨੀ ਨੂੰ ਦੇਸ਼ ਲਈ ਜਿਊਣ ਅਤੇ ਮਰਨ ਦੀ ਜਾਂਚ ਦੱਸੀ। ਉਹਦੀ ਸ਼ਖਸੀਅਤ, ਅੰਗਰੇਜ਼ ਹਕੂਮਤ ਖਿਲਾਫ ਕੁਝ ਕਾਰਨਾਮਿਆਂ ਨੂੰ ਅੰਜ਼ਾਮ ਦੇਣ ਅਤੇ ਹੱਸਦਿਆਂ-ਹੱਸਦਿਆਂ ਫਾਂਸੀ ਦੇ ਰੱਸੇ 'ਤੇ ਝੂਲ ਜਾਣ ਤੱਕ ਹੀ ਸੀਮਤ ਨਹੀਂ ਸੀ। ਇਸ ਤੋਂ ਅਗਾਂਹ ਉਹ ਇੱਕ ਬਹੁਤ ਜ਼ਹੀਨ ਫਿਲਾਸਫਰ ਸ਼ਖਸੀਅਤ ਦਾ ਮਾਲਕ ਸੀ। ਉਹ ਕਿਹਾ ਕਰਦਾ ਸੀ ਕਿ ਅੰਗਰੇਜ਼ ਹਕੂਮਤ ਖਿਲਾਫ ਲੜਾਈ ਸਾਡਾ ਪਹਿਲਾ ਮੋਰਚਾ ਹੈ। ਸਾਡਾ ਅਸਲ ਨਿਸ਼ਾਨਾ ਲੁੱਟ-ਖਸੁੱਟ ਰਹਿਤ ਸਮਾਜ ਦੀ ਸਿਰਜਣਾ ਕਰਨਾ ਹੈ। ਉਸ ਦੀ ਸ਼ਖਸੀਅਤ ਨਾਲ ਮਿਲਦੀਆਂ-ਜੁਲਦੀਆਂ ਮਿਸਾਲਾਂ ਦੁਨੀਆਂ ਵਿੱਚ ਬਹੁਤ ਘੱਟ ਹਨ। ਉਸ ਨੇ ਬਹੁਤ ਘੱਟ ਸਮੇਂ ਵਿੱਚ ਇਤਿਹਾਸ, ਰਾਜਨੀਤੀ, ਸਮਾਜਵਾਦ ਅਤੇ ਉਸ ਸਮੇਂ ਦੁਨੀਆ ਪੱਧਰ 'ਤੇ ਹੋ ਰਹੀਆਂ ਰਾਜਨੀਤਕ ਗਤੀਵਿਧੀਆਂ ਦਾ ਗਹਿਰਾਈ ਨਾਲ ਅਧਿਐਨ ਕੀਤਾ। ਨਿੱਕੀ ਉਮਰ ਦਾ ਇਹ ਮਹਾਂਨਾਇਕ ਲੋਕ ਹੱਕਾਂ ਲਈ ਜੂਝਦੇ ਲੋਕਾਂ/ ਜਥੇਬੰਦੀਆਂ ਦਾ ਉਹ ਅੱਜ ਵੀ ਰਾਹ-ਦਸੇਰਾ ਹੈ।

ਯੂਨਾਨ ਦਾ ਇੱਕ ਬਹੁਤ ਵੱਡਾ ਦਾਰਸ਼ਨਿਕ ਹੋਇਆ ਹੈ ਸੁਕਰਾਤ। ਦੁਨੀਆ ਭਰ ਵਿੱਚ ਜਿੱਥੇ ਵੀ ਸੂਝ, ਸਮਝ, ਸਿਆਣਪ ਦੀ ਗੱਲ ਹੁੰਦੀ ਹੈ ਸੁਕਰਾਤ ਦਾ ਨਾਂਅ ਬੜੇ ਮਾਣ ਨਾਲ ਲਿਆ ਜਾਂਦਾ ਹੈ ਅਤੇ ਉਸ ਨੂੰ ਦੁਨੀਆ ਭਰ ਦੇ ਹੁਣ ਤੱਕ ਦੇ ਕੁਝ ਕੁ ਚੋਣਵੇਂ ਸਿਆਣੇ ਮਨੁੱਖਾਂ 'ਚੋਂ ਮੰਨਿਆ ਜਾਂਦਾ ਹੈ। ਸ੍ਰ. ਭਗਤ ਸਿੰਘ ਨੂੰ ਅਸੀਂ ਹੁਣ ਤੱਕ ਇੱਕ ਕ੍ਰਾਂਤੀਕਾਰੀ ਦੇ ਰੂਪ ਵਿੱਚ ਹੀ ਵੇਖਦੇ ਆ ਰਹੇ ਹਾਂ, ਪਰ ਦੁਨੀਆ ਦੇ ਮਹਾਨ ਦਾਰਸ਼ਨਿਕ ਸੁਕਰਾਤ ਨਾਲ ਉਸ ਦੀ ਜ਼ਿੰਦਗੀ ਦੀਆਂ ਅਹਿਮ ਘਟਨਾਵਾਂ ਮੇਲ ਖਾਦੀਆਂ ਪ੍ਰਤੀਤ ਹੁੰਦੀਆਂ ਹਨ। ਦੁਨੀਆਂ ਨੂੰ ਆਪਣੇ ਨਵੇਂ ਵਿਚਾਰ ਦੇਣ ਵਾਲੇ ਸੁਕਰਾਤ ਨੂੰ ਜਦੋਂ ਯੂਨਾਨ ਦੀ ਕਰੀਟੀਅਸ ਹਕੂਮਤ ਨੇ ਮੌਤ ਦੀ ਸਜ਼ਾ ਸੁਣਾ ਦਿੱਤੀ ਤਾਂ ਉਸ ਨੇ ਸਮੇਂ ਦੇ ਹਾਕਮਾਂ ਤੋਂ ਰਹਿਮ ਦੀ ਭੀਖ ਨਹੀਂ ਮੰਗੀ। ਸੁਕਰਾਤ ਨੂੰ ਕਿਹਾ ਗਿਆ ਕਿ ਉਹ ਧਰਮ, ਰਾਜਨੀਤੀ, ਸਿੱਖਿਆ ਅਤੇ ਅਦਾਲਤਾਂ ਸੰਬੰਧੀ ਆਪਣੀਆਂ ਦਲੀਲਾਂ ਨੂੰ ਵਾਪਸ ਲੈ ਲਵੇ, ਤਾਂ ਉਸ ਦੀ ਮੌਤ ਦੀ ਸਜ਼ਾ ਨੂੰ ਦੇਸ਼ ਨਿਕਾਲੇ ਵਿੱਚ ਬਦਲਿਆ ਜਾ ਸਕਦਾ ਹੈ, ਪਰ ਸੁਕਰਾਤ ਨੇ ਭਰੀ ਅਦਾਲਤ ਵਿੱਚ ਕਿਹਾ, 'ਮੈਂ ਤੁਹਾਡੇ ਜਾਹਲਾਂ ਤੋਂ ਜ਼ਿੰਦਗੀ ਦੀ ਭੀਖ ਕਿਉਂ ਮੰਗਾਂ? ਤੁਸੀਂ ਆਪਣਾ ਕੰਮ ਕਰੋ, ਮੈਂ ਆਪਣਾ ਕਰ ਰਿਹਾ ਹਾਂ, ਕੌਣ ਠੀਕ, ਕੌਣ ਗਲਤ ਇਹ ਫੈਸਲਾ ਆਉਣ ਵਾਲਾ ਸਮਾਂ ਕਰੇਗਾ।' ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਜਦੋਂ ਭਗਤ ਸਿੰਘ ਦੇ ਪਿਤਾ ਸ੍ਰ. ਕਿਸ਼ਨ ਸਿੰਘ ਨੇ ਅੰਗਰੇਜ਼ ਹਕੂਮਤ ਨੂੰ ਰਹਿਮ ਦੀ ਅਪੀਲ ਕੀਤੀ ਤਾਂ ਭਗਤ ਸਿੰਘ ਤਿਲਮਿਲਾ ਉੱਠਿਆ। ਉਸ ਨੇ ਆਪਣੇ ਪਿਤਾ ਕਿਸ਼ਨ ਸਿੰਘ ਨੂੰ ਲਿਖਿਆ, ਮੈਂ ਸੋਚ ਵੀ ਨਹੀਂ ਸਕਦਾ ਕਿ ਤੁਸੀਂ ਇੰਜ ਕਰੋਗੇ, ਤੁਸੀਂ ਜ਼ਰਾ ਉਹਨਾਂ ਸੈਕੜੇ ਆਜ਼ਾਦੀ ਪ੍ਰਵਾਨਿਆਂ ਦੇ ਜਜ਼ਬਿਆਂ ਦਾ ਖਿਆਲ ਤਾਂ ਕਰ ਲੈਂਦੇ, ਜੋ ਇਸ ਵੇਲੇ ਆਜਾਦੀ ਦੇ ਘੋਲ ਵਿੱਚ ਸਿਰਾਂ 'ਤੇ ਕੱਫਨ ਬੰਨ੍ਹ ਕੇ ਨਿਕਲੇ ਹੋਏ ਹਨ। ਉਹਨਾਂ ਦੇ ਦਿਲਾਂ 'ਤੇ ਤੁਹਾਡੀ ਇਸ ਰਹਿਮ ਦੀ ਅਪੀਲ ਦਾ ਕੀ ਅਸਰ ਹੋਵੇਗਾ? ਭਗਤ ਸਿੰਘ ਫਾਂਸੀ ਲੱਗਣ ਵੇਲੇ ਭਾਵੇਂ 23-24 ਸਾਲਾਂ ਦਾ ਨੌਜੁਆਨ ਸੀ, ਪਰ ਸਮਝ ਵਿੱਚ ਪ੍ਰੋੜ ਸੀ।

ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਸੁਕਰਾਤ ਦੇ ਚੇਲਿਆਂ ਨੇ ਸਲਾਹ ਬਣਾਈ ਕਿ ਉਹ ਇੱਕ ਦਿਨ ਜੇਲ੍ਹ ਦੀ ਕੰਧ ਨੂੰ ਪਾੜ ਲਾ ਕੇ ਸੁਕਰਾਤ ਨੂੰ ਆਜ਼ਾਦ ਕਰਵਾ ਲੈਣਗੇ, ਪਰ ਇਸ ਗੱਲ ਦਾ ਪਤਾ ਜਦੋਂ ਸੁਕਰਾਤ ਨੂੰ ਲੱਗਾ ਤਾਂ ਉਸ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਨਹੀਂ, ਉਹ ਆਪਣਾ ਵਤਨ ਛੱਡ ਕੇ ਕਿਤੇ ਨਹੀਂ ਜਾਵੇਗਾ, ਬਲਕਿ ਭੱਜ ਜਾਣ ਨਾਲੋਂ ਆਪਣੇ ਵਿਚਾਰਾਂ 'ਤੇ ਅਡੋਲ ਰਹਿ ਕੇ ਮਰ ਜਾਣਾ ਉਸ ਲਈ ਵਧੇਰੇ ਠੀਕ ਹੈ। ਬਿਲਕੁਲ ਇਸੇ ਹੀ ਤਰ੍ਹਾਂ ਜਦੋਂ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਇਹ ਸਕੀਮ ਘੜੀ ਕਿ ਉਹ ਸੈਂਟਰਲ ਜੇਲ੍ਹ ਲਾਹੌਰ 'ਤੇ ਧਾਵਾ ਕਰਕੇ ਇੱਕ ਦਿਨ ਭਗਤ ਸਿੰਘ ਨੂੰ ਜੇਲ 'ਚੋਂ ਆਜ਼ਾਦ ਕਰਵਾ ਲੈਣਗੇ ਤਾਂ ਭਗਤ ਸਿੰਘ ਨੇ ਇਹ ਕਹਿ ਕੇ ਰੋਕ ਦਿੱਤਾ, 'ਨਹੀਂ ਇਸ ਵੇਲੇ ਮੇਰੇ ਜਿਉਂਦੇ ਰਹਿਣ ਨਾਲੋਂ ਫਾਂਸੀ ਲੱਗਣਾ ਵਧੇਰੇ ਠੀਕ ਹੈ। ਅੰਗਰੇਜ਼ ਹਕੂਮਤ ਖਿਲਾਫ ਮੇਰਾ ਫਾਂਸੀ ਲੱਗਣਾ ਬਲਦੀ 'ਤੇ ਤੇਲ ਦਾ ਕੰਮ ਕਰੇਗਾ।'

ਕਹਿੰਦੇ ਹਨ ਕਿ ਸੁਕਰਾਤ ਨੂੰ ਮਾਰਨ ਲਈ ਜਦੋਂ ਜ਼ਹਿਰ ਘੋਟਿਆ ਜਾ ਰਿਹਾ ਸੀ ਤਾਂ ਉਹ ਜੇਲ੍ਹ ਵਿੱਚ ਆਖਰੀ ਸਮੇਂ ਮਿਲਣ ਆਏ ਆਪਣੇ ਚੇਲਿਆਂ ਨਾਲ ਗਿਆਨ ਭਰਪੂਰ ਗੱਲਾਂ ਵਿੱਚ ਮਸਰੂਫ ਸੀ। ਗੱਲਾਂ ਕਰਦਿਆਂ-ਕਰਦਿਆਂ ਉਸ ਨੇ ਜ਼ਹਿਰ ਘੋਟ ਰਹੇ ਜਲਾਦ ਨੂੰ ਪੁੱਛਿਆ, 'ਕਿੰਨੀ ਕੁ ਦੇਰ ਹੈ ਅਜੇ?' ਉਸ ਦੇ ਇੱਕ ਚੇਲੇ ਕਰਾਈਟੋ ਨੇ ਕਿਹਾ, 'ਐਨੀ ਵੀ ਕੀ ਕਾਹਲੀ ਹੈ ਗੁਰੂ ਜੀ?' ਸੁਕਰਾਤ ਨੇ ਕਿਹਾ, 'ਜ਼ਿੰਦਗੀ ਭਰ ਨਵੀਆਂ ਗੱਲਾਂ ਨਵੇਂ ਵਿਚਾਰ ਸਿੱਖਣ ਦਾ ਇਛੁੱਕ ਰਿਹਾ ਹਾਂ, ਹੁਣ ਸਮਾਂ ਆ ਗਿਆ ਹੈ ਤਾਂ ਮਨ ਕਰ ਰਿਹਾ ਹੈ ਕਿ ਮੌਤ ਬਾਰੇ ਵੀ ਜਾਣ ਲਵਾਂ।' ਇਸੇ ਤਰ੍ਹਾਂ 23 ਮਾਰਚ 1931 ਦੀ ਸ਼ਾਮ ਨੂੰ ਜਦੋਂ ਸ਼ਹੀਦੇ-ਏ-ਆਜ਼ਮ ਨੂੰ ਫਾਂਸੀ ਲਈ ਬੁਲਾਵਾ ਆ ਗਿਆ ਤਾਂ ਉਹ ਲੈਨਿਨ ਦੀ ਜੀਵਣੀ ਪੜ੍ਹ ਰਿਹਾ ਸੀ। ਕੁਝ ਜਾਨਣ ਦੀ ਭੁੱਖ ਏਨੀ ਤੀਬਰ ਸੀ ਕਿ ਮੌਤ ਤੋਂ ਕੁਝ ਘੰਟੇ ਪਹਿਲਾਂ ਵੀ ਉਹ ਕੁਝ ਨਵਾਂ ਸਿੱਖਣ ਵਿੱਚ ਮਸਰੂਫ ਸੀ। ਉਸ ਦੇ ਕ੍ਰਾਂਤੀਕਾਰੀ ਸਾਥੀ ਸ਼ਿਵ ਵਰਮਾ ਲਿਖਦੇ ਹਨ ਕਿ ਹਰ ਸਮੇਂ ਇੱਕ ਨਾ ਇੱਕ ਕਿਤਾਬ ਭਗਤ ਸਿੰਘ ਆਪਣੇ ਨਾਲ ਰੱਖਦਾ ਸੀ। ਉਸ ਨੇ ਕੁਝ ਕੁ ਸਾਲਾਂ



ਵਿੱਚ ਹੀ ਵਿਸ਼ਵ ਪ੍ਰਸਿੱਧ ਲੇਖਕਾਂ, ਵਿਦਵਾਨਾਂ ਜਿਹਨਾਂ ਵਿੱਚ ਗੋਰਕੀ, ਰੂਸੋ, ਵਿਕਟਰ ਹਿਊਗੋ, ਡਿਕਨਜ਼, ਮਾਰਕਸ, ਏਂਗਲਜ਼, ਲੈਨਿਨ, ਪੈਟਰਿਕ ਹੈਨਰੀ ਆਦਿ ਨੂੰ ਪੜ੍ਹਿਆ ਅਤੇ ਅਧਿਐਨ ਕੀਤਾ।

8 ਅਪਰੈਲ 1929 ਨੂੰ ਦਿੱਲੀ ਅਸੈਂਬਲੀ ਹਾਲ ਵਿੱਚ ਬੰਬ ਸੁੱਟਣ ਮਗਰੋਂ ਗ੍ਰਿਫਤਾਰ ਹੋ ਕੇ ਭਗਤ ਸਿੰਘ ਨੇ ਬਹੁਤ ਹੀ ਸੂਝਬੂਝ ਤੋਂ ਕੰਮ ਲੈਂਦਿਆਂ ਸੈਂਟਰਲ ਜੇਲ੍ਹ ਲਾਹੌਰ ਅਦਾਲਤੀ ਕਾਰਵਾਈ ਨੂੰ ਆਪਣੇ ਵਿਚਾਰਾਂ ਦੇ ਮੰਚ ਵਜੋਂ ਵਰਤਿਆ। ਬਹੁਤ ਸਾਰੇ ਅਜਿਹੇ ਮੌਕੇ ਆਏ, ਜਦੋਂ ਉਹ ਅੰਗਰੇਜ਼ ਹਕੂਮਤ ਨੂੰ ਆਪਣੇ ਵਿਵੇਕ ਨਾਲ ਲਾਜਵਾਬ ਕਰ ਦਿੰਦਾ ਰਿਹਾ। ਮਿਸਾਲ ਵਜੋਂ ਉਸ ਨੇ ਅੰਗਰੇਜ ਹਕੂਮਤ ਨੂੰ ਕਿਹਾ, 'ਅਸੀਂ ਸਰਕਾਰ ਦੇ ਬਾਗੀ ਨਹੀਂ ਹਾਂ ਕਿ ਸਾਨੂੰ ਫਾਂਸੀ ਲਾਇਆ ਜਾਵੇ।' ਉਸ ਅੰਗਰੇਜ਼ ਹਕੂਮਤ ਨੂੰ ਕਿਹਾ, 'ਤੁਸੀਂ ਬਾਹਰੋਂ ਆਏ ਧਾੜਵੀ ਹਮਲਾਵਰ ਹੋ, ਮੈਂ ਅਤੇ ਮੇਰੇ ਸਾਥੀ ਆਪਣੇ ਦੇਸ਼ ਦੇ ਸਿਪਾਹੀ ਹਨ, ਜੋ ਆਪਣੇ ਦੇਸ਼ ਦੀ ਰੱਖਿਆ ਲਈ ਲੜ ਰਹੇ ਹਨ। ਅਸੀਂ ਜੰਗੀ ਕੈਦੀ ਹਾਂ, ਇਸ ਹਿਸਾਬ ਨਾਲ ਠੀਕ ਇਹ ਹੋਵੇਗਾ ਕਿ ਸਾਨੂੰ ਗੋਲੀ ਨਾਲ ਉਡਾਇਆ ਜਾਵੇ। ਮੈਂ ਜਾਣਦਾ ਹਾਂ ਅੰਗਰੇਜ਼ ਹਕੂਮਤ ਬੁਜ਼ਦਿਲ ਹੈ, ਉਹ ਅਜਿਹਾ ਨਹੀਂ ਕਰ ਸਕਦੀ।' ਅਜਿਹੀਆਂ ਦਲੇਰਾਨਾ ਦਲੀਲਬਾਜ਼ੀਆਂ ਦਾ ਨਿਆਂ ਇਨਸਾਫ ਦਾ ਢਕਵੰਜ ਕਰਦੀ ਅੰਗਰੇਜ਼ ਹਕੂਮਤ ਕੋਲ ਕੋਈ ਜਵਾਬ ਨਹੀਂ ਸੀ। ਉਸ ਦੀਆਂ ਅਜਿਹੀਆਂ ਦਲੀਲਾਂ ਤੋਂ ਸਾਬਤ ਹੁੰਦਾ ਹੈ ਕਿ ਉਹ ਨਿੱਕੀ ਉਮਰ ਦਾ ਇੱਕ ਮਹਾਨ ਵਿਦਵਾਨ ਫਿਲਾਸਫਰ ਸੀ। ਸੁਕਰਾਤ ਨੂੰ ਜਦੋਂ ਸ਼ਹੀਦ ਕੀਤਾ ਗਿਆ ਤਾਂ ਉਸ ਦੀ ਉਮਰ 70 ਸਾਲ ਦੀ ਸੀ, ਪਰ ਭਗਤ ਸਿੰਘ 23 ਸਾਲਾਂ ਦਾ ਨੌਜੁਆਨ ਸੀ। ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਉਸ ਬਾਰੇ ਲਿਖਦੇ ਹਨ, 'ਭਗਤ ਸਿੰਘ ਛੇ ਫੁੱਟ ਲੰਮਾ, ਬਹੁਤ ਖੂਬਸੂਰਤ ਅਤੇ ਮੁੱਛ-ਫੁੱਟ ਨੌਜੁਆਨ ਸੀ। ਨਿੱਡਰ ਜਰਨੈਲ, ਫਿਲਾਸਫਰ ਅਤੇ ਉੱਚ ਦਰਜੇ ਦੀ ਰਾਜਸੀ ਸੂਝ ਰੱਖਣ ਵਾਲਾ ਸੀ। ਦੇਸ਼ ਭਗਤੀ ਦੇ ਨਾਲ-ਨਾਲ ਦੁਨੀਆ ਭਰ ਦੀ ਪੀੜਤ ਜਨਤਾ ਦਾ ਦਰਦ ਉਹਦੇ ਦਿਲ ਵਿੱਚ ਕੁੱਟ-ਕੁੱਟ ਕੇ ਭਰਿਆ ਹੋਇਆ ਸੀ...।'

ਨਿੱਕੀ ਉਮਰੇ ਦੇਸ਼ ਲਈ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਕਰਕੇ ਉਹ ਹਿੰਦੁਸਤਾਨੀਆਂ ਦੀਆਂ ਅੱਖਾਂ ਦਾ ਤਾਰਾ ਬਣ ਗਿਆ, ਲੋਕ ਮਨਾਂ 'ਤੇ ਛਾ ਗਿਆ। ਉਸ ਲਈ ਗੀਤ, ਕਵਿਤਾਵਾਂ ਲਿਖੀਆਂ ਗਈਆਂ। ਲੋਕ ਗੀਤ ਘੜੇ ਗਏ, ਜਿਹਨਾਂ ਨੂੰ ਲੋਕ ਅੱਜ ਵੀ ਮਾਣ ਨਾਲ ਗਾਉਂਦੇ ਹਨ। ਉਹ ਲੱਖਾਂ ਲੋਕਾਂ ਦੇ ਦਿਲਾਂ ਵਿੱਚ ਵਸਦਾ ਹੈ, ਅੱਜ ਵੀ ਉਹ ਦੇਸ਼ ਦੀ ਜੁਆਨੀ ਨੂੰ ਪੁਕਾਰ ਰਿਹਾ ਹੈ ਕਿ ਆਓ ਇਸ ਧਰਤੀ ਨੂੰ ਮਨੁੱਖਾਂ ਦੇ ਰਹਿਣਯੋਗ ਬਣਾਈਏ। ਸ਼ਹੀਦ ਭਗਤ ਸਿੰਘ ਨੇ ਆਖਰੀ ਸਮੇਂ ਕਿਹਾ ਸੀ, 'ਆਪਣੇ ਵਤਨ ਲਈ ਜੋ ਮੈਂ ਕਰਨਾ ਚਾਹੁੰਦਾ ਹਾਂ, ਉਸ ਦਾ ਇੱਕ ਹਜ਼ਾਰਵਾਂ ਹਿੱਸਾ ਵੀ ਅਜੇ ਨਹੀਂ ਕਰ ਸਕਿਆ।' ਇਸ ਤੋਂ ਉਸ ਦੀ ਵਤਨਪ੍ਰਸਤੀ ਦਾ ਪਤਾ ਚਲਦਾ ਹੈ। ਉਹਦੇ ਸਾਥੀ ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ, ਜਤਿਨ ਦਾਸ, ਬੀ ਕੇ ਦੱਤ, ਕਿਸ਼ੋਰੀ ਲਾਲ, ਰਾਮ ਪ੍ਰਸਾਦ ਬਿਸਮਿਲ, ਸ਼ਿਵ ਵਰਮਾ, ਗਿਆ ਪ੍ਰਸਾਦ, ਅਜੈ ਘੋਸ਼ ਆਦਿ ਦੀ ਕੁਰਬਾਨੀ ਬਾਰੇ ਪੜ੍ਹ ਕੇ ਅੱਜ ਵੀ ਅੱਖਾਂ ਨਮ ਹੁੰਦੀਆਂ ਹਨ ਅਤੇ ਹੈਰਾਨੀ ਹੁੰਦੀ ਹੈ ਕਿ ਇਹ ਕਿਸ ਮਿੱਟੀ ਦੇ ਬਣੇ ਹੋਏ ਇਨਸਾਨ ਸਨ, ਜਿਹਨਾਂ ਛੋਟੀ ਉਮਰ ਵਿੱਚ ਵੀ ਅੰਗਰੇਜ਼ ਹਕੂਮਤ ਦੇ ਹਰ ਜਬਰ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਜੇਲ੍ਹਾਂ ਵਿੱਚ ਤਨ ਗਾਲੇ, ਕਾਲੇ ਪਾਣੀਆਂ ਦੀਆਂ ਸਖਤ ਸਜ਼ਾਵਾਂ ਝੱਲੀਆਂ ਅਤੇ ਜਦੋਂ ਆਤਮ ਬਲੀਦਾਨ ਦਾ ਸਮਾਂ ਆਇਆ ਤਾਂ ਹੱਸ-ਹੱਸ ਕੇ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ।

ਅੱਜ ਜਦੋਂ ਦੇਸ਼ ਦੇ ਬਹੁਗਿਣਤੀ ਨੌਜੁਆਨ ਬੇਕਾਰੀ ਦੀ ਹਾਲਤ ਵਿੱਚ ਹਨ, ਅੱਜ ਜਦੋਂ ਲੋਕਾਂ ਨੂੰ ਉਹਨਾਂ ਦੇ ਮੁੱਢਲੇ ਅਧਿਕਾਰਾਂ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ। ਸਰਕਾਰਾਂ ਦੀ ਮਿਲੀ-ਭੁਗਤ ਨਾਲ ਧਨਾਢ ਕੰਪਨੀਆਂ ਵੱਲੋਂ ਖਣਿਜ ਪਦਾਰਥਾਂ ਅਤੇ ਦੇਸ਼ ਦੀ ਹਰ ਤਰ੍ਹਾਂ ਦੀ ਸੰਪਤੀ ਨੂੰ ਲੁੱਟਿਆ ਜਾ ਰਿਹਾ ਹੈ। ਭੌਂ ਪ੍ਰਾਪਤੀ ਬਿੱਲ ਵਰਗੇ ਕਾਨੂੰਨ ਲਿਆ ਕੇ ਕਾਰਪੋਰੇਟ ਜਗਤ ਨੂੰ ਖੁੱਲ੍ਹ ਕੇ ਖੇਡਣ ਲਈ ਮੈਦਾਨ ਤਿਆਰ ਕਰਕੇ ਦਿੱਤੇ ਜਾ ਰਹੇ ਹਨ। ਅੱਜ ਜਦੋਂ ਸਾਡੇ ਸਮਾਜ ਵਿੱਚ ਦੇਸ਼ ਭਗਤੀ ਦੇ ਜਜ਼ਬਿਆਂ ਨੂੰ ਇੱਕ ਤਰ੍ਹਾਂ ਗ੍ਰਹਿਣ ਲੱਗ ਗਿਆ ਹੈ ਤਾਂ ਸਾਨੂੰ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਅਤੇ ਉਹਨਾ ਦੇ ਸਾਥੀਆਂ ਦੇ ਜੀਵਨ ਅਤੇ ਫਲਸਫੇ ਤੋਂ ਸੇਧ ਲੈਣ ਦੀ ਜ਼ਰੂਰਤ ਹੈ। ਅੱਜ ਜਦੋਂ ਦੇਸ਼ ਦੀ ਬਹੁਗਿਣਤੀ ਕਿਸਮਤਵਾਦ ਦੇ ਚੱਕਰ ਵਿੱਚ ਫਸ ਕੇ ਆਪਣੀਆਂ ਮੁਸ਼ਕਲਾਂ, ਸਮੱਸਿਆਵਾਂ, ਦੁਸ਼ਵਾਰੀਆਂ, ਜੋ ਭ੍ਰਿਸ਼ਟ ਪ੍ਰਸ਼ਾਸਨਿਕ ਢਾਂਚੇ ਦੀ ਦੇਣ ਹਨ ਨੂੰ ਰੱਬੀ ਭਾਣਾ ਮੰਨ ਕੇ ਸਵੀਕਾਰ ਕਰ ਰਹੀ ਹੈ ਤਾਂ ਭਗਤ ਸਿੰਘ ਦੇ ਤਰਕਸ਼ੀਲ ਵਿਚਾਰਾਂ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ ਉਸ ਨੇ ਲਿਖਿਆ ਹੈ,'ਮੈਂ ਇਸ ਸੰਸਾਰ ਨੂੰ ਮਿੱਥਿਆ ਨਹੀਂ ਮੰਨਦਾ। ਮੇਰਾ ਦੇਸ਼ ਨਾ ਤਾਂ ਪਰਛਾਵਾਂ ਹੈ ਅਤੇ ਨਾ ਹੀ ਮਾਇਆ ਜਾਲ ਹੈ। ਇਹ ਇੱਕ ਜਿਉਂਦੀ-ਜਾਗਦੀ ਹਕੀਕਤ ਹੈ, ਹੁਸੀਨ ਹਕੀਕਤ ਅਤੇ ਮੈਂ ਇਸ ਨੂੰ ਪਿਆਰ ਕਰਦਾ ਹਾਂ। ਮੇਰੇ ਲਈ ਇਸ ਧਰਤੀ ਨੂੰ ਛੱਡ ਕੇ ਨਾ ਕੋਈ ਦੂਸਰੀ ਦੁਨੀਆ ਹੈ ਅਤੇ ਨਾ ਹੀ ਹੋਰ ਸਵਰਗ। ਇਹ ਸਹੀ ਹੈ ਕਿ ਅੱਜ ਮੁੱਠੀ-ਭਰ ਵਿਅਕਤੀਆਂ ਨੇ ਆਪਣੇ ਸੁਆਰਥਾਂ ਲਈ ਇਸ ਧਰਤੀ ਨੂੰ ਨਰਕ ਬਣਾ ਧਰਿਆ ਹੈ, ਪਰ ਇਸ ਨਾਲ ਹੀ ਇਸ ਨੂੰ ਮਿੱਥਿਆ ਕਰਾਰ ਦੇ ਕੇ ਭੱਜ ਜਾਣ ਨਾਲ ਕੰਮ ਨਹੀਂ ਚੱਲਣਾ। ਲੁਟੇਰਿਆਂ ਅਤੇ ਹੋਰਨਾਂ ਨੂੰ ਗੁਲਾਮ ਰੱਖਣ ਵਾਲਿਆਂ ਨੂੰ ਖਤਮ ਕਰਕੇ ਸਾਨੂੰ ਇਸ ਪਵਿੱਤਰ ਭੂਮੀ ਉਪਰ ਫਿਰ ਤੋਂ ਸਵਰਗ ਦੀ ਸਿਰਜਣਾ ਕਰਨੀ ਪਵੇਗੀ।'

ਜਿੱਥੇ ਅਸੀਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਵੱਲੋਂ ਦੇਸ਼ ਲਈ ਕੀਤੇ ਮਹਾਨ ਬਲੀਦਾਨ ਨੂੰ ਸਿਜਦਾ ਕਰਦੇ ਹਾਂ, ਉੱਥੇ ਇਹਨਾਂ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਹਨਾਂ ਦੇ ਫਲਸਫੇ ਨੂੰ ਸਮਝਣ ਦੀ ਵੀ ਬੜੀ ਵੱਡੀ ਜ਼ਰੂਰਤ ਹੈ।

***# ਸੰਪਰਕ : 98550-51099***

# ਸ਼ਹੀਦ ਦੇ ਬੁੱਤ ਵੱਲੋਂ ਦੋ ਸੁਆਲ

**ਅਵਤਾਰ ਲੰਗੇਰੀ**

23 ਮਾਰਚ 1931 ਤੋਂ 15 ਅਗਸਤ 1947 ਤੱਕ ਦਾ ਸਫ਼ਰ ਤੈਅ ਕਰਦਿਆਂ ਭਾਵੇਂ ਇੱਕ ਸਮਝੌਤੇ ਤਹਿਤ ਅੰਗਰੇਜ਼ ਭਾਰਤ ਛੱਡ ਗਏ ਅਤੇ ਭਾਰਤ ਨੇ ਅਜ਼ਾਦੀ ਦਾ ਪਰਚਮ ਲਹਿਰਾ ਦਿੱਤਾ, ਪਰ ਕੀ ਦੇਸ਼ ਅੰਦਰ ਵੱਸਦੇ ਕਰੋੜਾਂ ਭਾਰਤੀਆਂ ਦੀ ਜ਼ਿੰਦਗੀ ਵਿੱਚ ਕੋਈ ਇਨਕਲਾਬੀ ਤਬਦੀਲੀ ਆਈ? ਅਤੇ ਦੂਸਰਾ ਸੁਆਲ ਇਹ ਕਿ ਮੇਰੇ ਪਿਆਰੇ ਲੋਕੋ ਤੁਸੀਂ ਮੈਨੂੰ ਕੀ ਤੋਂ ਕੀ ਬਣਾ ਕੇ ਰੱਖ ਦਿੱਤਾ? ਬੁੱਤ ਨੇ ਕਿਹਾ ਕਿ ਇਹ ਦੋ ਸੁਆਲ ਹੀ ਮੇਰੇ ਜ਼ਿਹਨ ਅੰਦਰ ਘੁੰਮਦੇ ਹਨ, ਬਾਕੀ ਸੁਆਲ ਕਦੇ ਫੇਰ ਸਹੀ.......।



ਸਭ ਤੋਂ ਪਹਿਲਾਂ ਤਾਂ ਅਸੀਂ ਸ਼ਹੀਦ ਭਗਤ ਸਿੰਘ ਦੇ ਬੁੱਤ ਮੂਹਰੇ ਨਤਮਸਤਕ ਹੁੰਦਿਆਂ ਉਸ ਦੇ ਪਹਿਲੇ ਸੁਆਲ ਦੇ ਜੁਆਬ ਵਿੱਚ ਚਰਚਾ ਕਰਾਂਗੇ ਕਿ ਤੁਸੀਂ ਅੱਜ ਦੇ ਦਿਨ ਆਪਣੇ ਇਨਕਲਾਬੀ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਸੰਗ ਦੇਸ਼ ਦੀ ਆਜ਼ਾਦੀ ਲਈ ਹੱਸ-ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਚੁੰਮਦਿਆਂ ਇਹ ਕਿਹਾ ਸੀ ਕਿ ਜਦ ਤੱਕ ਇਨਸਾਨ ਹੱਥੋਂ ਇਨਸਾਨ ਦੀ ਲੁੱਟ ਖਤਮ ਨਹੀਂ ਹੁੰਦੀ, ਜੰਗ ਜਾਰੀ ਰਹੇਗੀ।ਇਨਕਲਾਬ ਤੋਂ ਸਾਡਾ ਭਾਵ ਜਾਤ-ਪਾਤ ਰਹਿਤ ਸਮਾਜ ਦੀ ਸਿਰਜਣਾ।

ਪਰ ਭਗਤ ਸਿਆਂ ਮੇਰਾ ਮਨ ਅੱਜ ਬਹੁਤ ਦੁਖੀ ਹੈ ਅਤੇ ਮੇਰੀ ਕਲਮ ਅੱਥਰੂ ਵਹਾਉਂਦੀ ਹੈ ਕਿ ਅੱਜ ਤੇਰੀ ਸ਼ਹਾਦਤ ਦੇ 93 ਵਰ੍ਹੇ ਬੀਤ ਜਾਣ 'ਤੇ ਵੀ ਤੇਰੀ ਸੋਚ ਦੇ ਸਮਾਜ ਦੀ ਸਿਰਜਣਾ ਤਾਂ ਕੀ, ਸਗੋਂ ਇਨਸਾਨੀਅਤ ਦਾ ਹਰ ਤਰ੍ਹਾਂ ਨਾਲ ਘਾਣ ਜਾਰੀ ਹੈ। ਜਾਤ-ਪਾਤ ਦੀਆਂ ਜ਼ੰਜੀਰਾਂ ਅਜੇ ਤੱਕ ਟੁੱਟ ਨਹੀਂ ਸਕੀਆਂ, ਸਗੋਂ ਅੱਜ ਤੇਰਾ ਮੁਲਕ ਕਾਰਪੋਰੇਟਾਂ ਕੋਲ ਗਹਿਣੇ ਪੈ ਚੁੱਕਾ ਹੈ। ਗਰੀਬ ਦਿਨੋ ਦਿਨ ਗਰੀਬ ਅਤੇ ਅਮੀਰ ਰਾਤੋ ਰਾਤ ਅਮੀਰ ਹੋ ਰਿਹੈ। ਕਿਰਤੀ ਲੋਕ ਦੋ ਵਕਤ ਦੀ ਰੋਟੀ ਤੋਂ ਆਤੁਰ ਹਨ। ਪੰਜਾਬ ਦੀ ਜਵਾਨੀ ਰੁਜ਼ਗਾਰ ਖਾਤਰ ਵਿਦੇਸ਼ਾਂ ਵਿੱਚ ਰੁਲਣ ਲਈ ਮਜਬੂਰ ਹੈ। ਕੁੱਲੀ ਗੁੱਲੀ-ਜੁੱਲੀ ਦੀਆਂ ਮੁਢਲੀਆਂ ਲੋੜਾਂ ਤੋਂ ਹੋਰ ਪਿੱਛੇ ਹਟ ਕੇ ਦੇਖੀਏ ਤਾਂ ਲੋਕ ਖਾਂਸੀ, ਜੁਕਾਮ ਅਤੇ ਬੁਖਾਰ ਵਰਗੀਆਂ ਮਾਮੂਲੀ ਬਿਮਾਰੀਆਂ ਦੇ ਇਲਾਜ ਕਰਾਉਣ ਦੇ ਵੀ ਸਮਰੱਥ ਨਹੀਂ ਹਨ। ਇਨ੍ਹਾਂ ਛੋਟੀਆਂ-ਮੋਟੀਆਂ ਬਿਮਾਰੀਆਂ ਨਾਲ ਮਰਨਾ ਵੀ ਗਰੀਬ ਲੋਕਾਂ ਦੇ ਹਿੱਸੇ ਆਇਆ ਹੈ। ਪੰਜਾਬ ਦੀ ਪਵਿੱਤਰ ਧਰਤੀ 'ਤੇ ਵਗਦੇ ਨਸ਼ਿਆਂ ਦੇ ਵਹਿਣ ਨੇ ਮਾਵਾਂ ਦੇ ਪੁੱਤਰ ਖਾ ਲਏ ਅਤੇ ਧੀਆਂ ਦੇ ਸੁਹਾਗ ਉਜਾੜ ਦਿੱਤੇ। ਇੱਕ ਪਾਸੇ ਮੁਲਕ ਦੇ ਮੁੱਠੀ ਭਰ ਲੋਕ ਜ਼ਿੰਦਗੀ ਦੀਆਂ ਬਿਹਤਰੀਨ ਸਹੂਲਤਾਂ ਦਾ ਅਨੰਦ ਮਾਣਦੇ ਖੂਬ ਅਯਾਸ਼ੀ ਕਰਦੇ ਹਨ, ਪਰ ਦੂਸਰੇ ਪਾਸੇ ਕਰੋੜਾਂ ਲੋਕ ਦਿਨ ਭਰ ਮਿਹਨਤ ਕਰਨ ਉਪਰੰਤ ਵੀ ਫੁੱਟਪਾਥਾਂ 'ਤੇ ਰਾਤਾਂ ਕੱਟਣ ਲਈ ਮਜਬੂਰ ਹਨ।

ਪੂਰਾ ਸਮਾਜ ਹੀ ਗਰੀਬੀ ਅਤੇ ਸਰਮਾਏਦਾਰੀ ਵਿੱਚ ਵੰਡਿਆ ਪਿਆ ਹੈ। ਇੱਕ ਪਾਸੇ ਲੁੱਟੇ ਅਤੇ ਲਿਤਾੜੇ ਜਾਣ ਵਾਲੇ ਲੋਕ ਅਤੇ ਦੂਜੇ ਪਾਸੇ ਲੁੱਟਮਾਰ ਕਰਨ ਵਾਲੀ ਜਮਾਤ ਖੜ੍ਹੀ ਹੈ, ਜਿਸ ਨੇ ਨਾ ਕੇਵਲ ਕਿਰਤੀ ਜਮਾਤ ਨੂੰ ਆਰਥਿਕ ਤੌਰ 'ਤੇ ਹੀ ਲੁੱਟਿਆ ਹੈ, ਸਗੋਂ ਇਸ ਵਰਗ ਦੇ ਸੱਭਿਆਚਾਰ 'ਤੇ ਵੀ ਹੱਲਾ ਬੋਲ ਰੱਖਿਆ ਹੈ। ਇਸ ਵਰਗ ਨੂੰ ਤੇਰੇ ਸ਼ਹੀਦੀ ਸਮਾਗਮਾਂ ਵੇਲੇ ਵੀ ਅਸੱਭਿਅਕ ਗੀਤਾਂ ਵਿੱਚ ਗੜੁੱਚ ਕਰਕੇ ਤੇਰੀ ਸੋਚ ਤੋਂ ਪਰੇ ਰੱਖਣ ਦੇ ਯਤਨ ਜਾਰੀ ਹਨ। ਕਿੱਥੇ ਇਸ ਵਰਗ ਦਾ ਸੱਭਿਆਚਾਰ ਸੀ ਕਿ:-

ਕਦੇ ਸਾਡਾ ਤਾਂ ਨਾਂਅ ਸੀ ਮਾਂ ਗੁਜਰੀ,  
ਘੜੀ ਘੜੀ ਗੁਜ਼ਰੀ ਤੇ ਪਲ ਪਲ ਗੁਜ਼ਰੀ।  
ਅਸਾਂ ਵਾਰ ਸਰਬੰਸ ਨਾ ਸੀ ਕੀਤੀ,  
ਜਿਹੜੀ ਆਈ ਲਈ ਸਿਰਾਂ 'ਤੇ ਝੱਲ ਗੁਜ਼ਰੀ।

ਤੇ ਹੁਣ ਇਨ੍ਹਾਂ ਲੁਟੇਰੀਆਂ ਜਮਾਤਾਂ ਨੇ ਸਾਡੇ ਸਮਾਜ ਦੇ ਬੱਚਿਆਂ ਅੱਲ੍ਹੜ ਉਮਰ ਦੇ ਮੁੰਡੇ -ਕੁੜੀਆਂ ਅੱਗੇ ਮੋਬਾਇਲ ਅਤੇ ਇੰਟਰਨੈੱਟ ਦੇ ਜ਼ਰੀਏ ਸੋਸ਼ਲ ਮੀਡੀਆ ਦੇ ਨਾਂਅ 'ਤੇ ਅਜਿਹਾ ਨੰਗੇਜ਼ ਭਰਪੂਰ ਕਲਚਰ ਪੇਸ਼ ਕੀਤਾ ਹੈ, ਜਿਸ ਵਿੱਚ ਸਾਡਾ ਇਹ ਬਚਪਨ ਬੁਰੀ ਤਰ੍ਹਾਂ ਫਸ ਚੁੱਕਾ ਹੈ। ਉਦਾਹਰਣ ਵਜੋਂ ਅੱਜ ਜੇ ਕਿਸੇ ਵੀ ਬੱਚੇ ਨੂੰ ਕਿਸੇ ਗੀਤ ਦੀਆਂ ਦੋ ਲਾਈਨਾਂ ਗੁਣਗੁਣਾਉਣ ਨੂੰ ਕਹਿ ਦਿੱਤਾ ਜਾਵੇ ਤਾਂ ਉਹ ਕਿਸੇ ਵੀ ਲੱਚਰ ਗੀਤ ਦੀਆਂ ਤੁਕਾਂ ਬੜੇ ਚਾਅ ਨਾਲ ਗਾਉਣ ਲੱਗੇਗਾ, ਜਿਵੇਂ ਕਿ 'ਪਿਛਲੀ ਗਲੀ ਵਿਚੋਂ ਆ ਜਾ ਸੋਹਣਿਆ, ਆਦਿ ਜਿਨ੍ਹਾਂ ਦੀ ਝਲਕ ਅਸੀਂ ਅੱਜ ਦੀ ਨੌਜਵਾਨੀ ਵੱਲੋਂ ਫੇਸਬੁੱਕ ਅਤੇ ਇੰਸਟਗ੍ਰਾਮ 'ਤੇ ਪਾਈਆਂ ਰੀਲ੍ਹਾਂ ਤੋਂ ਪਾ ਸਕਦੇ ਹਾਂ।

ਇਹ ਸੁਣ ਕੇ ਭਗਤ ਸਿਆਂ ਬੜਾ ਦੁੱਖ ਹੁੰਦਾ ਹੈ ਕਿ ਜਿਸ ਔਰਤ ਨੇ ਤੈਨੂੰ ਜਨਮ ਦਿੱਤਾ, ਜਿਸ ਔਰਤ ਦੇ ਪੇਟ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਵਰਗੇ ਮਹਾਨ ਰਹਿਬਰਾਂ ਨੇ ਜਨਮ ਲਿਆ ਹੈ, ਉਸੇ ਹੀ ਔਰਤ ਜਾਤ ਨੂੰ ਦੋ ਗਿੱਠ ਕੱਪੜਿਆਂ ਵਿੱਚ ਮੀਡੀਆ ਵਿੱਚ ਦਿਖਾਇਆ ਜਾ ਰਿਹੈ ਅਤੇ ਢਿੱਡ ਨੂੰ ਝੁਲਕਾ ਦੇਣ ਖਾਤਰ ਅੱਜ ਵੀ ਤੇਰੇ ਦੇਸ਼ ਦੀਆਂ ਲੱਖਾਂ ਦੇਵੀਆਂ ਆਪਣਾ ਜਿਸਮ ਤੱਕ ਵੇਚਣ ਲਈ ਮਜ਼ਬੂਰ ਹਨ।ਸਿਹਤ, ਸਿੱਖਿਆ, ਘਰ, ਸਾਫ ਹਵਾ, ਪਾਣੀ, ਰੁਜ਼ਗਾਰ ਅਤੇ ਹੋਰ ਮੁਢਲੀਆਂ ਸਹੂਲਤਾਂ ਤੋਂ ਤੇਰੇ ਦੇਸ਼ ਦੇ ਕਰੋੜਾਂ ਕਿਰਤੀ ਲੋਕ ਵਾਂਝੇ ਹਨ। ਇਹ ਤਾਂ ਸੀ ਤੇਰੇ ਪਹਿਲੇ ਸੁਆਲ ਦਾ ਸੰਖੇਪ ਜਿਹਾ ਜੁਆਬ, ਪਰ ਵਿਸਥਾਰ ਨਾਲ ਲਿਖਣ ਲਈ ਤਾਂ ਕਲਮਾਂ ਦੀ ਸਿਆਹੀ ਮੁੱਕ ਜਾਵੇਗੀ, ਕਾਗਜ਼ ਖਤਮ ਹੋ ਜਾਣਗੇ, ਪ੍ਰੰਤੂ ਮੇਰੇ ਦੇਸ਼ ਦੇ ਕਿਰਤੀਆਂ ਦੇ ਦੁਖੜੇ ਫਿਰ ਵੀ ਬਾਕੀ ਰਹਿ ਜਾਣਗੇ।

ਭਗਤ ਸਿਆਂ ਤੇਰੇ ਦੂਜੇ ਸੁਆਲ ਦੇ ਸੰਦਰਭ ਵਿੱਚ ਮੈਂ ਕਹਾਂਗਾ ਕਿ ਤੂੰ ਮੌਤ ਦਾ ਨਹੀਂ, ਸਗੋਂ ਜ਼ਿੰਦਗੀ ਦਾ ਲਾੜਾ ਸੀ। ਜ਼ਿੰਦਗੀ ਦੇ ਗੀਤ ਗਾਉਣ ਵਾਲਾ ਜ਼ਿੰਦਗੀ ਦਾ ਆਸ਼ਕ। ਤੂੰ ਸ਼ਾਂਤੀ, ਆਜ਼ਾਦੀ, ਖੇੜੇ ਅਤੇ ਖੁਸ਼ਹਾਲੀ ਭਰੀ ਮਾਨਵੀ ਜ਼ਿੰਦਗੀ ਦੇ ਸੁਪਨੇ ਦੀ ਖੁਮਾਰੀ ਨਾਲ ਭਰਿਆ ਪਿਆ ਸੀ, ਤੂੰ ਅੰਤਰਰਾਸ਼ਟਰੀ, ਕੌਮੀ ਅਤੇ ਸਥਾਨਕ ਪੱਧਰ ਦੀਆਂ ਤੱਤਕਾਲੀਨ ਰਾਜਨੀਤਿਕ, ਸਮਾਜਿਕ ਆਰਥਿਕ ਅਤੇ ਪ੍ਰਸ਼ਾਸਨਿਕ ਸਥਿਤੀਆਂ ਨੂੰ ਸਮਝਣ ਸਮਝਾਉਣ, ਲਈ ਅਤੇ ਲੋਕਾਂ ਨੂੰ ਅਜ਼ਾਦੀ, ਬਰਾਬਰੀ ਅਤੇ ਸਮਾਜਿਕ ਨਿਆਂ ਲਈ ਸੰਘਰਸ਼ ਕਰਨ ਹਿੱਤ ਜਾਗ੍ਰਿਤ ਕਰਨ ਲਈ ਤੁਰਿਆ ਸੀ, ਨਾ ਕਿ ਮਰਨ ਲਈ।ਨਿਰੀ ਸ਼ਹੀਦੀ ਹੀ ਤੇਰੇ ਜੀਵਨ ਦਾ ਉਦੇਸ਼ ਨਹੀਂ ਸੀ। ਜਿੱਥੇ ਅੱਜ ਦਾ ਦਿਨ ਤੇਰੀ ਸ਼ਹਾਦਤ ਨਾਲ ਸੰਬੰਧਤ ਹੈ, ਉਥੇ ਸਾਰੇ ਸਾਲ ਦਾ ਸਬੰਧ ਉਚ ਆਦਰਸ਼ਾਂ ਨੂੰ ਸਮਰਪਿਤ ਤੇਰੀਆਂ ਸਾਰੀਆਂ ਸਰਗਰਮੀਆਂ ਨਾਲ ਹੈ। ਜੇਕਰ ਸਾਲ ਭਰ ਅਸੀਂ ਤੇਰੇ ਜੀਵਨ ਸੰਗਰਾਮ ਅਤੇ ਜੀਵਨ ਮਨੋਰਥ ਦਾ ਧਿਆਨ ਨਹੀਂ ਧਰਦੇ ਤਾਂ ਇੱਕ ਦਿਨ ਲਈ ਤੇਰੀ ਸ਼ਹਾਦਤ ਨੂੰ ਯਾਦ ਕਰਨ ਦੇ ਪਾਖੰਡ ਦਾ ਕੀ ਲਾਭ ਹੈ?

ਤੁਸੀਂ 8 ਅਪਰੈਲ 1929 ਨੂੰ ਦਿੱਲੀ ਅਸੈਂਬਲੀ ਵਿੱਚ ਬੰਬ ਸੁੱਟਣ ਮਗਰੋਂ ਸੁੱਟੇ ਹੱਥ ਪਰਚਿਆਂ ਵਿੱਚ ਆਪਣੇ ਵਿਚਾਰਾਂ ਨੂੰ ਸਪੱਸ਼ਟ ਕੀਤਾ ਸੀ ਕਿ ਅਸੀਂ ਮਨੁੱਖੀ ਜੀਵਨ ਨੂੰ ਬੜਾ ਪਵਿੱਤਰ ਪਵਿੱਤਰ ਮੰਨਦੇ ਹਾਂ ਅਤੇ ਉਸ ਦੇ ਸੁਨਹਿਰੀ ਭਵਿੱਖ ਦਾ ਸੁਪਨਾ ਦੇਖਦੇ ਹਾਂ ਜਦੋਂ ਮਨੁੱਖ ਪੂਰਨ ਸ਼ਾਂਤੀ ਅਤੇ ਅਜ਼ਾਦੀ ਨਾਲ ਵਿਚਰੇਗਾ। ਸਾਨੂੰ ਇਹ ਪ੍ਰਵਾਨ ਕਰਦਿਆਂ ਦੁੱਖ ਹੁੰਦਾ ਹੈ ਕਿ ਅਸੀਂ ਇਨਸਾਨੀ ਖੂਨ ਡੋਲ੍ਹਣ ਲਈ ਮਜਬੂਰ ਹੋਏ ਹਾਂ।

ਅਸੈਂਬਲੀ ਬੰਬ ਕੇਸ ਵਿੱਚ ਤੇਰਾ ਅਦਾਲਤੀ ਬਿਆਨ ਸੀ ਕਿ ਇਨਕਲਾਬ ਵਾਸਤੇ ਖੂਨੀ ਲੜਾਈਆਂ ਲੜਨੀਆਂ ਜ਼ਰੂਰੀ ਨਹੀਂ ਅਤੇ ਨਾ ਹੀ ਇਸ ਵਿੱਚ ਨਿੱਜੀ ਬਦਲੇ ਲਈ ਕੋਈ ਥਾਂ ਹੈ, ਇਹ ਬੰਬ ਅਤੇ ਪਿਸਤੌਲ ਦਾ ਫਿਰਕਾ ਨਹੀਂ ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ 'ਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ। ਇਸੇ ਦੌਰਾਨ ਤੁਸੀਂ 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੀ ਕਾਨਫਰੰਸ ਜਿਸ ਦੇ ਸਭਾਪਤੀ ਸੁਭਾਸ਼ ਚੰਦਰ ਬੋਸ ਸਨ, ਵਿੱਚ ਘੱਲੇ ਸੰਦੇਸ਼ ਵਿੱਚ ਕਿਹਾ ਸੀ ਕਿ ਅਸੀਂ ਨੌਜਵਾਨਾਂ ਨੂੰ ਬੰਬ, ਬੰਦੂਕਾਂ ਅਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ, ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਕਿਤੇ ਜ਼ਿਆਦਾ ਵੱਡੇ ਕੰਮ ਹਨ।

ਭਗਤ ਸਿਆਂ ਮੇਰੇ ਲਈ ਅਤੇ ਸਮੁੱਚੀ ਕਿਰਤੀ ਜਮਾਤ ਲਈ ਤਾਂ ਤੂੰ ਇਸ ਦੁਨੀਆ 'ਤੇ ਉੱਚ ਕੋਟੀ ਦਾ ਫਿਲਾਸਫਰ, ਮੁਕਤੀ ਦਾਤਾ, ਮਾਰਗ ਦਰਸ਼ਕ, ਚਾਨਣ-ਮੁਨਾਰਾ ਅਤੇ ਇਨਕਲਾਬੀ ਰਹਿਬਰ ਹੈਂ, ਪਰ ਬੜਾ ਦੁੱਖ ਹੁੰਦਾ ਹੈ ਜਦੋਂ ਹਾਕਮ ਜਮਾਤਾਂ ਅਤੇ ਮੌਜੂਦਾ ਨਿਜ਼ਾਮ ਨੇ ਤੇਰੇ ਚਿਹਰੇ-ਮੋਹਰੇ, ਤੇਰੀ ਸੋਚ ਅਤੇ ਤੇਰੀ ਫਿਲਾਸਫੀ ਨੂੰ ਲੋਕਾਂ ਦੇ ਜ਼ਿਹਨ ਵਿੱਚ ਵੱਸਣ ਤੋਂ ਦੂਰ ਰੱਖਿਆ। ਸਮਕਾਲੀ ਦੌਰ ਦਾ ਸਮਾਂ ਹੋਰ ਵੀ ਭਿਆਨਕ ਹੈ, ਜਦੋਂ ਖੁੱਲ੍ਹੀ ਆਰਥਿਕਤਾ ਦੇ ਨਾਂਅ 'ਤੇ ਅਖੌਤੀ ਵਿਸ਼ਵੀਕਰਨ ਦੇ ਵਿਕਾਸ ਮਾਡਲਾਂ ਦਾ ਢੰਡੋਰਾ ਪਿੱਟਿਆ ਜਾ ਰਿਹੈ। ਦੂਜੇ ਪਾਸੇ ਦੇਸ਼ ਅੰਦਰ ਲੋਕ ਸਰੋਕਾਰਾਂ ਨੂੰ ਸਮਰਪਿਤ ਕੋਈ ਠੋਸ ਵਿਚਾਰਧਾਰਾ ਜਾਂ ਲਹਿਰ ਦੀ ਗੈਰਹਾਜ਼ਰੀ ਵਿੱਚ ਇਤਿਹਾਸ ਦੇ ਇਨਕਲਾਬੀ ਸੂਰਬੀਰਾਂ ਤੋਂ ਵਿਚਾਰਧਾਰਕ ਸੇਧ ਲੈਣ ਦੀ ਬਜਾਏ ਇਨ੍ਹਾਂ ਨਾਇਕਾਂ ਦੇ ਬਿੰਬਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਅੱਜ ਤੁਹਾਨੂੰ ਟੀ ਸ਼ਰਟਾਂ, ਪੀਲੀਆਂ ਪੱਗਾਂ ਅਤੇ ਸਟਿੱਕਰਾਂ ਵਿੱਚ ਉਲਝਾ ਕੇ ਤੁਹਾਡੀ ਸੋਚ ਅਤੇ ਚਿੰਤਨ ਨਾਲ ਧ੍ਰੋਹ ਕੀਤਾ ਜਾ ਰਿਹੈ। ਕਿਤੇ ਤੇਰੀ ਮੁੱਛ ਵਾਲੀ ਫੋਟੋ ਲਾ ਕੇ ਲਿਖਿਆ ਹੁੰਦਾ ਕਿ ਹਟ ਪਿੱਛੇ ਮਿੱਤਰਾਂ ਦੀ ਮੁੱਛ ਦਾ ਸੁਆਲ ਐ ਅਤੇ ਕਿਤੇ ਪਿਸਤੌਲ ਵਾਲੀ ਫੋਟੋ ਲਾ ਕੇ ਲਿਖਣਾ ਕਿ ਅੰਗਰੇਜ਼ ਖੰਘੇ ਸੀ, ਤਾਂਹੀਓਂ ਟੰਗੇ ਸੀ ਆਦਿ ਦਾ ਫੈਲਾਅ ਮੰਡੀਵਾਦੀ ਤਾਕਤਾਂ ਦੇ ਭਾਰੂ ਹੋਣ ਦਾ ਸੰਕੇਤ ਹੈ, ਜਿਸ ਨਾਲ ਤੇਰੇ ਤਰਕਸ਼ੀਲ ਚਿੰਤਕ, ਵਿਚਾਰਵਾਨ, ਸਮਾਜਵਾਦੀ ਅਤੇ ਦੂਰਦਰਸ਼ੀ ਸੋਚ ਵਾਲੇ ਬਿੰਬ ਨੂੰ ਨਵੀਂ ਅਤੇ ਪੁਰਾਣੀ ਪੀੜ੍ਹੀ ਨੂੰ ਦੂਰ ਕੀਤਾ ਜਾ ਰਿਹਾ ਹੈ।

ਤੂੰ ਤਾਂ ਸਾਂਡਰਸ ਦੇ ਕਤਲ ਤੋਂ ਬਾਅਦ ਲਹੌਰ ਤੋਂ ਨਿਕਲ ਕੇ ਕਲਕੱਤਾ ਜਾਣ ਲਈ ਅੰਗਰੇਜ਼ਾਂ ਵਰਗਾ ਨਕਲੀ ਭੇਸ ਬਣਾਇਆ ਸੀ ਤਾਂ ਜੋ ਗ੍ਰਿਫ਼ਤਾਰੀ ਤੋਂ ਬਚਦਿਆਂ ਦੇਸ਼ ਅਤੇ ਦੇਸ਼ ਦੇ ਲੋਕਾਂ ਸੰਗ ਵਫ਼ਾ ਨਿਭਾਈ ਜਾ ਸਕੇ ਪ੍ਰੰਤੂ ਅੱਜ ਦੇ ਮੌਜੂਦਾ ਪ੍ਰਬੰਧ ਵੱਲੋਂ ਤੇਰੇ ਨਕਲੀ ਭੇਸ ਨੂੰ ਤੇਰਾ ਸਥਾਈ ਬਿੰਬ ਪੇਸ਼ ਕਰਨ ਦਾ ਕੋਝਾ ਕਾਰਨਾਮਾ ਕੀਤਾ ਜਾ ਰਿਹੈ ਤਾਂ ਜੋ ਤੇਰਾ ਅਸਲੀ ਪ੍ਰਭਾਵ ਲੋਕਾਂ ਦੇ ਜ਼ਿਹਨ ਅੰਦਰ ਨਾ ਬੈਠ ਸਕੇ। ਲੋੜਾਂ ਦੀ ਲੋੜ ਤਾ ਇਹ ਸੀ ਕਿ ਤੇਰੇ ਵਰਗੇ ਕੌਮੀ ਪਰਵਾਨਿਆਂ ਦੀਆਂ ਲਿਖਤਾਂ ਨੂੰ ਭਾਰਤੀ ਸੰਵਿਧਾਨ ਦੇ ਖਰੜੇ ਵਿੱਚ ਸ਼ਾਮਲ ਕੀਤਾ ਜਾਂਦਾ। ਤੁਹਾਡੇ ਬੁੱਤ ਪਾਰਲੀਮੈਂਟਾਂ, ਰਾਜ ਸਭਾਵਾਂ, ਵਿਧਾਨ ਸਭਾਵਾਂ ਅਤੇ ਹੋਰ ਢੁੱਕਵੀਂਆਂ ਥਾਵਾਂ 'ਤੇ ਲਗਾ ਕੇ ਲੋਕ ਮਨਾਂ ਅੰਦਰ ਕੌਮੀ ਪ੍ਰਵਾਨਿਆਂ ਦੀ ਸੋਚ ਦੀ ਲਾਟ ਨੂੰ ਮਘਦੀ ਰੱਖਿਆ ਜਾਂਦਾ, ਪ੍ਰੰਤੂ ਇੰਜ ਨਹੀਂ ਹੋਇਆ। ਮੇਰੇ ਦੋਸਤ! ਗੱਲ ਇੱਥੇ ਹੀ ਖਤਮ ਨਹੀਂ ਹੋ ਜਾਂਦੀ ਕਈ ਚਿੱਤਰਕਾਰਾਂ ਨੇ ਤਾਂ ਤੇਰੀਆਂ ਮੁੱਛਾਂ ਨੂੰ ਇੰਨੀਆਂ ਲੰਮੀਆਂ ਅਤੇ ਭਰਵੀਆਂ ਦਿਖਾਇਆ ਹੈ ਕਿ ਤੇਰੀ ਉਮਰ ਹੀ ਅਸਲੀ ਉਮਰ ਨਾਲੋਂ ਡੇਢੀ ਦੁੱਗਣੀ ਨਜ਼ਰ ਆਉਂਦੀ ਹੈ।

ਅੱਜਕੱਲ੍ਹ ਤੇਰਾ ਇੱਕ ਪੋਸਟਰ ਬੜਾ ਪ੍ਰਚੱਲਿਤ ਹੈ, ਜਿਸ ਵਿਚ ਤੈਨੂੰ ਅਸ਼ੋਕ ਚੱਕਰ ਵਾਲਾ ਵੱਡਾ ਸਾਰਾ ਝੰਡਾ ਫੜੀ ਦਿਖਾਇਆ ਗਿਆ ਹੈ, ਜਦ ਕਿ ਵਰਤਮਾਨ ਰਾਸ਼ਟਰੀ ਝੰਡੇ ਦਾ ਇਹ ਸਰੂਪ ਤੇਰੀ ਸ਼ਹਾਦਤ ਤੋਂ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਮਗਰੋਂ ਹੋਂਦ ਵਿੱਚ ਆਇਆ ਸੀ। ਜਿੰਨੀ ਗੈਰਜ਼ਿੰਮੇਵਾਰੀ ਦਾ ਪ੍ਰਦਰਸ਼ਨ ਇਨ੍ਹਾਂ ਪੋਸਟਰ ਬਣਾਉਣ ਵਾਲੇ ਪੰਜਾਬੀ ਚਿੱਤਰਕਾਰਾਂ ਨੇ ਕੀਤਾ ਹੈ, ਸ਼ਾਇਦ ਹੀ ਕਿਸੇ ਹੋਰ ਵਰਗ ਨੇ ਕੀਤਾ ਹੋਵੇਗਾ।ਜਿਸ ਦਾ ਅਗਾਂਹਵਧੂ ਸੰਸਥਾਵਾਂ, ਸਿੱਖਿਆ ਅਤੇ ਪੁਰਾਤੱਤਵ ਇਤਿਹਾਸ ਨਾਲ ਜੁੜੇ ਵਿਭਾਗਾਂ ਨੂੰ ਨੋਟਿਸ ਲੈਣਾ ਬਣਦਾ ਹੈ।ਤੇਰੇ ਅਕਸ ਨੂੰ ਵਿਗਾੜਨ ਦੀ ਰਹਿੰਦੀ ਕਸਰ ਬੇਸੁਰਾ ਗਾਉਣ ਵਾਲੇ ਪੰਜਾਬੀ ਦੇ ਫੁਕਰੇ ਕਲਾਕਾਰ ਪੂਰੀ ਕਰੀ ਜਾ ਰਹੇ ਹਨ, ਜਿਨ੍ਹਾਂ ਨੂੰ ਕੰਨਾਂ ਵਿੱਚ ਤੇਲ ਪਾਈ ਜਨਤਾ ਬਿਨਾਂ ਸੋਚੇ-ਸਮਝੇ ਦੇਖੀ ਅਤੇ ਸੁਣੀ ਜਾ ਰਹੀ ਹੈ।ਲੋਕਾਂ ਨੂੰ ਸ਼ਾਇਦ ਆਪਣੇ ਅਮੀਰ ਸੱਭਿਆਚਾਰ ਅਤੇ ਵਿਰਸੇ ਉਪਰ ਹੋ ਰਹੇ ਕੋਝੇ ਹਮਲੇ ਦੀ ਸਾਰ ਨਹੀਂ ਹੈ।

ਬਸ! ਮੈਂ ਤੇਰੇ ਦੂਸਰੇ ਸੁਆਲ ਦਾ ਜੁਆਬ ਵੀ ਆਪਣੀ ਤੁਸ਼ ਜਿਹੀ ਬੁੱਧੀ ਅਨੁਸਾਰ ਏਨਾ ਕੁ ਹੀ ਦੇਣ ਦੇ ਕਾਬਿਲ ਹਾਂ। ਮੇਰੇ ਅੰਦਰ ਤੇਰੇ ਇਨ੍ਹਾਂ ਸੁਆਲਾਂ ਦੇ ਜੁਆਬ ਦੇਣ ਦੀ ਯੋਗਤਾ ਤਾਂ ਨਹੀਂ ਹੈ, ਪਰ ਫਿਰ ਵੀ ਮੈਂ ਕੋਸ਼ਿਸ਼ ਜ਼ਰੂਰ ਕੀਤੀ ਹੈ।

ਅੰਤ ਵਿੱਚ ਅੱਜ ਮੈਂ ਆਪਣੇ ਪਿੰਡ ਲੰਗੇਰੀ ਵਿੱਚ ਤੇਰੇ ਬੁੱਤ ਦੇ ਸਾਹਮਣੇ ਖੜ੍ਹਾ ਹੋ ਕੇ ਤੇਰੇ ਨਾਲ ਗੱਲਬਾਤ ਕਰਨ ਦਾ ਹੌਸਲਾ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਤੂੰ ਇੱਕ ਵਾਰ ਫਿਰ ਪਰਤੇਂਗਾ ਤੇ ਫਿਰ ਮੇਰੇ ਨਾਲ ਗੱਲਬਾਤ ਕਰਨ ਦੀ ਬਜਾਏ ਹੁਣ ਦੇ ਹਾਲਾਤ ਨੂੰ ਆਪਣੀਆਂ ਅੱਖਾਂ ਨਾਲ ਦੇਖ ਅਤੇ ਕੰਨਾਂ ਨਾਲ ਸੁਣ ਸਕੇਂਗਾ। ਫਿਰ ਇਹ ਲੋਕ-ਦੋਖੀ ਨਿਜ਼ਾਮ ਢਹਿ-ਢੇਰੀ ਹੋਵੇਗਾ ਤੇ ਹਕੀਕਤ ਵਿੱਚ ਤੇਰੇ ਸੁਪਨਿਆਂ ਦਾ ਭਾਰਤ ਤੇਰੇ ਵਿਚਾਰਾਂ ਨਾਲ ਸਿਰਜੇਗਾ। ਯੁੱਗਾਂ-ਯੁਗਾਂਤਰਾਂ ਤੱਕ ਨੌਜਵਾਨ ਰਹਿਣ ਵਾਲੇ ਭਗਤ ਸਿੰਆਂ ਅਸੀਂ ਬੁੱਢੇ ਹੋ ਜਾਣਾ, ਮਰ ਮੁੱਕ ਜਾਣਾ, ਪਰ ਤੂੰ ਹਮੇਸ਼ਾ 23 ਸਾਲ ਦਾ ਭਰ ਜਵਾਨ ਨੌਜਵਾਨ ਗੱਭਰੂ ਹੀ ਰਹਿਣੈ। ਇਸ ਉਮੀਦ ਨਾਲ ਕਿ ਤੇਰੀ ਸੋਚ ਦਾ ਢਾਂਚਾ ਫਿਰ ਉੱਸਰੇਗਾ ਤੇ ਮੈਂ ਤੇਰੇ ਪਰਤਣ 'ਤੇ ਤੇਰੇ ਅਤੇ ਤੇਰੇ ਲੋਕਾਂ ਸੰਗ ਮਿਲ ਕੇ ਗਾਵਾਂਗਾ:-

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ,  
ਮਜ਼੍ਹਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ।  
ਦੁਨੀਆ 'ਤੇ ਇੱਕੋ ਹੀ ਜਮਾਤ ਹੋਵੇਗੀ,  
ਰੋਜ਼ ਹੀ ਦੀਵਾਲੀ ਵਾਲੀ ਰਾਤ ਹੋਵੇਗੀ।  
ਰੱਜ-ਰੱਜ ਖਾਣਗੇ ਕਮਾਊ ਹਾਣੀਆਂ,  
ਸੋਨੇ ਦੀ ਸਵੇਰ ਫਿਰ ਆਊ ਹਾਣੀਆਂ॥

**# ਸੰਪਰਕ : 94632-60181**

# ਪਾਸ਼ : ਮੜਕ ਨਾਲ ਜ਼ਿੰਦਗੀ ਜਿਉਣਾ ਲੋਚਦਾ ਰਿਹਾ

**ਨਰਭਿੰਦਰ**

ਅਸੀਂ ਰੋਜ਼ ਵਾਂਗੂੰ 'ਜੈਕਾਰਾ' ਦਫ਼ਤਰ ਬੈਠੇ ਸਾਂ ਜਦੋਂ ਇਹ ਮਨਹੂਸ ਖ਼ਬਰ ਪਹੁੰਚੀ ਪਾਸ਼ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਸਾਫ਼ ਸੀ ਸਾਰੇ ਰੁਝੇਵੇਂ ਛੱਡ ਕੇ ਤਲਵੰਡੀ ਸਲੇਮ ਪਹੁੰਚਣਾ ਸੀ। ਮਾਸਟਰ ਸੁਖਰ ਦਰਸ਼ਨ ਇੰਤਜ਼ਾਰ ਹੀ ਕਰ ਰਹੇ ਸਨ। ਐਨੇ ਨੂੰ ਦਰਸ਼ਨ ਖਟਕੜ ਤੇ ਹੋਰ ਵੀ ਲਹਿਰ ਦੇ ਹਮਦਰਦ ਸਾਥੀ ਪਹੁੰਚ ਚੁੱਕੇ ਸਨ। ਤਲਵੰਡੀ ਸਲੇਮ 'ਚ ਪਾਸ਼ ਤੇ ਹੰਸ ਰਾਜ ਦੀ ਸ਼ਹਾਦਤ ਸੋਗਮਈ ਸ਼ਾਂਤੀ ਸੀ, ਜਿਸ ਨੂੰ ਇਨਕਲਾਬੀ ਕਾਫ਼ਲਿਆਂ ਦੇ ਰੋਹਲੇ ਨਾਅਰਿਆਂ ਨੇ ਗ਼ਮ ਨੂੰ ਗੁੱਸੇ ਵਿੱਚ ਬਦਲ ਦਿੱਤਾ ਸੀ।

ਖਾਲਿਸਤਾਨੀ ਦਹਿਸ਼ਤਗਰਦਾਂ ਵੱਲੋਂ ਪਾਸ਼ ਦਾ ਕਤਲ ਕਾਇਰਤਾ ਦੀ ਨਿਸ਼ਾਨੀ ਸੀ। ਪਾਸ਼ ਤੇ ਹੰਸ ਰਾਜ ਨੇ ਕਦੇ ਬੰਦੂਕ ਨਹੀਂ ਸੀ ਚੁੱਕੀ, ਉਹ ਤਾਂ ਕਲਮ ਦਾ ਵਣਜਾਰਾ ਰਿਹਾ। ਕਲਮ ਜਿਹਨੇ ਲੋਹਾ ਖਾਧਾ ਸੀ, ਕਲਮ ਜਿਹਨੇ ਖੇਤਾਂ 'ਚ ਕਿਰਤੀਆਂ ਦੇ ਡੁੱਲ੍ਹੇ ਲਹੂ 'ਚ ਡੁੱਬ ਕੇ ਧਰਤੀ ਤੇ ਆਕਾਸ਼ ਉਤੇ ਲਫ਼ਜ਼ਾਂ, ਸ਼ਬਦਾਂ ਦੀ ਇਬਾਦਤ ਲਿਖੀ ਸੀ। ਪਰ ਕਾਇਰਾਂ ਨੂੰ ਅਜਿਹੇ ਲਫ਼ਜ਼ ਹੀ ਤਾਂ ਡਰਾਉਂਦੇ ਹਨ। 1988 ਤੋਂ ਪਹਿਲਾਂ ਪਾਸ਼ ਤੇ ਉਹਦੀ ਕਵਿਤਾ ਵਿਸ਼ੇਸ਼ ਕਰਕੇ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਸੀ, ਪਰ ਪਿੱਛੋਂ ਉਹ ਪੂਰੇ ਭਾਰਤ ਦੇ ਨੌਜਵਾਨਾਂ ਦੀਆਂ ਰਗਾਂ 'ਚ ਵਸ ਗਿਆ।

ਪਾਸ਼ ਹੀ ਕਹਿੰਦਾ ਹੈ:

ਕਵਿਤਾ ਬਹੁਤ ਹੀ ਨਿਸੱਤੀ ਹੋ ਗਈ ਹੈ  
ਜਦੋਂ ਕਿ ਹਥਿਆਰਾਂ ਦੇ ਨਹੁੰ  
ਭੈੜੀ ਤਰ੍ਹਾਂ ਵਧ ਆਏ ਹਨ  
ਤੇ ਹੁਣ  
ਹਰ ਤਰ੍ਹਾਂ ਦੀ ਕਵਿਤਾ ਤੋਂ ਪਹਿਲਾਂ  
ਹਥਿਆਰਾਂ ਨਾਲ ਯੁੱਧ ਕਰਨਾ ਜ਼ਰੂਰੀ  
ਹੋ ਗਿਆ ਹੈ


ਸੱਚੀਓਂ ਹੀ ਪਾਸ਼ ਨੇ ਸਮੇਂ ਦੇ ਜਾਬਰਾਂ ਦੇ ਹਥਿਆਰਾਂ ਨਾਲ ਸ਼ਬਦਾਂ ਦਾ ਹਥਿਆਰ ਫੜ ਕੇ ਯੁੱਧ ਲੜਿਆ। ਇਹ ਉਹੀ ਕਹਿ ਸਕਦਾ ਸੀ ਮੈਂ 'ਖੇਤਾਂ ਦਾ ਪੁੱਤ ਹੋ ਕੇ ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਨਹੀਂ ਕਰ ਸਕਦਾ।" ਪਾਸ਼ ਜਮਾਤੀ ਨਜ਼ਰੀਏ ਤੋਂ ਸਪੱਸ਼ਟ ਸੀ ਕਿ ਕਿਰਤੀਆਂ ਦੇ ਖੇਤਾਂ 'ਚ ਡੁੱਲ੍ਹੇ ਖੂਨ-ਪਸੀਨੇ ਨੂੰ ਕਿਹੜੇ ਦੁਸ਼ਮਣ ਡੀਕ ਰਹੇ ਹਨ। ਉਹਨੂੰ ਇਲਮ ਸੀ ਪਿੰਡ ਦੇ ਸ਼ਾਹੂਕਾਰ ਦੀ ਪੂਛ ਰਾਜਧਾਨੀ 'ਚ ਬੈਠੇ ਜ਼ਹਿਰੀ ਨਾਗਾਂ ਤੱਕ ਹੀ ਨਹੀਂ ਪਸਰੀ ਹੋਈ, ਸਗੋਂ ਵਾਸ਼ਿੰਗਟਨ ਤੱਕ ਫੈਲੀ ਹੋਈ ਹੈ।

ਪਾਸ਼ ਜ਼ਿੰਦਗੀ ਦਾ ਕਵੀ ਸੀ ਤੇ ਹੈ। ਉਹ ਜ਼ਿੰਦਗੀ ਜਿਊਣ ਦੀ ਲੋਚਾ ਰੱਖਦਾ ਹੈ, ਇਸੇ ਕਰਕੇ ਉਹ ਮੁੱਢੋਂ-ਸੁੱਢੋਂ ਇਸ ਨੂੰ ਬਦਲਣ ਲਈ ਅਹੁਲਦਾ ਰਿਹਾ:

ਅਸੀਂ ਨਹੀਂ ਚਾਹੁੰਦੇ  
ਪੁਲਸ ਦੀਆਂ ਲਾਠੀਆਂ 'ਤੇ ਟੰਗੀਆਂ ਕਿਤਾਬਾਂ ਨੂੰ ਪੜ੍ਹਨਾ  
ਅਸੀਂ ਨਹੀਂ ਚਾਹੁੰਦੇ  
ਹੁਨਰ ਦੇ ਗੀਤ, ਫੌਜੀ ਬੂਟਾਂ ਦੀਆਂ ਟਾਪਾਂ 'ਤੇ ਗਾਉਣਾ  
ਅਸੀਂ ਤਾਂ ਰੁੱਖਾਂ 'ਤੇ ਛਣਕਦੇ ਸੰਗੀਤ ਨੂੰ  
ਸਧਰਾਏ ਹੋਏ ਪੋਟਿਆਂ ਦੇ ਨਾਲ ਛੂਹ ਕੇ ਵੇਖਣਾ ਚਾਹੁੰਦੇ ਹਾਂ  
ਅੱਥਰੂ ਗੈਸ ਦੇ ਧੂੰਏਂ 'ਚ ਲੂਣ ਚੱਟਣਾ ਜਾਂ ਆਪਣੀ ਹੀ ਜੀਓ 'ਤੇ  
ਆਪਣੇ ਹੀ ਲਹੂ ਦਾ ਸਵਾਦ ਚੱਖਣਾ  
ਕਿਸੇ ਲਈ ਵੀ ਮਨੋਰੰਜਨ ਨਹੀਂ ਹੋ ਸਕਦਾ  
ਪਰ  
ਅਸੀਂ ਐਂਵੇਂ ਮੁੱਚੀਂ ਦਾ ਕੁਝ ਨਹੀਂ ਚਾਹੁੰਦੇ  
ਅਸੀਂ ਤਾਂ ਸਾਰਾ ਕੁਝ ਸੱਚੀਂ ਮੁੱਚੀਂ ਦਾ ਦੇਖਣਾ ਚਾਹੁੰਦੇ ਹਾਂ  
ਜ਼ਿੰਦਗੀ, ਸਮਾਜਵਾਦ ਜਾਂ ਕੁਝ ਹੋਰ

ਪਾਸ਼ ਹਕੀਕੀ ਜ਼ਿੰਦਗੀ ਦੀ ਤਲਾਸ਼ ਲਈ ਸੰਘਰਸ਼ਸ਼ੀਲ ਰਿਹਾ ਤਾਂ ਹੀ ਉਹ ਕਹਿੰਦਾ ਹੈ: "ਜ਼ਿੰਦਗੀ ਜੇ ਕਵਿਤਾ ਵਰਗੀ ਹੁੰਦੀ ਤਾਂ ਅਸੀਂ ਖਾਮੋਸ਼ ਹੀ ਰਹਿੰਦੇ", "ਪਾਣੀ ਨਾਲ ਜੇ ਢਿੱਡ ਭਰ ਸਕਦਾ ਤਾਂ ਪੀ ਕੇ ਸੌਂ ਜਾਂਦੇ," ਪਰ ਇਥੇ ਤਾਂ ਕੁਝ ਵੀ ਨਹੀਂ ਦਿਖਦਾ, ਅਮਨ ਦੀਆਂ ਘੁੱਗੀਆਂ ਵਰਗਾ' ਇਸੇ ਕਰਕੇ ਉਹ ਕਹਿੰਦਾ ਹੈ, "ਅਸੀਂ ਖੋਹਣੀ ਹੈ, ਆਪਣੀ ਚੋਰੀ ਹੋਈ ਰਾਤਾਂ ਦੀ ਨੀਂਦ, ਅਸੀਂ ਟੋਹਣਾ ਹੈ ਜ਼ੋਰ, ਖ਼ੂਨ ਨਾਲ ਲਿੱਬੜੇ ਹੱਥਾਂ ਦਾ।"

ਇਸੇ ਕਰਕੇ ਉਹ ਕੂਕਦਾ ਹੈ; "ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ", ਉਹ "ਦੋ ਰੋਟੀਆਂ ਤੇ ਮਾੜੀ ਜਿਹੀ ਰਜਾਈ ਬਦਲੇ ਯੁੱਧ ਦੇ ਆਕਾਰ ਨੂੰ ਸੰਗੋੜਨ" ਦਾ ਮੁਦਈ ਨਹੀਂ ਸੀ। ਉਹ ਅਜਿਹੀ ਸ਼ਾਂਤੀ ਲਈ ਗੀਂਗਣ ਵਾਲਿਆਂ 'ਚੋਂ ਨਹੀਂ, ਜਿਹੜੀ ਸ਼ਾਂਤੀ ਬਘਿਆੜਾਂ ਦੇ ਜੁਬਾੜ੍ਹਿਆਂ 'ਚ ਸਵਾਦ ਬਣ ਕੇ ਟਪਕਦੀ ਹੈ। ਉਹ ਗੋਡਿਆਂ 'ਚ ਧੌਣ ਦੇ ਕੇ ਜ਼ਿੰਦਗੀ ਦੇ ਸੁਪਨੇ ਵੇਖਣ ਵਾਲਿਆਂ 'ਚੋਂ ਨਹੀਂ। ਉਹ ਕਹਿੰਦਾ ਹੈ, "ਸ਼ਾਂਤੀ ਵੀਣੀ 'ਚ ਖੁੱਭੀ ਵੰਗ ਦਾ ਹੰਝੂ ਜੇਡਾ ਜ਼ਖ਼ਮ ਹੈ। ਸ਼ਾਂਤੀ ਢੋਹੇ ਫਾਟਕ ਦੇ ਪਿੱਛੇ, ਮੱਛਰੀਆਂ ਹਵੇਲੀਆਂ ਦਾ ਹਾਸਾ ਹੈ। ਸ਼ਾਂਤੀ ਰੁਲਦੀਆਂ ਦਾਹੜੀਆਂ ਦਾ ਹਉਕਾ ਹੈ। ਸ਼ਾਂਤੀ ਪੁਰਸਕਾਰ ਲੈਂਦੇ ਕਵੀਆ ਦੀਆਂ ਵਧੀਆਂ ਹੋਈਆਂ ਬਾਹਾਂ ਦਾ ਟੁੰਡ ਹੈ।" ਪਾਸ਼ ਹੀ ਕਹਿੰਦਾ ਹੈ, "ਯੁੱਧ ਤੋਂ ਬਿਨਾਂ ਬਹੁਤ ਸੀਮਤ ਹੁੰਦੇ ਹਾਂ ਅਸੀਂ, "ਉਹ ਯੁੱਧ ਨੂੰ ਇਸ਼ਕ ਦੀ ਸਿਖ਼ਰ



ਦਾ ਨਾਂਅ ਦਿੰਦਾ ਹੈ, ਉਹ 'ਯੁੱਧ ਨੂੰ ਲਹੂ ਦੇ ਲਾਡ' ਨਾਲ ਪੁਕਾਰਦਾ ਹੈ, ਯੁੱਧ 'ਚੋਂ ਜੀਊਣ ਦਾ ਨਿੱਘੀ ਤਲਾਸ਼ਦਾ ਹੈ। ਉਹਨੇ ਹੀ ਕਾਵਿਕ ਸ਼ਬਦਾਂ 'ਚ ਦੱਸਿਆ ਕਿ, "ਯੁੱਧ ਵਿੱਚ ਰੋਟੀ ਦੇ ਹੁਸਨ ਨੂੰ ਨਿਹਾਰਨ ਜਿਹੀ ਸੂਖਮਤਾ ਹੈ। ਯੁੱਧ ਆਪਣੇ ਆਪ ਵਿੱਚ ਵੀ ਮੋਹ ਭਿੱਜਿਆ ਸੰਬੋਧਨ ਏ। ਪਾਸ਼ ਜ਼ਿੰਦਗੀ ਲਈ ਯੁੱਧ ਕਰਨ ਲਈ ਨਾ ਸਿਰਫ਼ ਪ੍ਰੇਰਦਾ ਹੈ, ਸਗੋਂ ਆਸ ਰੱਖਦਾ ਹੈ ਕਿ 'ਯੁੱਧ ਬੁੱਢੀ ਮਾਂ ਲਈ ਨਿਗਾਹ ਦੀ ਐਨਕ ਬਣੇਗਾ ਤੇ ਸਾਡੇ ਵਡੇਰਿਆਂ ਦੀਆਂ ਕਬਰਾਂ ਉਤੇ ਫੁੱਲ ਬਣ ਕੇ ਖਿੜੇਗਾ।'

ਪਾਸ਼ ਯੁੱਧ ਲੜਿਆ 'ਤੇ ਨਿੱਠ ਕੇ ਲੜਿਆ। ਪਹਿਲਾਂ ਉਸ ਜਾਬਰ ਹਕੂਮਤ ਨਾਲ ਜਿਹੜੇ ਰੋਸ਼ਨ ਦਿਮਾਗ਼ ਨੌਜਵਾਨਾਂ ਨੂੰ ਜੋ ਨਵੀਂ ਸਵੇਰ ਨਵੇਂ ਸਮਾਜ ਲਈ ਅਹੁਲ ਰਹੇ ਸਨ, ਮੁਕਾਬਲੇ ਬਣਾ ਕੇ ਖਪਾ ਦਿੱਤਾ ਉਸ ਖ਼ਿਲਾਫ਼। ਉਹਦੀ ਕਵਿਤਾ ਜੇਲ੍ਹ 'ਚ ਵੀ ਬੰਦ ਹੋਈ, ਪਰ ਗਿੜਗਿੜਾਈ ਨਹੀਂ, ਉਹ ਗਰਜਿਆ :

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ  
ਅਸੀਂ ਲੜਾਂਗੇ ਸਾਥੀ ਗੁਲਾਮ ਸਧਰਾਂ ਲਈ  
ਅਸੀਂ ਚੁਣਾਂਗੇ ਸਾਥੀ ਜ਼ਿੰਦਗੀ ਦੇ ਟੁਕੜੇ  
ਅਸੀਂ ਲੜਾਂਗੇ ਜਦ ਤੱਕ  
ਦੁਨੀਆ 'ਚ ਲੜਨ ਦੀ ਲੋੜ ਬਾਕੀ ਹੈ  
ਜਦੋਂ ਬੰਦੂਕ ਨਾ ਹੋਈ ਤਲਵਾਰ ਹੋਵੇਗੀ  
ਜਦੋਂ ਤਲਵਾਰ ਨਾ ਹੋਈ  
ਲੜਨ ਦੀ ਲਗਨ ਹੋਵੇਗੀ  
ਲੜਨ ਦੀ ਜਾਚ ਨਾ ਹੋਈ  
ਲੜਨ ਦੀ ਲੋੜ ਹੋਵੇਗੀ  
ਅਸੀਂ ਲੜਾਂਗੇ  
ਕਿ ਲੜਨ ਬਾਜੋਂ ਕੁਝ ਨਹੀਂ ਮਿਲਦਾ  
ਅਸੀਂ ਲੜਾਂਗੇ  
ਆਪਣੀ ਸਜ਼ਾ ਕਬੂਲਣ ਲਈ  
ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ

ਫਿਰ ਉਹ ਉਸ ਦੌਰ 'ਚ ਲੜਿਆ, ਜਦੋਂ ਧਾਰਮਿਕ ਕੱਟੜਤਾਵਾਦ ਦਾ ਬੋਲਬਾਲਾ ਸੀ। ਪੰਜਾਬ ਕਾਲੇ ਸੰਤਾਪੇ ਦੌਰ 'ਚ ਸੀ, ਇਸ ਦੌਰ 'ਚ ਉਹਦੀ ਕਵਿਤਾ ਬੋਲੀ, "ਮੇਰਾ ਇੱਕ ਹੀ ਪੁੱਤ ਹੈ ਧਰਮ ਗੁਰੂ, ਮਰਦ ਵਿਚਾਰਾ ਸਿਰ 'ਤੇ ਨਹੀਂ ਰਿਹਾ। ਤੇਰੇ ਇਸ ਤਰ੍ਹਾਂ ਗਰਜਣ ਤੋਂ ਬਾਅਦ, ਮਰਦ ਤਾਂ ਦੂਰ-ਦੂਰ ਤੱਕ ਕਿਤੇ ਨਹੀਂ ਬਚੇ ਤੇਰੀ ਇੱਕ ਮਾੜੀ ਜਿਹੀ ਤਿਊੜੀ ਵੀ ਚੰਗੇ-ਭਲੇ ਪਰਵਾਰਾਂ ਨੂੰ ਇੱਜੜ ਬਣਾ ਦਿੰਦੀ ਹੈ।" ਉਹ ਬੇਖੌਫ਼ ਕਹਿੰਦਾ ਹੈ, "ਤੇਰੇ ਬਾਰੂਦ ਵਿੱਚ ਰੱਬੀ ਮਹਿਕ ਹੈ, ਤੇਰਾ ਬਾਰੂਦ ਰਾਤਾਂ ਨੂੰ ਰੌਣਕਾਂ ਵੰਡਦਾ ਹੈ", "ਮੈਂ ਤੇਰੀ ਆਸਤਕ ਗੋਲੀ ਨੂੰ ਅਰਗ ਦਿਆ ਕਰਾਂਗੀ, ਮੇਰਾ ਇੱਕ ਹੀ ਪੁੱਤ ਹੈ ਧਰਮ ਗੁਰੂ...।" ਇਸੇ ਦੌਰ ਦੀ ਉਹਦੀ ਇੱਕ ਸ਼ਾਹਕਾਰ ਰਚਨਾ ਸਾਹਮਣੇ ਆਈ, 'ਸਭ ਤੋਂ ਖ਼ਤਰਨਾਕ'। ਉਹ ਕਹਿੰਦਾ ਹੈ ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ, ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ, ਗਦਾਰੀ ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ। ਸਹੀ ਹੁੰਦਿਆਂ ਦਬ ਜਾਣਾ ਖ਼ਤਰਨਾਕ ਨਹੀਂ ਹੁੰਦਾ-

ਸਭ ਤੋਂ ਖ਼ਤਰਨਾਕ ਹੁੰਦਾ ਹੈ  
ਮੁਰਦਾ ਸ਼ਾਂਤੀ ਨਾਲ ਭਰ ਜਾਣਾ  
ਨਾ ਹੋਣਾ ਤੜਪ ਦਾ ਸਭ ਸਹਿਣ ਕਰ ਜਾਣਾ  
ਸਭ ਤੋਂ ਖ਼ਤਰਨਾਕ ਹੁੰਦਾ ਹੈ  
ਸਾਡੇ ਸੁਪਨਿਆਂ ਦਾ ਮਰ ਜਾਣਾ  
ਸਭ ਤੋਂ ਖ਼ਤਰਨਾਕ ਉਹ ਅੱਖ ਹੁੰਦੀ ਹੈ  
ਜਿਹੜੀ ਸਭ ਕੁਝ ਦੇਖਦੀ ਹੋਈ ਠੰਢੀ ਯਖ ਹੁੰਦੀ ਹੈ

ਪਾਸ਼ ਚੌਕਸ ਕਰਦਾ ਹੈ, 'ਸਭ ਤੋਂ ਖ਼ਤਰਨਾਕ ਉਹ ਦਿਸ਼ਾ ਹੁੰਦੀ ਹੈ, ਜਿਹਦੇ 'ਚ ਆਤਮਾ ਦਾ ਸੂਰਜ ਡੁੱਬ ਜਾਵੇ।' ਪਾਸ਼ ਹੀ ਹੈ, ਜੋ ਇਹ ਕਹਿੰਦਾ ਹੈ, 'ਇਹਦਾ ਜੋ ਵੀ ਨਾਂਅ ਹੈ, ਗੁੰਡਿਆਂ ਦੀ ਸਲਤਨਤ ਦਾ, ਮੈਂ ਇਸ ਦੇ ਨਾਗਰਿਕ ਹੋਣ ਉਤੇ ਥੁੱਕਦਾ ਹਾਂ।' ਪਾਸ਼ ਦੀ ਕਵਿਤਾ ਅਜੋਕੇ ਚੁਣੌਤੀ ਭਰੇ ਸਮਿਆਂ ਵਿੱਚ ਅੱਜ ਵੀ ਰਾਹ-ਦਰਸਾਵਾ ਹੈ। ਪਾਸ਼ ਮੜ੍ਹਕ ਨਾਲ ਜ਼ਿੰਦਗੀ ਜਿਊਣ ਦੀ ਜਾਚ ਸਿਖਾਉਂਦਾ ਹੈ। ਪਾਸ਼ ਇਸ ਮਨੁੱਖ ਦੋਖੀ ਵਿਵਸਥਾ ਨੂੰ ਤਬਦੀਲ ਕਰਨ ਦੀ ਲੋਚਾ ਦੀ ਪਿਉਂਦ ਲਾਉਂਦਾ ਹੈ। ਇਸੇ ਕਰਕੇ ਸੰਘਰਸ਼ਸ਼ੀਲ ਨੌਜਵਾਨਾਂ ਲਈ ਪਾਸ਼ ਦੀ ਕਵਿਤਾ ਸੰਘਰਸ਼ ਲਈ ਰੂਹ ਦੀ ਖ਼ੁਰਾਕ ਹੈ।

***# ਸੰਪਰਕ : 93544-30211***

# ਠੇਕਾ ਮੁਲਾਜ਼ਮਾਂ ਵੱਲੋਂ ਕੈਬਨਿਟ ਮੰਤਰੀ ਜੌੜਾਮਾਜਰਾ ਖਿਲਾਫ ਅਰਥੀ ਫੂਕ ਪ੍ਰਦਰਸ਼ਨ

**ਸਮੂਹ ਵਿਭਾਗਾਂ ਦੇ ਆਊਟਸੋਰਸ/ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਫੈਸਲੇ ਤਹਿਤ ਠੇਕਾ ਮੁਲਾਜ਼ਮਾਂ ਵੱਲੋਂ ਮੰਨੇ ਬਿਜਲੀ ਘਰ ਸ੍ਰੀ ਮੁਕਤਸਰ ਸਾਹਿਬ ਵਿਖੇ ਵਿਸ਼ਾਲ ਇਕੱਠ ਕਰਨ ਉਪਰੰਤ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਖਿਲਾਫ ਅਰਥੀ ਫੂਕ ਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਮੋਰਚੇ ਦੇ ਆਗੂਆਂ ਬਲਜੀਤ ਸਿੰਘ ਭੱਟੀ, ਕੇਸਰ ਸਿੰਘ, ਸੁਰਜੀਤ ਸਿੰਘ ਤੱਖੀ, ਵਰਿੰਦਰਪਾਲ ਸਿੰਘ, ਮਨਜਿੰਦਰ ਸਿੰਘ, ਜਸਵੀਰ ਸਿੰਘ ਕਾਲਾ, ਬਿਕਰਮਜੀਤ ਸਿੰਘ ਕਪੂਰ, ਜਗੀਰ ਸਿੰਘ, ਗੁਰਪਾਲ ਸਿੰਘ ਨੇ ਕਿਹਾ ਕਿ ਸੂਬੇ 'ਚ ਬਦਲਾਅ ਲਿਆਉਣ ਦੇ ਨਾਮ 'ਤੇ 2 ਸਾਲ ਪਹਿਲਾਂ ਬਣੀ ਆਮ ਆਦਮੀ ਪਾਰਟੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਮੂਹ ਸਰਕਾਰੀ ਵਿਭਾਗਾਂ ਵਿੱਚ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਹਰੇਕ ਕੈਟਾਗਰੀ ਦੇ ਠੇਕਾ ਮੁਲਾਜ਼ਮਾਂ ਦੇ ਕੱਚੇ ਰੁਜ਼ਗਾਰ ਨੂੰ ਪੱਕਾ ਕਰਨ ਦਾ ਮੌਜੂਦਾ ਪੰਜਾਬ ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਸੀ, ਪਰ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਵੱਲੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਨੂੰ 20 ਵਾਰ ਲਿਖਤੀ ਰੂਪ ਵਿੱਚ ਮੀਟਿੰਗ ਦਾ ਸਮਾਂ ਦੇ ਕੇ ਗੱਲਬਾਤ ਨਹੀਂ ਕੀਤੀ ਜਾ ਰਹੀ ਹੈ ਤੇ ਪੁਰ ਅਮਨ ਢੰਗ ਨਾਲ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਲੋਕਾਂ ਉੱਪਰ ਲਾਠੀਚਾਰਜ ਕੀਤਾ ਜਾਂਦਾ ਹੈ, ਬਦਸਲੂਕੀ ਕੀਤੀ ਜਾਂਦੀ ਹੈ, ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਦੀ ਖਸਲਤ ਵੀ ਪਹਿਲੀਆਂ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਪਾਰਟੀ ਦੀ ਅਗਵਾਈ ਵਾਲੀਆਂ ਰਾਜ ਕਰ ਚੁੱਕੀਆਂ ਸਰਕਾਰਾਂ ਦੀ ਤਰ੍ਹਾਂ ਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਨੂੰ ਪੂਰਾ ਨਾ ਕਰਨ ਦੇ ਰੋਸ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਮੁੱਖ ਮੰਤਰੀ ਤੇ ਕੈਬਨਿਟ ਮੰਤਰੀਆਂ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਆਉਣ ਸਮੇਂ ਲੋਕਾਂ ਦੀ ਕਚਹਿਰੀ ਵਿੱਚ ਪੰਜਾਬ ਸਰਕਾਰ ਦੇ ਮੰਤਰੀਆਂ ਨੂੰ ਸਵਾਲ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਸ ਤਹਿਤ ਪੁਰ ਅਮਨ ਢੰਗ ਨਾਲ ਆਪਣੀ ਅਵਾਜ਼ ਬੁਲੰਦ ਕਰਦੇ ਠੇਕਾ ਮੁਲਾਜ਼ਮਾਂ ਦੀ ਗੱਲਬਾਤ ਸੁਣਨ ਦੀ ਬਜਾਏ ਕੈਬਨਿਟ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਵੱਲੋਂ ਸੱਤਾ ਦੇ ਨਸ਼ੇ ਵਿੱਚ ਠੇਕਾ ਮੁਲਾਜ਼ਮਾਂ ਨਾਲ ਬਦਸਲੂਕੀ ਕੀਤੀ ਗਈ।ਪੰਜਾਬ ਸਰਕਾਰ ਦੇ ਉਪਰੋਕਤ ਮੰਤਰੀ ਦੇ ਠੇਕਾ ਮੁਲਾਜ਼ਮਾਂ ਦੇ ਵਿਰੋਧ ਵਿੱਚ ਅਪਨਾਏ ਰਵੱਈਏ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਅੱਜ ਠੇਕਾ ਮੁਲਾਜ਼ਮਾਂ ਵੱਲੋਂ ਅਰਥੀ ਫੂਕ ਕੇ ਰੋਹ ਪ੍ਰਗਟਾਇਆ ਜਾ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਠੇਕਾ ਮੁਲਾਜ਼ਮਾਂ ਨੂੰ ਸੰਬੰਧਤ ਵਿਭਾਗਾਂ ਵਿੱਚ ਮਰਜ਼ ਕਰਕੇ ਬਿਨਾਂ ਸ਼ਰਤ ਰੈਗੂਲਰ ਕੀਤਾ ਜਾਵੇ ਨਹੀਂ ਤਾਂ ਇਹ ਸੰਘਰਸ਼ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ।

# ਮੋਦੀ ਸਰਕਾਰ ਦੀ ਤਾਨਾਸ਼ਾਹੀ ਵਿਰੁੱਧ ਭਾਜਪਾ ਦੇ ਬੁੱਧੀਜੀਵੀ ਸੈੱਲ ਦੇ ਕਨਵੀਨਰ ਵੱਲੋਂ ਅਸਤੀਫ਼ਾ

**ਏਟਕ ਨੇ ਕੀਤਾ ਸਵਾਗਤ**



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਢੇਈ)**-ਮੋਦੀ ਸਰਕਾਰ ਦੀਆਂ ਕਾਰਪੋਰੇਟ ਦੀ ਸੇਵਾ ਕਰਨ ਤੇ ਮੁਲਾਜ਼ਮ, ਮਜ਼ਦੂਰ ਤੇ ਕਿਸਾਨ ਵਿਰੋਧੀ ਨੀਤੀਆਂ ਨੂੰ ਨਾਪਸੰਦ ਕਰਦੇ ਹੋਏ ਭਾਜਪਾ ਜ਼ਿਲ੍ਹਾ ਫ਼ਰੀਦਕੋਟ ਦੇ ਬੁੱਧੀਜੀਵੀ ਸੈੱਲ ਦੇ ਜ਼ਿਲ੍ਹਾ ਕਨਵੀਨਰ ਰਮੇਸ਼ ਕੁਮਾਰ ਕੌਸ਼ਲ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ।ਅੱਜ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਬਿਜਲੀ ਨਿਗਮ ਪੈਨਸ਼ਨਰ ਤੇ ਏਟਕ ਜਥੇਬੰਦੀ ਦੇ ਸੀਨੀਅਰ ਆਗੂਆਂ ਦੇ ਨਾਲ ਰਮੇਸ਼ ਕੁਮਾਰ ਕੌਸ਼ਲ ਨੇ ਇਸ ਫੈਸਲੇ ਦਾ ਸਵਾਗਤ ਉਸ ਦੇ ਗਲੇ ਵਿੱਚ ਹਾਰ ਪਹਿਨਾ ਕੇ ਅਤੇ ਮੂੰਹ ਮਿੱਠਾ ਕਰਵਾ ਕੇ ਕੀਤਾ।ਇਸ ਮੌਕੇ ਹਾਜ਼ਰ ਆਗੂਆਂ ਚੰਦ ਸਿੰਘ ਡੋਡ, ਇੰਦਰਜੀਤ ਸਿੰਘ ਗਿੱਲ, ਅਸ਼ੋਕ ਸੇਠੀ, ਗੁਰਮੇਜ ਸਿੰਘ, ਹਰਪਾਲ ਮਚਾਕੀ, ਗੁਰਚਰਨ ਸਿੰਘ ਮਾਨ, ਚਰਨਜੀਤ ਸਿੰਘ ਚੰਬੇਲੀ ਤੇ ਅਸ਼ੋਕ ਕੌਸ਼ਲ ਨੇ ਕਿਹਾ ਕਿ ਜੇ ਚੋਣ ਜਾਬਤੇ ਦੇ ਬਾਵਜੂਦ ਵਿਰੋਧੀ ਧਿਰ ਦੇ ਸੀਨੀਅਰ ਆਗੂਆਂ ਦੀ ਗ੍ਰਿਫਤਾਰੀ, ਉਨ੍ਹਾਂ ਦੇ ਘਰਾਂ 'ਤੇ ਜਾਂਚ ਏਜੰਸੀਆਂ ਦੇ ਛਾਪੇ ਮਾਰਨ ਤੇ ਉਨ੍ਹਾਂ ਦੇ ਬੈਂਕ ਖਾਤੇ ਜਾਮ ਕਰਨ ਦੀਆਂ ਕਾਰਵਾਈਆਂ ਬੰਦ ਨਹੀਂ ਕੀਤੀਆਂ ਜਾਣੀਆਂ ਤਾਂ ਅਰਬਾਂ ਰੁਪਏ ਖਰਚ ਕੇ ਲੋਕ ਸਭਾ ਚੋਣਾਂ ਦਾ ਡਰਾਮਾ ਰਚਨ ਦੀ ਕੀ ਲੋੜ ਹੈ? ਭਾਜਪਾ ਨੂੰ ਵੈਸੇ ਹੀ ਆਪਣੇ ਜੇਤੂ ਹੋਣ ਦਾ ਐਲਾਨ ਕਰ ਦੇਣਾ ਚਾਹੀਦਾ ਹੈ।ਇੰਦਰਾ ਗਾਂਧੀ ਨੇ ਵੀ 1977 ਦੀਆਂ ਚੋਣਾਂ ਕਰਵਾਉਣ ਤੋਂ ਪਹਿਲਾਂ ਐਮਰਜੈਂਸੀ ਖ਼ਤਮ ਕਰਕੇ ਜੇਲ੍ਹਾਂ ਵਿੱਚ ਬੰਦ ਵਿਰੋਧੀ ਧਿਰ ਦੇ ਸਾਰੇ ਆਗੂ ਰਿਹਾਅ ਕਰ ਦਿੱਤੇ ਸਨ, ਪਰ ਮੋਦੀ ਸਰਕਾਰ ਵੱਲੋਂ ਉਲਟਾ ਚੋਣਾਂ ਦੌਰਾਨ ਵਿਰੋਧੀ ਧਿਰ ਦੇ ਦੋ ਮੁੱਖ ਮੰਤਰੀਆਂ ਝਾਰਖੰਡ ਦੇ ਹੇਮੰਤ ਸੋਰੇਨ ਤੇ ਦਿੱਲੀ ਦੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਲਿਆ ਹੈ।ਅਫ਼ਸਰਸ਼ਾਹੀ ਮਸ਼ੀਨਰੀ ਦੀ ਅੰਨ੍ਹੀਂ ਦੁਰਵਰਤੋਂ, ਚੋਣ ਬਾਂਡ ਤੇ ਹੋਰ ਸਾਧਨਾਂ ਰਾਹੀਂ ਇਕੱਠੇ ਕੀਤੇ ਕਰੋੜਾਂ-ਅਰਬਾਂ ਰੁਪਏ ਦੇ ਧਨ ਦੇ ਬਾਵਜੂਦ ਤਾਨਾਸ਼ਾਹ ਨੂੰ ਆਪਣੀ ਹਾਰ ਨਜ਼ਰ ਆ ਰਹੀ ਹੈ, ਜਿਸ ਕਰਕੇ ਉਹ ਬੁਖਲਾ ਕੇ ਹੋਛੇ ਹਥਕੰਡਿਆਂ 'ਤੇ ਉੱਤਰ ਆਇਆ ਹੈ।ਇਸ ਮਤਾ ਪਾਸ ਕਰਕੇ 23 ਮਾਰਚ ਦੇ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ 11 ਵਜੇ 'ਲੋਕਤੰਤਰ ਬਚਾਓ' ਸਮਾਗਮ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।

# ਖੋਸਾ ਪਾਂਡੋ ਦੇ ਨਰੇਗਾ ਕਾਮਿਆਂ ਵੱਲੋਂ ਬੀ ਡੀ ਪੀ ਓ ਦਫ਼ਤਰ ਅੱਗੇ ਧਰਨਾ



**ਮੋਗਾ (ਪੱਤਰ ਪ੍ਰੇਰਕ)**-ਬੀ.ਡੀ.ਪੀ.ਓ. ਦਫ਼ਤਰ ਮੋਗਾ-2 ਵਿਖੇ ਨੇੜਲੇ ਪਿੰਡ ਖੋਸਾ ਪਾਂਡੋ ਦੇ ਨਰੇਗਾ ਕਾਮਿਆਂ ਵੱਲੋਂ ਧਰਨਾ ਦਿੱਤਾ ਗਿਆ।ਇਸ ਮੌਕੇ ਨਰੇਗਾ ਮਜ਼ਦੂਰਾਂ ਨੇ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੋਸਾ ਪਾਂਡੋ ਪਿੰਡ ਨਰੇਗਾ ਕਾਮਿਆਂ ਦੀ ਹਾਜ਼ਰੀ ਮੇਟ ਤੌਰ 'ਤੇ ਪਿਛਲੇ ਲੰਮੇ ਸਮੇਂ ਤੋਂ ਸਰਬਜੀਤ ਕੌਰ ਤੇ ਪੂਜਾ ਕੌਰ ਲਗਾ ਰਹੀਆਂ ਸਨ, ਪਰ ਪਿਛਲੇ ਦਿਨੀਂ ਜੀ ਆਰ ਐੱਸ ਸੁਰਿੰਦਰ ਸਿੰਘ ਨੇ ਦੂਜੇ ਅਧਿਕਾਰੀਆਂ ਨੂੰ ਗੁੰਮਰਾਹ ਕਰਕੇ ਇਨ੍ਹਾਂ ਦੋਹਾਂ ਮੇਟਾਂ ਦੀਆਂ ਆਈਡੀਆਂ (ਐੱਨ ਐੱਮ ਐੱਮ ਐੱਸ ਐਪ) ਬੰਦ ਕਰਕੇ ਇੱਕ ਨਵੀਂ ਲੜਕੀ ਨੂੰ ਮੇਟ ਬਣਾ ਦਿੱਤਾ, ਜਦੋਂਕਿ ਕਾਨੂੰਨ ਮੁਤਾਬਕ ਮੇਟ ਹਟਾਉਣ ਜਾਂ ਲਗਾਉਣ ਲਈ ਗ੍ਰਾਮ ਸਭਾ ਦੇ ਅਜਲਾਸ ਨੂੰ ਸੱਦਣ ਦੀ ਲੋੜ ਹੁੰਦੀ ਹੈ, ਪਰ ਉਨ੍ਹਾਂ ਅਜਿਹਾ ਕੁਝ ਵੀ ਨਹੀਂ ਕੀਤਾ।ਮਜ਼ਦੂਰਾਂ ਨੂੰ ਸ਼ੱਕ ਹੈ ਕਿ ਸਾਡੇ ਤੋਂ ਪਿਛਲੇ ਦਿਨੀਂ ਕੰਮ ਦੀਆਂ ਅਰਜ਼ੀਆਂ ਦੇ ਮਾਮਲੇ 'ਤੇ ਲਗਵਾਏ ਅੰਗੂਠੇ/ਦਸਤਖ਼ਤਾਂ ਨੂੰ ਗਲਤ ਤਰੀਕੇ ਨਾਲ ਵਰਤਿਆ ਗਿਆ।ਇਸ ਮੌਕੇ ਮਜ਼ਦੂਰਾਂ ਨੇ ਸੁਰਿੰਦਰ ਸਿੰਘ ਜੀ ਆਰ ਐੱਸ. ਵਿਰੁੱਧ ਰੱਜ ਕੇ ਨਾਅਰੇਬਾਜ਼ੀ ਕੀਤੀ ਤੇ ਮੰਗ ਕੀਤੀ ਕਿ ਗਲਤ ਤਰੀਕੇ ਨਾਲ ਕੱਟ ਕੀਤੀਆਂ ਆਈਡੀਆਂ ਚਾਲੂ ਕੀਤੀਆਂ ਜਾਣ ਤੇ ਇਸ ਸਾਰੇ ਮਾਮਲੇ ਦੀ ਪੜਤਾਲ ਕਰਕੇ ਦੋਸ਼ੀਆਂ ਖਿਲਾਫ਼ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।ਇਸ ਮੌਕੇ ਮਜ਼ਦੂਰਾਂ ਵੱਲੋਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ, ਸਲਾਹਕਾਰ ਕਾਮਰੇਡ ਕੁਲਦੀਪ ਸਿੰਘ ਭੋਲਾ, ਸਰਪੰਚ ਤਰਸੇਮ ਸਿੰਘ ਤੂਰ, ਬਲਾਕ ਸੰਮਤੀ ਮੈਂਬਰ ਨਾਇਬ ਸਿੰਘ ਨਾਲ ਬੀ. ਡੀ. ਪੀ. ਓ. ਮੈਡਮ ਨੇ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਕੇ ਵਿਸ਼ਵਾਸ ਦਿਵਾਇਆ ਕਿ ਇਸ ਹਫ਼ਤੇ ਅੰਦਰ ਮਾਮਲੇ ਦੀ ਜਾਂਚ ਪੜਤਾਲ ਕਰਕੇ ਨਰੇਗਾ ਮਜ਼ਦੂਰਾਂ ਨੂੰ ਇਨਸਾਫ਼ ਦਿਵਾਉਣ ਤੇ ਗਲਤ ਕਾਰਵਾਈ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ।ਇਸ ਤੋਂ ਬਾਅਦ ਬੰਦ ਕੀਤੀਆਂ ਆਈਡੀਆਂ ਚਾਲੂ ਕਰਕੇ ਪੁਰਾਣੇ ਮੇਟਾਂ ਵੱਲੋਂ ਹੀ ਚੱਲ ਰਹੇ ਕੰਮ ਦੀਆਂ ਹਾਜ਼ਰੀਆਂ ਲਗਾਉਣ ਦਾ ਫੈਸਲਾ ਕੀਤਾ ਗਿਆ।

# ਐਡਵੋਕੇਟ ਸੰਧਵਾਂ, ਚੇਅਰਮੈਨ ਢਿੱਲਵਾਂ, ਮਣੀ ਧਾਲੀਵਾਲ ਤੇ ਸੁਖਵੰਤ ਸਰਾਂ ਵੱਲੋਂ ਪਿੰਡਾਂ 'ਚ ਵਰਕਰ ਮੀਟਿੰਗਾਂ ਦਾ ਦੌਰ ਜਾਰੀ



**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ, ਰਛਪਾਲ ਭੁੱਲਰ)**

ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪਾਰਟੀ ਦੀ ਟੀਮ ਵੱਲੋਂ ਪਿੰਡਾਂ ਦੇ ਵਰਕਰਾਂ ਨਾਲ ਮੀਟਿੰਗਾਂ ਜ਼ਰੀਏ ਰਾਬਤਾ ਨਿਰੰਤਰ ਜਾਰੀ ਹੈ, ਜਿਸ ਤਹਿਤ ਵਿਧਾਨ ਸਭਾ ਹਲਕਾ ਕੋਟਕਪੂਰਾ ਅਧੀਨ ਆਉਂਦੇ ਪਿੰਡ ਡੱਗੋ ਰੋਮਾਣਾ ਵਿਖੇ ਬਲਾਕ ਪ੍ਰਧਾਨ ਅਮਰੀਕ ਸਿੰਘ ਡੱਗੋ ਰੁਮਾਣਾ ਦੇ ਗ੍ਰਹਿ ਵਿਖੇ ਅਗਾਮੀ ਲੋਕ ਸਭਾ ਚੋਣਾਂ ਤੇ 'ਆਪ' ਉਮੀਦਵਾਰ ਕਰਮਜੀਤ ਅਨਮੋਲ ਦੀ ਚੋਣ ਮੁਹਿੰਮ ਗਰਮਾਉਣ ਲਈ ਰੱਖੀ ਵਰਕਰ ਮੀਟਿੰਗ ਦੌਰਾਨ ਸਪੀਕਰ ਸੰਧਵਾਂ ਦੇ ਭਰਾ ਐਡਵੋਕੇਟ ਬੀਰਇੰਦਰ ਸਿੰਘ, ਇੰਜੀ. ਸੁਖਜੀਤ ਸਿੰਘ ਢਿੱਲਵਾਂ ਜ਼ਿਲ੍ਹਾ ਪ੍ਰਧਾਨ, ਮਨਪ੍ਰੀਤ ਸਿੰਘ ਮਨੀ ਧਾਲੀਵਾਲ ਪੀ.ਆਰ.ਓ. ਤੇ ਸੁਖਵੰਤ ਸਿੰਘ ਸਰਾਂ ਜ਼ਿਲ੍ਹਾ ਯੂਥ ਪ੍ਰਧਾਨ ਫਰੀਦਕੋਟ ਆਦਿ ਨੇ ਦੱਸਿਆ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਮਹਿਜ 2 ਸਾਲਾਂ ਅੰਦਰ ਜੋ ਮੀਲ ਪੱਥਰ ਗੱਡੇ ਹਨ, ਅਰਥਾਤ ਜੋ ਜੋ ਲੋਕ ਪੱਖੀ ਸਹੂਲਤਾਂ ਤੇ ਕੰਮ ਲਾਗੂ ਕਰਵਾਏ ਹਨ, ਉਨ੍ਹਾਂ ਨੂੰ ਘਰ-ਘਰ ਪਹੁੰਚਾਉਣ ਦੀ ਲੋੜ ਹੈ।ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਤੇ ਭਾਜਪਾ ਦੀਆਂ ਲੋਕ ਵਿਰੋਧੀ ਤਾਨਾਸ਼ਾਹੀ ਨੀਤੀਆਂ ਦੀ ਨੁਕਤਾਚੀਨੀ ਕਰਦਿਆਂ ਆਖਿਆ ਕਿ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਾਲੇ ਪੰਜਾਬ ਵਾਸੀਆਂ ਨੇ ਇਸ ਵਾਰ ਫੈਸਲਾ ਕਰ ਲਿਆ ਹੈ ਕਿ ਉਹ ਹੁਣ ਲਾਰੇ ਲਾਉਣ ਜਾਂ ਸਬਜ਼ਬਾਗ ਦਿਖਾ ਕੇ ਫਸਲੀ ਬਟੇਰਿਆਂ ਦੀ ਤਰ੍ਹਾਂ ਚੋਣ ਮੈਦਾਨ 'ਚ ਉੱਤਰ ਕੇ ਝੂਠ ਬੋਲਣ ਵਾਲੀਆਂ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਮੂੰਹ ਨਹੀਂ ਲਾਉਣਗੇ ਤੇ ਸਿਰਫ ਕੰਮਾਂ ਦੇ ਆਧਾਰ 'ਤੇ ਹੀ ਚੰਗੇ ਨੁਮਾਇੰਦਿਆਂ ਦੀ ਚੋਣ ਕਰਨਗੇ।ਬਲਾਕ ਪ੍ਰਧਾਨ ਅਮਰੀਕ ਸਿੰਘ ਤੇ ਸੰਦੀਪ ਸਿੰਘ ਬਰਾੜ ਨੇ ਆਖਿਆ ਕਿ ਲੋਕ ਹੁਣ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਆਏ ਸੁਧਾਰ ਸਮੇਤ ਮੁਫ਼ਤ ਬਿਜਲੀ, ਮੁੱਖ ਮੰਤਰੀ ਤੀਰਥ ਯਾਤਰਾ ਸਕੀਮ, ਸ਼ਹੀਦਾਂ ਦਾ ਸਨਮਾਨ, ਰਾਸ਼ਨ ਕਾਰਡ, ਰੁਜ਼ਗਾਰ ਤੇ ਨਿਵੇਸ਼, ਫਸਲੀ ਵਿਭਿੰਨਤਾ, ਸੁਖਾਲੀਆਂ ਸਹੂਲਤਾਂ, ਸੜਕ ਸੁਰੱਖਿਆ ਫੋਰਸ ਵਰਗੀਆਂ ਵਿਲੱਖਣ ਸਕੀਮਾਂ ਨਾਲ ਲੋਕਾਂ ਨੂੰ ਸਹੂਲਤਾਂ ਦੇਣ ਵਾਲੇ ਲੋਕ ਪੱਖੀ ਫੈਸਲਿਆਂ ਦੀ ਕਦਰ ਕਰਨ ਲੱਗ ਪਏ ਹਨ।ਇਸ ਮੌਕੇ ਉਪਰੋਕਤ ਤੋਂ ਇਲਾਵਾ ਡਾ. ਰਾਜਪਾਲ ਸਿੰਘ ਢੁੱਡੀ, ਕਾਕਾ ਸਿੰਘ ਠਾੜਾ, ਹਰਦੇਵ ਸਿੰਘ ਦਾਨਾਰੋਮਾਣਾ ਆਦਿ ਨੇ ਵੀ ਸੰਬੋਧਨ ਕੀਤਾ।

# ਰਵਿਦਾਸਪੁਰਾ ਟਿੱਬੀ ਵਿਖੇ ਹੋਈਆਂ ਮੌਤਾਂ ਨਾਲ ਹਾਹਾਕਾਰ

**ਲੋਕਾਂ ਵੱਲੋਂ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤਾਂ ਹੋਣ ਦਾ ਦੋਸ਼**



ਵਿਰਲਾਪ ਕਰਦੇ ਰਿਸ਼ਤੇਦਾਰ ਤੇ ਜਾਣਕਾਰੀ ਦਿੰਦੇ ਡੀ ਐੱਸ ਪੀ ਮਨਦੀਪ ਸਿੰਘ ਸੰਧੂ।

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਸਥਾਨਕ ਰਵਿਦਾਸ ਪੂਰਾ ਟਿੱਬੀ ਵਿਖੇ ਲਗਾਤਾਰ ਤਿੰਨ ਮੌਤਾਂ ਹੋਣ ਨਾਲ ਹੜਕੰਪ ਮਚ ਗਿਆ, ਜਿਸ ਵਿੱਚ ਇੱਕ ਵਿਅਕਤੀ ਦਾ ਤਾਂ ਪਹਿਲਾਂ ਹੀ ਸੰਸਕਾਰ ਕੀਤਾ ਗਿਆ ਅਤੇ ਦੋ ਵਿਅਕਤੀਆਂ ਦਾ ਸਥਾਨਕ ਸਿਵਲ ਹਸਪਤਾਲ ਵਿੱਚ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਰਜਸ ਸਿੰਘ ਰਵਿਦਾਸਪੁਰਾ ਟਿੱਬੀ ਵਾਸੀ ਸਰਪੰਚ ਨੇ ਦੱਸਿਆ ਕਿ ਇਹ ਮੌਤਾਂ ਦਾਰੂ ਪੀਣ ਦੇ ਨਾਲ ਹੋਈਆਂ ਹਨ। ਉਨ੍ਹਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਐਂਬੂਲੈਂਸ ਰਾਹੀਂ ਕਈ ਵਿਅਕਤੀ ਸਿਵਿਲ ਹਸਪਤਾਲ ਵਿੱਚ ਇਲਾਜ ਲਈ ਭੇਜੇ ਗਏ ਹਨ। ਉਨ੍ਹਾ ਦੱਸਿਆ ਕਿ ਗੁਰਮੀਤ ਸਿੰਘ ਦਾ ਪਹਿਲਾਂ ਹੀ ਸੰਸਕਾਰ ਹੋ ਚੁੱਕਿਆ, ਜਦਕਿ ਅੱਜ ਦੋ ਵਿਅਕਤੀਆਂ ਦੀ ਹੋਰ ਮੌਤ ਹੋ ਗਈ ਹੈ।

ਇਸ ਸਬੰਧੀ ਮੌਕੇ 'ਤੇ ਪੁੱਜੇ ਡੀ ਐੱਸ ਪੀ ਸੁਨਾਮ ਮਨਦੀਪ ਸਿੰਘ ਸੰਧੂ ਨਾਲ ਗੱਲਬਾਤ ਕਰਨ 'ਤੇ ਉਨ੍ਹਾ ਕਿਹਾ ਕਿ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ, ਜੋ ਵੀ ਸਾਹਮਣੇ ਆਵੇਗਾ, ਉਸ ਦੇ ਮੁਤਾਬਿਕ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਉਨ੍ਹਾਂ ਵੱਲੋਂ ਇਸ ਦੀ ਜਾਂਚ ਪੂਰੀ ਬਰੀਕੀ ਨਾਲ ਕੀਤੀ ਜਾਵੇਗੀ। ਐੱਸ ਡੀ ਐੱਮ ਸੁਨਾਮ ਪ੍ਰਮੋਦ ਸਿੰਗਲਾ ਨੇ ਕਿਹਾ ਕਿ ਇਹ ਬਹੁਤ ਦੁਖਦਾਈ ਘਟਨਾ ਹੈ।

ਇਸ ਮੌਕੇ ਨਾਰੀ ਏਕਤਾ ਜਬਰ ਵਿਰੋਧੀ ਫਰੰਟ ਮਜ਼ਦੂਰ ਜਥੇਬੰਦੀ ਦੀ ਸੂਬਾ ਪ੍ਰਧਾਨ ਹਰਪ੍ਰੀਤ ਕੌਰ ਧੂਰੀ ਨੇ ਕਿਹਾ ਕਿ ਸਰਕਾਰਾਂ ਦੇ ਇਸ਼ਾਰੇ 'ਤੇ ਨਸ਼ੇ ਵਿਕ ਰਹੇ ਹਨ। ਉਨ੍ਹਾ ਕਿਹਾ ਕਿ ਚੋਣ ਜਾਬਤਾ ਸਾਡੇ ਲਈ ਹੈ, ਜਦਕਿ ਨਸ਼ਾ ਵੇਚਣ ਵਾਲਿਆਂ ਲਈ ਕੋਈ ਚੋਣ ਜਾਬਤਾ ਨਹੀਂ ਹੈ। ਜਦੋਂ ਕੋਈ ਨੌਜਵਾਨ ਪੀੜ੍ਹੀ ਉੱਠ ਕੇ ਰੋਕਦੀ ਹੈ ਤਾਂ ਉਨ੍ਹਾਂ 'ਤੇ ਹੀ ਪ੍ਰਸ਼ਾਸਨ ਵੱਲੋਂ ਕਾਰਵਾਈ ਕੀਤੀ ਜਾਂਦੀ ਹੈ।

# ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਵਿਖੇ ਪਾਠੀ ਸਿੰਘਾਂ ਦਾ ਵਿਸ਼ੇਸ਼ ਸਨਮਾਨ

**ਪਾਠੀ ਸਿੰਘਾਂ ਦੀ ਪਦਵੀਂ ਬਹੁਤ ਉੱਚੀ ਹੁੰਦੀ ਹੈ : ਬਾਬਾ ਗੁਰਦੀਪ ਸਿੰਘ**



**ਬਾਘਾ ਪੁਰਾਣਾ (ਮਨੀ ਸਿੰਗਲਾ)**

ਦੇਸ਼ਾਂ-ਵਿਦੇਸ਼ਾਂ ਵਿੱਚ ਜਾਣਿਆ ਜਾਂਦਾ ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਲਾਨਾ ਸਮਾਗਮ ਮੌਕੇ ਅਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਸਤਿਕਾਰਯੋਗ ਗ੍ਰੰਥੀ ਸਿੰਘਾਂ ਦਾ ਵਿਸ਼ੇਸ਼ ਤੌਰ 'ਤੇ ਮਾਣ-ਸਤਿਕਾਰ ਕਰਨ ਲਈ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਗ੍ਰੰਥੀ ਸਿੰਘਾਂ ਨੂੰ ਬਸਤਰ ਤੇ ਹਾਰਾਂ ਨਾਲ ਸਨਮਾਨਤ ਕੀਤਾ। ਬਾਬਾ ਜੀ ਨੇ ਕਿਹਾ ਕਿ ਇਹ ਪ੍ਰੰਪਰਾ ਭਵਿੱਖ ਵਿੱਚ ਵੀ ਕਾਇਮ ਰਹੇਗੀ।ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਦੱਸਿਆ ਕਿ ਗ੍ਰੰਥੀ ਸਿੰਘਾਂ ਦੀ ਪਦਵੀਂ ਬਹੁਤ ਹੀ ਉੱਚੀ ਹੁੰਦੀ ਹੈ, ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਦਾ ਸਨਮਾਨ ਕਰੀਏ, ਕਿਉਂਕਿ ਇਸ ਮਹਾਨ ਰੁਤਬੇ ਦੀ ਪ੍ਰਾਪਤੀ ਸਿੱਖ ਪੰਥ ਦੇ ਮਹਾਨ ਵਿਦਵਾਨ ਗੁਰੂ ਨੂੰ ਤਨੋਂ-ਮਨੋਂ-ਧਨੋਂ ਸਮਰਪਤ, ਸੇਵਾ ਸਿਮਰਨ ਦੇ ਪੁੰਜ ਗੁਰਬਾਣੀ ਸਿਧਾਂਤਾਂ ਅਨੁਸਾਰ ਜੀਵਨ ਸੇਧ ਬਣਾਉਣ ਵਾਲੇ ਧੰਨ-ਧੰਨ ਬਾਬਾ ਬੁੱਢਾ ਜੀ ਕਾਰਨ ਹੋਈ, ਬਾਬਾ ਬੁੱਢਾ ਜੀ ਨੂੰ ਗੁਰੂ ਘਰ ਦੇ ਪਹਿਲੇ ਵਜ਼ੀਰ ਹੋਣ ਦਾ ਮਾਣ ਹਾਸਲ ਹੈ।ਉਨ੍ਹਾਂ ਦੱਸਿਆ ਕਿ ਗ੍ਰੰਥੀ ਸਿੰਘਾਂ ਰਾਹੀਂ ਅੰਮ੍ਰਿਤ ਵੇਲੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸਤਿਗੁਰਾਂ ਦਾ ਪ੍ਰਕਾਸ਼ ਕਰਕੇ ਸਭਨਾਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਦਾ ਉਪਰਾਲਾ ਕਰਨ ਵਾਲੇ, ਨੌਜਵਾਨਾਂ ਨੂੰ ਸੇਧ ਦੇਣ ਵਾਲੇ, ਸਾਡੇ ਨਗਰਾਂ ਜਾਂ ਸ਼ਹਿਰਾਂ ਦੇ ਲੋਕਾਂ ਦੇ ਕੰਨਾਂ ਵਿੱਚ ਹਰ ਰੋਜ਼ ਬਾਣੀ ਦੀਆਂ ਅਵਾਜ਼ਾਂ ਪੈਂਦੀਆਂ ਹਨ। ਉਨ੍ਹਾਂ ਦੱਸਿਆ ਕਿ ਬਾਣੀ ਹੀ ਇੱਕ ਅਜਿਹੀ ਚੀਜ਼ ਹੈ, ਜਿਸ ਦੇ ਕਾਰਨ ਸਾਡਾ ਜੀਵਨ ਇਸ ਭਵ ਸਾਗਰ ਤੋਂ ਪਾਰ ਹੋ ਸਕਦਾ ਹੈ, ਕਿਉਂਕਿ ਇਹ ਸਾਰੇ ਦੁੱਖਾਂ ਦੀ ਦਵਾ ਹੈ, ਜੋ ਪਾਠੀ ਸਿੰਘ ਸਾਨੂੰ ਪੜ੍ਹ ਕੇ ਨਾਮ ਨਾਲ ਜੋੜਨ ਦਾ ਉਪਰਾਲਾ ਕਰਦੇ ਹਨ।ਇਸੇ ਕਰਕੇ ਹੀ ਇਸ ਅਸਥਾਨ ਦੇ ਬਾਨੀ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਨੇ ਪਾਠੀ ਸਿੰਘਾਂ ਦੇ ਸਨਮਾਨ ਕਰਨ ਦੀ ਇਸ ਗੁਰਦੁਆਰਾ ਸਾਹਿਬ ਤੋਂ ਪ੍ਰੰਪਰ ਅਰੰਭੀ ਸੀ, ਜੋ ਕਿ ਅੱਜ ਵੀ ਹੋ ਰਹੀ ਹੈ, ਅਜਿਹਾ ਕਰਨ ਨਾਲ ਸਾਡੇ ਬੱਚੇ ਬਾਣੀ ਤੇ ਬਾਣੇ ਦੇ ਧਾਰਨੀ ਵੀ ਹੋਣਗੇ।ਇਸ ਮੌਕੇ ਬਾਬਾ ਦਰਸ਼ਨ ਸਿੰਘ, ਬਾਬਾ ਹਰਬੰਸ ਸਿੰਘ, ਹਰਜੀਤ ਸਿੰਘ, ਅਮਰਜੀਤ ਸਿੰਘ, ਹੈੱਡ ਗ੍ਰੰਥੀ ਸੁੱਚਾ ਸਿੰਘ, ਭਾਈ ਇਕਬਾਲ ਸਿੰਘ ਲੰਗੇਆਣਾ, ਚਮਕੌਰ ਸਿੰਘ ਚੰਦ ਪੁਰਾਣਾ, ਕੁਲਬੀਰ ਸਿੰਘ ਕੋਠੇ ਪੱਤੀ ਮੁਹੱਬਤ, ਦਰਸ਼ਨ ਸਿੰਘ ਡਰੋਲੀ ਭਾਈ ਸਮੇਤ ਹੋਰ ਸੇਵਾਦਾਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਦਰਸ਼ਨ ਰੋਹਲਾ ਸਰਬਸੰਮਤੀ ਨਾਲ ਬੀ ਕੇ ਯੂ (ਕਾਦੀਆਂ) ਦੇ ਬਲਾਕ ਪ੍ਰਧਾਨ ਬਣੇ



**ਸਮਰਾਲਾ (ਸੁਰਜੀਤ ਸਿੰਘ)**

ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੀ ਇੱਕ ਮੀਟਿੰਗ ਪਿੰਡ ਰੋਹਲਾ ਦੇ ਗੁਰਦੁਆਰਾ ਸਾਹਿਬ ਵਿਖੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਤਹਿਸੀਲ ਸਮਰਾਲਾ ਦੇ ਮਾਛੀਵਾੜਾ ਤੇ ਸਮਰਾਲਾ ਬਲਾਕਾਂ ਦੇ ਵੱਖ ਵੱਖ ਅਹੁਦੇਦਾਰਾਂ ਤੇ ਵਰਕਰਾਂ ਨੇ ਭਾਗ ਲਿਆ।ਮੀਟਿੰਗ ਵਿੱਚ ਬੀ. ਕੇ. ਯੂ. (ਕਾਦੀਆਂ) ਦੀਆਂ ਸਮਰਾਲਾ ਇਲਾਕੇ ਦੀਆਂ ਸਰਗਰਮੀਆਂ ਤੇ ਕਿਸਾਨੀ ਮਸਲਿਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ।ਇਸ ਦੌਰਾਨ ਬਲਾਕ ਸਮਰਾਲਾ ਦੇ ਪ੍ਰਧਾਨ ਦੀ ਬੀਤੇ ਦਿਨੀਂ ਹੋਈ ਮੌਤ ਉਪਰੰਤ ਸਮਰਾਲਾ ਬਲਾਕ ਦੇ ਪ੍ਰਧਾਨ ਦੀ ਚੋਣ ਵੀ ਕੀਤੀ ਗਈ।ਸਮੂਹ ਅਹੁਦੇਦਾਰਾਂ ਤੇ ਵਰਕਰਾਂ ਨੇ ਸਰਬਸੰਮਤੀ ਨਾਲ ਦਰਸ਼ਨ ਸਿੰਘ ਰੋਹਲਾ ਨੂੰ ਬਲਾਕ ਸਮਰਾਲਾ ਦਾ ਪ੍ਰਧਾਨ ਚੁਣ ਲਿਆ ਗਿਆ, ਜਿਸ ਦਾ ਸਭ ਵੱਲੋਂ ਸਵਾਗਤ ਕੀਤਾ ਗਿਆ।ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਨੇ ਬਲਾਕ ਪ੍ਰਧਾਨ ਦਰਸ਼ਨ ਸਿੰਘ ਰੋਹਲਾ ਨੂੰ ਵਧਾਈ ਦਿੰਦੇ ਕਿਹਾ ਕਿ ਉਹ ਸਮਰਾਲਾ ਬਲਾਕ ਦੇ ਕਿਸਾਨਾਂ ਦੀਆਂ ਮੁਸ਼ਕਲਾਂ ਪ੍ਰਤੀ ਸੁਹਿਰਤਾ ਨਾਲ ਧਿਆਨ ਦੇ ਕੇ ਯੂਨੀਅਨ ਦੇ ਉਥਾਨ ਲਈ ਕੰਮ ਕਰਨਗੇ।ਇਸ ਮੌਕੇ ਇਕੱਤਰ ਕਿਸਾਨਾਂ ਦਾ ਧੰਨਵਾਦ ਕਰਦੇ ਹੋਏ ਦਰਸ਼ਨ ਸਿੰਘ ਰੋਹਲਾ ਨੇ ਕਿਹਾ ਕਿ ਯੂਨੀਅਨ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਤੇ ਸਾਰਿਆਂ ਦਾ ਸਹਿਯੋਗ ਕਰਨਗੇ।ਇਸ ਮੌਕੇ ਉਪਰੋਕਤ ਤੋਂ ਇਲਾਵਾ ਮਨਪ੍ਰੀਤ ਸਿੰਘ ਘੁਲਾਲ ਜਨਰਲ ਸਕੱਤਰ, ਅਰਸ਼ ਘੁਲਾਲ, ਕੁਲਦੀਪ ਸਿੰਘ ਗੜ੍ਹੀ, ਗੁਰਜੀਤ ਸਿੰਘ ਗੜ੍ਹੀ, ਸੁਖਵਿੰਦਰ ਸਿੰਘ ਰੋਹਲਾ, ਬਹਾਦਰ ਸਿੰਘ ਰੋਹਲਾ, ਮੋਹਣ ਸਿੰਘ ਬਾਲਿਓ ਬਲਾਕ ਪ੍ਰਧਾਨ ਮਾਛੀਵਾੜਾ, ਸਤਵੀਰ ਸਿੰਘ ਸਰਵਰਪੁਰ, ਨੇਤਰ ਸਿੰਘ ਉਟਾਲਾਂ, ਜਗਜੀਤ ਸਿੰਘ ਸਹਿਜੋਮਾਜਰਾ, ਸੁਖਵਿੰਦਰ ਸਿੰਘ ਜਲਾਹ ਮਾਜਰਾ, ਨਿਰਮਲ ਸਿੰਘ ਰੋਹਲਾ, ਮਨਜੀਤ ਸਿੰਘ ਲੱਧੜਾ, ਜਗਜੀਤ ਸਿੰਘ ਚਹਿਲਾ, ਪ੍ਰੇਮ ਸਿੰਘ ਢੰਡਾ ਆਦਿ ਤੋਂ ਇਲਾਵਾ ਯੂਨੀਅਨ ਦੇ ਹੋਰ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

# ਸਰਕਾਰੀ ਸਕੂਲਾਂ ਦੇ ਹੋਣਹਾਰ ਬੱਚਿਆਂ ਨੂੰ ਕੀਤਾ ਜਾਵੇਗਾ ਸਨਮਾਨਤ : ਕੌਸ਼ਲ



**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)**-'ਰਾਮ ਮੁਹੰਮਦ ਸਿੰਘ ਆਜ਼ਾਦ ਵੈੱਲਫੇਅਰ ਸੁਸਾਇਟੀ' ਦੇ ਪ੍ਰਧਾਨ ਅਸ਼ੋਕ ਕੌਸ਼ਲ ਦੀ ਅਗਵਾਈ ਹੇਠ ਸਥਾਨਕ ਕਿਲ੍ਹਾ ਪਾਰਕ ਪੁਰਾਣਾ ਸ਼ਹਿਰ ਵਿਖੇ ਸਥਿਤ ਦਫਤਰ ਵਿੱਚ ਕਾਰਜਕਾਰਨੀ ਦੀ ਹੋਈ ਮੀਟਿੰਗ ਦੇ ਫੈਸਲੇ ਮੁਤਾਬਿਕ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਸਰਕਾਰੀ ਸ. ਸ. ਸਕੂਲ ਗੋਲੇਵਾਲਾ ਵਿਖੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।ਜਨਰਲ ਸਕੱਤਰ ਕੁਲਵੰਤ ਸਿੰਘ ਚਾਨੀ ਤੇ ਵਿੱਤ ਸਕੱਤਰ ਸੋਮਇੰਦਰ ਸੁਨਾਮੀ ਮੁਤਾਬਕ 23 ਮਾਰਚ ਦੀ ਸਰਕਾਰੀ ਛੁੱਟੀ ਹੋਣ ਕਰਕੇ ਇਹ ਸਮਾਗਮ ਇੱਕ ਦਿਨ ਪਹਿਲਾਂ ਭਾਵ 22 ਮਾਰਚ ਨੂੰ ਸਵੇਰੇ 9:00 ਵਜੇ ਸ਼ੁਰੂ ਹੋਵੇਗਾ।ਮੁੱਖ ਸਲਾਹਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ ਤੇ ਪੀ ਆਰ ਓ ਪ੍ਰੋ. ਐੱਚ. ਐੱਸ. ਪਦਮ ਨੇ ਦੱਸਿਆ ਕਿ ਪੇਪਰ ਖਤਮ ਹੋਣ ਕਾਰਨ ਸਕੂਲ ਵੱਲੋਂ ਸੀਨੀਅਰ ਜਮਾਤਾਂ ਦੇ ਵਿਦਿਆਰਥੀਆਂ ਨੂੰ ਹੀ ਸੱਦਿਆ ਜਾਵੇਗਾ।ਬੁਲਾਰੇ ਸਾਥੀ ਵੀ ਸ਼ਹੀਦਾਂ ਦੀ ਜੀਵਨੀ ਤੇ ਸਰਗਰਮੀਆਂ ਨੂੰ ਮੌਜੂਦਾ ਹਾਲਤਾਂ ਦੇ ਸੰਦਰਭ ਵਿੱਚ ਹੀ ਪੇਸ਼ ਕਰਨ ਦਾ ਯਤਨ ਕਰਨ, ਜਿਵੇਂ ਸ਼ਹੀਦਾਂ ਦੇ ਸੁਪਨੇ ਕੀ ਸਨ ਤੇ ਦੇਸ਼ ਤੁਰਿਆ ਕਿਸ ਪਾਸੇ ਜਾਂਦਾ ਹੈ।ਮੀਟਿੰਗ ਦੌਰਾਨ ਪਾਸ ਕੀਤੇ ਗਏ ਮਤੇ ਮੁਤਾਬਕ ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਸੁਸਾਇਟੀ ਦੇ ਕਾਰਜਾਂ ਨੂੰ ਮਾਣ ਦਿੰਦੇ ਹੋਏ 2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਭੇਜੀ ਗਈ ਹੈ, ਜਿਸ ਲਈ ਸੁਸਾਇਟੀ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਪਹਿਲਾਂ ਵਾਂਗ ਇਹ ਰਾਸ਼ੀ ਸਰਕਾਰੀ ਸਕੂਲ ਮੁਖੀਆਂ ਵੱਲੋਂ ਭੇਜੀ ਸੂਚਨਾ ਦੀ ਸਹਾਇਤਾ ਨਾਲ ਕੇਵਲ ਅਤਿ ਲੋੜਵੰਦ, ਮਾਂ-ਬਾਪ ਵਿਹੂਣੇ ਜਾਂ ਦਿਵਿਆਂਗ ਵਿਦਿਆਰਥੀਆਂ ਨੂੰ ਦਾਨ ਕਰਤਾ ਦੇ ਹੱਥੋਂ ਹੀ ਵੰਡਾਈ ਜਾਵੇਗੀ, ਪਰ ਇਹ ਸਮਾਗਮ ਚੋਣ ਜਾਬਤੇ ਕਾਰਨ ਜੁਲਾਈ ਦੇ ਪਹਿਲੇ ਹਫਤੇ ਕੀਤਾ ਜਾਵੇਗਾ।ਸਕੂਲ ਮੁਖੀਆਂ ਤੋਂ ਲੋੜੀਂਦੀ ਸੂਚਨਾ ਨਵਾਂ ਸੈਸ਼ਨ ਸ਼ੁਰੂ ਹੋਣ 'ਤੇ ਮੰਗਵਾਈ ਜਾਵੇਗੀ।ਇਸ ਮੌਕੇ ਉਪਰੋਕਤ ਤੋਂ ਇਲਾਵਾ ਤਰਸੇਮ ਨਰੂਲਾ, ਇਕਬਾਲ ਸਿੰਘ ਮੰਘੇੜਾ, ਗੁਰਚਰਨ ਸਿੰਘ ਮਾਨ, ਮੁਖਤਿਆਰ ਸਿੰਘ ਮੱਤਾ ਆਦਿ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਵਿਖੇ ਟੂਰਨਾਮੈਂਟ ਕਰਵਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਸੋਡੇਵਾਲਾ ਫਿਰੋਜ਼ਪੁਰ ਵਿਖੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ 2 ਦਿਨ ਸਪੋਰਟਸ ਟੂਰਨਾਮੈਂਟ ਕਰਵਾਇਆ ਗਿਆ।ਇਸ ਟੂਰਨਾਮੈਂਟ ਵਿੱਚ ਵਿਸ਼ੇਸ਼ ਤੌਰ 'ਤੇ ਮਨੋਜ ਸੰਗਠਨ ਮੰਤਰੀ ਪਹੁੰਚੇ।ਇਸ ਟੂਰਨਾਮੈਂਟ ਦੀ ਸ਼ੁਰੂਆਤ ਧਰਮਪਾਲ ਬਾਂਸਲ ਚੇਅਰਮੈਨ ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਸੋਡੇਵਾਲਾ ਫਿਰੋਜ਼ਪੁਰ ਤੇ ਹਾਰਮਨੀ ਆਯੂਰਵੈਦਿਕ ਮੈਡੀਕਲ ਕਾਲਜ ਅਤੇ ਹਸਪਤਾਲ ਤੇ ਸੰਸਥਾਪਕ ਭਗਤੀ ਭਜਨ ਗਰੁੱਪ ਵੱਲੋਂ ਜੋਤੀ ਪ੍ਰਜਲਿਤ ਕਰ ਕੇ ਕੀਤੀ ਗਈ।ਇਸ ਤੋਂ ਉਪਰੰਤ ਰਾਸ਼ਟਰੀ ਗੀਤ ਜਨ-ਗਨ-ਮਨ ਗਾਇਨ ਕੀਤਾ ਗਿਆ ਤੇ ਮਨੋਜ ਵੱਲੋਂ ਹਰੀ ਝੰਡੀ ਦੇ ਕੇ ਮਾਰਚ ਪਾਸਟ ਦੀ ਸ਼ੁਰੂਆਤ ਕੀਤੀ ਗਈ।ਇਸ ਟੂਰਨਾਮੈਂਟ ਵਿੱਚ ਬੱਚਿਆਂ ਦੀ ਹੌਸਲਾ ਵਧਾਈ ਲਈ ਧਰਮਪਾਲ ਬਾਂਸਲ ਵੱਲੋਂ ਖੇਡਾਂ ਦੀ ਮਹੱਤਤਾ ਬਾਰੇ ਦੱਸਿਆ ਗਿਆ ਤੇ ਉਨ੍ਹਾ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ।ਪੜ੍ਹਾਈ ਦੇ ਨਾਲ ਨਾਲ ਸਿਹਤ ਵੀ ਜ਼ਰੂਰੀ ਹੈ।ਇਸ ਟੂਰਨਾਮੈਂਟ ਵਿੱਚ ਕ੍ਰਿਕਟ, ਵਾਲੀਬਾਲ, ਬੈਡਮਿੰਟਨ, ਰੇਸ, ਸਪੂਨਰੇਸ, ਰਿਲੇਅ ਰੇਸ, ਰੱਸਾ ਖਿੱਚਣਾ ਆਦਿ ਖੇਡਾਂ ਕਰਵਾਈਆਂ ਗਈਆਂ।ਬੱਚਿਆਂ ਵੱਲੋਂ ਵੀ ਇਸ ਟੂਰਨਾਮੈਂਟ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ। ਇਸ ਮੌਕੇ ਯੁਗੇਸ਼ ਬਾਂਸਲ (ਡਾਇਰੈਕਟਰ ਹਾਰਮਨੀ ਆਯੂਰਵੈਦਿਕ ਕਾਲਜ) ਕਿਰਨ ਬਾਂਸਲ, (ਸੀਏ) ਪ੍ਰਿਯੰਕਾ ਬਾਂਸਲ, ਪ੍ਰਾਂਸ਼ੀ ਅਗਰਵਾਲ ਤੇ ਜਸਪ੍ਰੀਤ ਕੌਰ ਸੰਧੂ ਵੀ ਸ਼ਾਮਲ ਹੋਏ ਅਤੇ ਕਾਲਜ ਦੇ ਸਮੂਹ ਸਟਾਫ ਮੈਂਬਰ ਡਾ. ਮਨਜੀਤ ਕੌਰ, ਸ਼ਰਨਜੀਤ ਕੌਰ, ਸੁਖਵਿੰਦਰ ਕੌਰ, ਡਾ. ਸੰਜੀਵ ਮਾਨਕਟਾਲਾ, ਇੰਦਰਜੀਤ ਕੌਰ, ਜਮਖਮ, ਜਸਮੀਤ ਕੌਰ, ਗੁਰਦੀਪ ਕੌਰ, ਅਮਨਦੀਪ ਕੌਰ, ਜਗਦੇਵ ਸਿੰਘ, ਸੰਗੀਤਾ ਹਾਂਡਾ, ਗੁਰਮੀਤ ਕੌਰ, ਖੁਸ਼ਪਾਲ ਕੌਰ, ਸੰਤੋਸ਼ ਰਾਣੀ, ਤਵਿੰਦਰ ਕੌਰ, ਕੋਮਲਪ੍ਰੀਤ ਕੌਰ, ਪ੍ਰਿਅੰਕਾ, ਮੁਸਕਾਨ, ਸੰਜੀਵਨੀ, ਮਨਵੀਰ ਕੌਰ, ਗੁਰਪ੍ਰੀਤ ਕੌਰ, ਗੀਤਾਂਜਲੀ, ਅਮਨਦੀਪ ਕੌਰ (ਭੁੱਲਰ), ਅਮਨਦੀਪ ਕੌਰ ਆਦਿ ਸ਼ਾਮਲ ਸਨ।





# ਪੰਜਾਬ ਨੰਬਰਦਾਰਾ ਯੂਨੀਅਨ ਦੇ ਤਹਿਸੀਲ ਪ੍ਰਧਾਨਾਂ ਤੇ ਅਹੁਦੇਦਾਰਾਂ ਦੀ ਮੀਟਿੰਗ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਨੰਬਰਦਾਰਾ ਯੂਨੀਅਨ ਜ਼ਿਲ੍ਹਾ ਸੰਗਰੂਰ ਦੇ ਵੱਖ ਵੱਖ ਤਹਿਸੀਲਾਂ ਦੇ ਪ੍ਰਧਾਨਾਂ ਤੇ ਅਹੁਦੇਦਾਰਾਂ ਦੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਅਕਾਲਗੜ੍ਹ ਸਾਹਿਬ, ਮਹਾਂਵੀਰ ਚੌਕ ਸੰਗਰੂਰ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਬੇਲੇਵਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਕਰਮਜੀਤ ਸਿੰਘ ਨਮੋਲ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਬੀਬੀ ਕੰਵਲਜੀਤ ਕੌਰ ਔਲਖ ਸੂਬਾ ਮੀਤ ਪ੍ਰਧਾਨ, ਦਰਬਾਰਾ ਸਿੰਘ ਕਾਂਝਲਾ ਮੀਤ ਪ੍ਰਧਾਨ, ਨਛੱਤਰ ਸਿੰਘ ਤੋਲਾਵਾਲ ਸੀਨੀਅਰ ਮੀਤ ਪ੍ਰਧਾਨ, ਭਰਭੂਰ ਸਿੰਘ ਗਹਿਲਾਂ ਪ੍ਰਧਾਨ ਭਵਾਨੀਗੜ੍ਹ, ਅਵਤਾਰ ਸਿੰਘ ਝਨੇੜੀ ਜ਼ਿਲ੍ਹਾ ਮੁੱਖ ਸਲਾਹਕਾਰ, ਹਰਬੰਸ ਸਿੰਘ ਉਭਾਵਾਲ, ਕ੍ਰਿਸ਼ਨ ਸਿੰਘ ਰੂਪਾਹੇੜੀ ਤਹਿਸੀਲ ਖਜ਼ਾਨਚੀ ਸੰਗਰੂਰ, ਰਘਬੀਰ ਸਿੰਘ ਰੂਪਾਹੇੜੀ ਤਹਿਸੀਲ ਮੀਤ ਪ੍ਰਧਾਨ ਸੰਗਰੂਰ, ਧੀਰਜ ਸਿੰਘ ਖਿਲਰੀਆਂ ਮੁੱਖ ਸੇਵਾਦਾਰ, ਪ੍ਰੀਤਮ ਸਿੰਘ ਸੈਣੀ, ਸੰਗਰੂਰ, ਸੁਖਵਿੰਦਰ ਸਿੰਘ ਸੰਗਰੂਰ, ਬਲਵਿੰਦਰ ਸਿੰਘ ਦੁੱਗਾ, ਰਣਜੀਤ ਸਿੰਘ ਨਮੋਲ ਤੋਂ ਇਲਾਵਾ ਜ਼ਿਲ੍ਹੇ ਤੇ ਤਹਿਸੀਲ ਦੇ ਹੋਰ ਅਹੁਦੇਦਾਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਖਪਾਲ ਸਿੰਘ ਮੰਗਵਾਲ, ਜ਼ਿਲ੍ਹਾ ਜਨਰਲ ਸਕੱਤਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ 26 ਮਾਰਚ ਨੂੰ ਯੂਨੀਅਨ ਦੇ ਬਾਨੀ ਮਾਸਟਰ ਸਰੂਪ ਸਿੰਘ ਦੀ ਯਾਦ ਨੂੰ ਤਾਜ਼ਾ ਕਰਦਿਆਂ ਝੰਡਾ ਦਿਵਸ ਮਨਾਇਆ ਜਾਵੇਗਾ, ਜਿਸ ਵਿੱਚ ਵਿਸ਼ੇਸ ਤੌਰ 'ਤੇ ਯੂਨੀਅਨ ਦੇ ਬਾਨੀ ਮਾਸਟਰ ਸਰੂਪ ਸਿੰਘ ਦੇ ਲੜਕੇ ਸ੍ਰ. ਮਨਮੋਹਨ ਸਿੰਘ ਦਾਓ ਨੂੰ ਸਨਮਾਨਤ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਸਵਰਗਵਾਸੀ ਮਾਸਟਰ ਹਰਮਿੰਦਰ ਸਿੰਘ ਫਾਜ਼ਲੀ ਸੂਬਾ ਪ੍ਰਧਾਨ, ਸਵਰਗਵਾਸੀ ਮਹਿੰਦਰ ਸਿੰਘ ਜਹਾਂਗੀਰ ਸੂਬਾ ਸਕੱਤਰ, ਸਵਰਗਵਾਸੀ ਲਾਭ ਸਿੰਘ ਕੜੈਲ ਜ਼ਿਲ੍ਹਾ ਪ੍ਰਧਾਨ ਤੇ ਸੂਬਾ ਸਕੱਤਰ ਦੇ ਪਰਵਾਰਾਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ।ਇਸ ਸਮਾਗਮ ਦੀ ਪ੍ਰਧਾਨਗੀ ਗੁਰਪਾਲ ਸਿੰਘ ਸਮਰਾ ਸੂਬਾ ਪ੍ਰਧਾਨ ਕਰਨਗੇ ਤੇ ਉਨ੍ਹਾਂ ਦੇ ਨਾਲ ਕਾਰਜਕਾਰੀ ਸੂਬਾ ਪ੍ਰਧਾਨ ਸੁਰਜੀਤ ਸਿੰਘ ਨਨਹੇੜਾ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਣਗੇ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਾਗਰ ਸਿੰਘ ਬੰਗਾਵਾਲੀ ਪ੍ਰਧਾਨ ਸੰਗਰੂਰ ਆਦਿ ਆਗੂਆਂ ਨੇ ਵੀ ਇਸ ਮੀਟਿੰਗ ਨੂੰ ਸੰਬੋਧਨ ਕੀਤਾ।

# ਓ ਐੱਸ ਡੀ ਸਿੱਧੂ ਨੇ ਵਪਾਰੀਆਂ ਨਾਲ ਮੀਟਿੰਗ ਕਰ ਸੁਣੀਆਂ ਮੁਸ਼ਕਲਾਂ

**ਧੂਰੀ ਦੇ ਵਪਾਰੀਆਂ ਨੂੰ ਜਲਦੀ 'ਵਪਾਰੀ ਭਵਨ' ਦਾ ਤੋਹਫ਼ਾ ਮਿਲੇਗਾ : ਪ੍ਰੋ. ਸਿੱਧੂ**



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੇ ਵਪਾਰ ਮੰਡਲ ਧੂਰੀ ਦੇ ਪ੍ਰਧਾਨ ਵਿਕਾਸ ਜੈਨ ਦੇ ਦਫ਼ਤਰ ਵਿਖੇ ਵਪਾਰੀਆਂ ਨਾਲ ਮੀਟਿੰਗ ਕਰ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਸੁਣੀਆਂ ਤੇ ਉਨ੍ਹਾਂ ਦਾ ਮੌਕੇ 'ਤੇ ਹੀ ਹੱਲ ਕੀਤਾ।ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦਾ ਚੁਫੇਰਿਓਂ ਵਿਕਾਸ ਕਰਵਾਇਆ ਜਾ ਰਿਹਾ ਹੈ, ਉਧਰ ਹਲਕਾ ਧੂਰੀ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾ ਧੂਰੀ ਹਲਕੇ ਵਿੱਚ ਕਰਵਾਏ ਜਾ ਰਹੇ ਕੰਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 22 ਕਰੋੜ ਰੁਪੈ ਦੀ ਲਾਗਤ ਨਾਲ ਸਿਵਲ ਹਸਪਤਾਲ ਦੀ ਆਧੁਨਿਕ ਬਿਲਡਿੰਗ, 32 ਕਰੋੜ ਰੁਪੈ ਦੀ ਲਾਗਤ ਨਾਲ ਰਜਵਾਹੇ ਨੂੰ ਛੱਤਣ ਸਮੇਤ 8.17 ਕਰੋੜ ਦੀ ਲਾਗਤ ਦੇ ਨਾਲ ਸੰਗਰੂਰ ਬਾਈਪਾਸ ਤੋਂ ਮਲੇਰਕੋਟਲਾ ਬਾਈਪਾਸ ਤੱਕ ਸ਼ਹਿਰ ਦੀ ਅੰਦਰਲੀ ਸੜਕ ਨੂੰ ਚੌੜਾ ਕਰਨ ਤੇ ਮੁਰੰਮਤ ਕਰਨ, 11.55 ਕਰੋੜ ਰੁਪਏ ਦੀ ਲਾਗਤ ਦੇ ਨਾਲ ਧੂਰੀ ਤੋਂ ਸ਼ੇਰਪੁਰ ਤੱਕ ਜਾਂਦੀ ਸੜਕ ਨੂੰ ਚੌੜਾ ਕਰਨ ਤੇ ਮਜ਼ਬੂਤ ਕਰਨ, 62.55 ਕਰੋੜ ਰੁਪਏ ਦੀ ਲਾਗਤ ਦੇ ਨਾਲ ਲੁਧਿਆਣਾ-ਸੰਗਰੂਰ ਮੁੱਖ ਮਾਰਗ 'ਤੇ ਪਿਰੀਓਡੀਕਲ ਮੁਰੰਮਤ ਕਰਨ ਤੇ ਨਗਰ ਕੌਂਸਲ ਪਾਰਕ ਵਿੱਚ 1.59 ਕਰੋੜ ਕਰੋੜ ਰੁਪੈ ਦੀ ਲਾਗਤ ਨਾਲ ਕੰਮ ਸ਼ੁਰੂ ਕਰਵਾਏ ਗਏ ਹਨ।ਉਨ੍ਹਾ ਕਿਹਾ ਕਿ ਵਿਰਾਸਤੀ ਰੈਸਟ ਹਾਊਸ ਬੱਬਨਪੁਰ ਦਾ ਜਿੱਥੇ ਨਵੀਨੀਕਰਨ ਕਰਵਾਇਆ ਜਾ ਰਿਹਾ ਹੈ, ਉਥੇ ਪਿੰਡ ਬੁਗਰਾ ਵਿਖੇ ਵੱਡਾ ਟਰੈਕ ਵੀ ਬਣਵਾਇਆ ਜਾ ਰਿਹਾ ਹੈ।

ਧੂਰੀ ਦੇ ਅੰਦਰਲੇ ਫਾਟਕਾਂ 'ਤੇ ਬਣਨ ਵਾਲੇ ਪੁਲ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਓ.ਐੱਸ.ਡੀ. ਸਿੱਧੂ ਨੇ ਕਿਹਾ ਕਿ 55 ਕਰੋੜ ਰੁਪੈ ਦੀ ਲਾਗਤ ਨਾਲ ਬਣਨ ਵਾਲੇ ਇਸ ਪੁਲ ਦਾ ਕੰਮ ਜਲਦੀ ਸ਼ੁਰੂ ਹੋਵੇਗਾ ਤੇ ਇਸ ਪ੍ਰੋਜੈਕਟ ਨੂੰ ਅੰਤਿਮ ਛੂਹਾਂ ਦਿੱਤੀਆਂ ਜਾ ਰਹੀਆ ਹਨ।ਉਨ੍ਹਾ ਦੱਸਿਆ ਕਿ ਰਜਵਾਹੇ ਨੂੰ ਛੱਤਣ ਦੇ ਕੰਮ ਦੌਰਾਨ 1 ਫੀਸਦੀ ਹੋਈ ਬੱਚਤ ਦੀ ਰਕਮ ਕਰੀਬ 30 ਲੱਖ ਰੁਪੈ ਨਾਲ ਰਜਵਾਹੇ 'ਤੇ ਸੁੰਦਰ ਪਾਰਕ ਬਣਾਉਂਦਿਆਂ ਇਸ ਨੂੰ ਸੈਰਗਾਹ ਵਜੋਂ ਵਿਕਸਤ ਕੀਤਾ ਜਾਵੇਗਾ।

ਵਪਾਰ ਮੰਡਲ ਦੇ ਪ੍ਰਧਾਨ ਵਿਕਾਸ ਜੈਨ ਵੱਲੋਂ ਧੂਰੀ ਵਿਖੇ ਵਪਾਰੀ ਭਵਨ ਬਣਾਉਣ ਦੀ ਮੰਗ ਨਾਲ ਸਹਿਮਤ ਹੁੰਦਿਆਂ ਉਨ੍ਹਾ ਕਿਹਾ ਕਿ ਧੂਰੀ ਦੇ ਵਪਾਰੀਆਂ ਨੂੰ ਜਲਦੀ ਹੀ ਵਪਾਰੀ ਭਵਨ ਦਾ ਤੋਹਫਾ ਮਿਲੇਗਾ।ਇਸ ਮੌਕੇ ਧੂਰੀ ਵਪਾਰ ਮੰਡਲ ਧੂਰੀ ਦੇ ਪ੍ਰਧਾਨ ਵਿਕਾਸ ਜੈਨ, ਸੰਗਰੂਰ ਚੈਂਬਰ ਆਫ਼ ਕਾਮਰਸ ਦੇ ਸੈਕਟਰੀ ਅੰਮ੍ਰਿਤ ਰਿੰਕੂ ਗਰਗ, ਕੌਂਸਲਰ ਪੁਸ਼ਪਿੰਦਰ ਸ਼ਰਮਾ, ਸੁਮੀਤ ਗੋਇਲ, ਉਦਯੋਗਪਤੀ ਸੰਜੇ ਸਿੰਗਲਾ, ਅਗਰਵਾਲ ਸਭਾ ਧੂਰੀ ਦੇ ਪ੍ਰਧਾਨ ਅਮਨ ਗਰਗ, ਸਾਬਕਾ ਕੌਂਸਲਰ ਦਰਸ਼ਨ ਕੁਮਾਰ ਹਾਜ਼ਰ ਸਨ।

# ਡੀ ਏ ਵੀ ਕਾਲਜ 'ਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹਾਦਤ ਦਿਵਸ ਮਨਾਇਆ




**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਡੀ.ਏ.ਵੀ. ਕਾਲਜ ਵਿਖੇ ਪ੍ਰਿੰਸੀਪਲ ਸੁਭਾਸ਼ ਗੁਪਤਾ ਦੀ ਅਗਵਾਈ ਹੇਠ ਕਾਲਜ ਦੇ ਐੱਨ.ਐੱਸ.ਐੱਸ. ਤੇ ਐੱਨ.ਸੀ.ਸੀ. ਯੂਨਿਟ ਦੇ ਸਹਿਯੋਗ ਨਾਲ ਇੱਕ ਸਾਈਕਲ ਰੈਲੀ ਕੀਤੀ ਗਈ। ਇਹ ਰੈਲੀ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ, ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਤ ਸੀ, ਜੋ ਭਾਰਤ ਦੇਸ਼ ਦੇ ਸੱਚੇ ਸਪੂਤ ਸਨ, ਜਿਨ੍ਹਾਂ ਨੇ ਦੇਸ਼ ਭਗਤੀ ਤੇ ਦੇਸ਼ ਪ੍ਰੇਮ ਨੂੰ ਆਪਣੀ ਜਾਨ ਨਾਲੋਂ ਵੱਧ ਮਹੱਤਵ ਦਿੱਤਾ ਅਤੇ ਆਪਣੀ ਮਾਤ-ਭੂਮੀ ਲਈ ਜਾਨ ਨਿਛਾਵਰ ਕਰ ਗਏ। ਇਹ ਦਿਨ ਇਨ੍ਹਾਂ ਵੀਰ ਬਹਾਦਰਾਂ ਦੇ ਬਲੀਦਾਨ ਨੂੰ ਭਰੇ ਮਨ ਨਾਲ ਸ਼ਰਧਾਂਜਲੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਸਾਈਕਲ ਰੈਲੀ ਵਿੱਚ ਤਕਰੀਬਨ 50 ਵਿਦਿਆਰਥੀਆਂ ਨੇ ਹਿੱਸਾ ਲਿਆ। ਕਾਲਜ ਦੇ ਪ੍ਰਿੰਸੀਪਲ ਵੱਲੋਂ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਹ ਰੈਲੀ ਮਲੋਟ ਸ਼ਹਿਰ ਦੀਆਂ ਗਲੀਆਂ ਵਿੱਚੋਂ ਹੁੰਦੀ ਹੋਈ ਬਾਬਾ ਦੀਪ ਸਿੰਘ ਨਗਰ ਵਿੱਚ ਸਥਿਤ ਭਾਰਤ ਗੈਸ ਏਜੰਸੀ ਤੋਂ ਵਾਪਸ ਕਾਲਜ ਪੁੱਜੀ। ਕਾਲਜ ਪਹੁੰਚਣ 'ਤੇ ਵਲੰਟੀਅਰਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਰੈਲੀ ਵਿੱਚ ਐੱਨ.ਐੱਸ.ਐੱਸ. ਪ੍ਰੋਗਰਾਮ ਅਫ਼ਸਰ ਡਾ. ਜਸਬੀਰ ਕੌਰ, ਡਾ. ਵਿਨੀਤ ਕੁਮਾਰ, ਐੱਨ. ਸੀ. ਸੀ. ਅਫ਼ਸਰ ਡਾ. ਮੁਕਤਾ ਮੁਟਨੇਜਾ ਤੇ ਪ੍ਰੋ. ਸਾਹਿਲ ਗੁਲਾਟੀ ਸਮੇਤ ਮੈਡਮ ਭੁਪਿੰਦਰ ਕੌਰ, ਮੈਡਮ ਅਪਨੀਤ ਤੇ ਮੈਡਮ ਨਵਲੀਨ ਵੀ ਸ਼ਾਮਲ ਸਨ।

# ਦ ਕਿੰਡਰ ਗਾਰਟਨ 'ਚ ਨੰਨੇ-ਮੁੰਨਿਆਂ ਦੀ ਗ੍ਰੈਜੂਏਸ਼ਨ ਸੈਰੇਮਨੀ ਮਨਾਈ

**ਨਾਭਾ (ਵਰਿੰਦਰ ਵਰਮਾ)**

ਵਿਅਕਤੀ ਦੇ ਜੀਵਨ ਵਿੱਚ ਹਰ ਪੜਾਅ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਸ ਕਥਨ ਨੂੰ ਧਿਆਨ ਵਿੱਚ ਰੱਖਦੇ ਜੀ.ਬੀ ਇੰਟਰਨੈਸ਼ਨਲ ਸਕੂਲ ਵਿਖੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਦੇ 'ਜਮਾਤ 1' ਤੋਂ ਨਿਯਮਿਤ ਸਿੱਖਿਆ ਦੀ ਸ਼ੁਰੂਆਤ ਹੋਣ ਨੂੰ 'ਦ ਕਿੰਡਰਗਾਰਟਨ ਗ੍ਰੈਜੂਏਸ਼ਨ ਸੈਰਾਮਨੀ' ਵਜੋਂ ਯਾਦਗਾਰੀ ਬਣਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਛੋਟੇ ਬੱਚਿਆਂ ਵੱਲੋਂ ਮਨਮੋਹਕ ਡਾਂਸ ਵਰਗੀਆਂ ਪੇਸ਼ਕਾਰੀਆਂ ਨਾਲ ਕੀਤੀ ਗਈ। ਪ੍ਰੋਗਰਾਮ ਦੇ ਮੁੱਖ ਮਹਿਮਾਨ ਵਜੋਂ ਸਕੂਲ ਦੇ ਡਾਇਰੈਕਟਰ ਅੰਸ਼ੂ ਬਾਂਸਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਵਿਦਿਆਰਥੀਆਂ ਨੇ ਆਪਣੇ ਸ਼ੁਰੂਆਤੀ ਸਕੂਲੀ ਜੀਵਨ ਦੀਆਂ ਯਾਦਾਂ ਨੂੰ ਡੂੰਘਾਈ ਨਾਲ ਤਾਜ਼ਾ ਕਰਦਿਆਂ ਕਿਹਾ ਕਿ ਸਾਡੇ ਇਸ ਸ਼ਾਨਦਾਰ ਸਫ਼ਰ ਨੇ ਨਾ ਸਿਰਫ਼ ਸਾਨੂੰ ਸਾਡੀਆਂ ਵਿਦਵਤਾਪੂਰਣ ਯੋਗਤਾਵਾਂ ਨੂੰ ਵਿਕਸਤ ਕਰਨ ਦੇ ਮੌਕੇ ਪ੍ਰਦਾਨ ਕੀਤੇ, ਸਗੋਂ ਸਾਡੇ ਅੰਦਰ ਕਲਾ ਤੇ ਖੇਡਾਂ ਵਰਗੇ ਕਈ ਹੁਨਰ ਵੀ ਵਿਕਸਤ ਕੀਤੇ। ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਨੇ ਸਿੱਖਿਆ ਦੇ ਨਵੇਂ ਪੱਧਰ 'ਤੇ ਪ੍ਰਵੇਸ਼ ਕਰਨ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਕਿਹਾ ਕਿ ਹਮੇਸ਼ਾ ਦੀ ਤਰ੍ਹਾਂ ਇਹ ਸਮਾਗਮ ਵਿਦਿਆਰਥੀਆਂ ਨੂੰ ਜ਼ਿੰਦਗੀ 'ਚ ਅੱਗੇ ਵਧਣ ਤੇ ਸਫ਼ਲਤਾ ਦੀਆਂ ਬੁਲੰਦੀਆਂ ਨੂੰ ਛੂਹਣ 'ਚ ਸਹਾਈ ਹੋਵੇਗਾ। ਸਕੂਲ ਦੀ ਪ੍ਰਿੰਸੀਪਲ ਪੂਨਮ ਰਾਣੀ ਨੇ ਪ੍ਰੋਗਰਾਮ ਨੂੰ ਯਾਦਗਾਰੀ ਸਮਾਗਮ ਕਰਾਰ ਦਿੰਦਿਆਂ ਮਾਪਿਆਂ ਤੇ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਸਰਬਪੱਖੀ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ ਹਮੇਸ਼ਾ ਤਤਪਰ ਰਹਿਣ ਲਈ ਪ੍ਰੇਰਿਆ। ਸਕੂਲ ਦੀ ਵਾਈਸ ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਕਨਵੋਕੇਸ਼ਨ ਡਰੈੱਸ ਵਿੱਚ ਵਿਦਿਆਰਥੀਆਂ ਨੂੰ ਡਿਗਰੀਆਂ ਦੇ ਕੇ ਸਨਮਾਨਤ ਕਰਦੇ ਕਿਹਾ ਕਿ ਬੱਚੇ ਕੱਚੀ ਮਿੱਟੀ ਦੀ ਤਰ੍ਹਾਂ ਹੁੰਦੇ ਹਨ, ਅਸੀਂ ਉਨ੍ਹਾਂ ਨੂੰ ਜੋ ਵੀ ਆਕਾਰ ਦੇਣਾ ਚਾਹੁੰਦੇ ਹਾਂ, ਉਸ ਵਿੱਚ ਢਾਲ ਸਕਦੇ ਹਾਂ। 'ਦਿ ਕਿੰਡਰਗਾਰਟਨ' ਨੇ ਇਸ ਮਿੱਟੀ ਨੂੰ ਸਿੱਖਿਆ ਦੇ ਦੁਆਰਾ ਢਾਲ ਕੇ ਮਹਾਨ ਮੂਰਤੀਆਂ ਦੀ ਰਚਨਾ ਕੀਤੀ ਹੈ। ਪ੍ਰੋਗਰਾਮ ਦੀ ਸਮਾਪਤੀ 'ਤੇ ਉਨ੍ਹਾਂ ਨੇ 'ਕਲਾਸ ਵੰਨ' ਦੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਦੇ ਮਾਪਿਆਂ ਨੂੰ ਨਵੀਂ ਕਲਾਸ ਦੀਆਂ ਵਿੱਦਿਅਕ ਤੇ ਪ੍ਰੀਖਿਆ ਨੀਤੀਆਂ ਤੋਂ ਵੀ ਜਾਣੂ ਕਰਾਇਆ।




**PUBLIC NOTICE**

It is to put the General Public on notice that Mr. Amritpal Singh son of Mr. Kuldip Singh R/o H.No. L-2/1370, New Gurnam Nagar, Main Bazar, Sukka Talab, Sultanwind Road, Amritsar owner of residential Property bearing plot no. 16, measuring 86.30 square yards, comprising in khasra no. 3972 min, situated in the area of Sultanwind Sub Urban, Abadi Kot Mit Singh, Tehsil Amritsar-1, District Amritsar having purchased by him vide deed of transfer of ownership duly registered in the office of Sub Registrar vide document no. 2019-20/89/1/1281 dated 09-05-2019 has offer to sell the same to Mr. Pawandeep Singh son of Mr. Baldev Singh resident of Ward No. 6, Patti Pandora, Village Sultanwind, Amritsar who approached my client KIFS Housing Finance Limited, Branch at Unit No. FUF-4, Fourth Floor Central Mall Complex, Mall Road, Amritsar with a request to advance loan against the above property. He has further informed that he has misplaced one of the title deed bearing document no. 2513 dated 17-06-2003 in respect to said property. Therefore in case anybody in possession of said document or having objection in respect to the said property or regarding creation of mortgage with my client may contact me or raise objections within 7 days from the date of this publication at the below mentioned address.

**Munish Menon, Advocate**
Chamber No. 52-A, District Court, Amritsar
(M) 9417297373

page-6-23-March.-2024.qxd 3/22/2024 9:05 PM Page 1



# ਦੋ ਰੋਜ਼ਾ ਹੋਲਾ ਮਹੱਲਾ ਨਿਹੰਗ ਓਲੰਪਿਕਸ ਵਿਰਾਸਤੀ ਖੇਡਾਂ ਸੰਪੰਨ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਜ਼ਿਲਾ ਪ੍ਰਸ਼ਾਸਨ ਤੇ ਟੂਰਿਜਮ ਵਿਭਾਗ ਦੇ ਸਹਿਯੋਗ ਨਾਲ ਦੋ ਰੋਜ਼ਾ ਹੋਲਾ ਮਹੱਲਾ ਨਿਹੰਗ ਓਲੰਪਿਕਸ ਸ੍ਰੀ ਅਨੰਦਪੁਰ ਸਾਹਿਬ-2024 ਇੱਥੇ ਇਤਿਹਾਸਿਕ ਚਰਨ ਗੰਗਾ ਸਟੇਡੀਅਮ ਵਿਚ ਅੱਜ ਸਫਲਤਾ ਪੂਰਵਕ ਸਪੰਨ ਹੋ ਗਈਆਂ ਹਨ। ਐਡਵੈਂਚਰ ਸਪੋਰਟਸ ਦੌਰਾਨ ਹੋਟ ਏਅਰ ਵੈਲੂਨ, ਮਨਮੋਹਕ ਵਾਟਰ ਬਾਡੀ ਤੇ ਪੈਡਲ ਵੋਟ ਸੈਲਾਨੀਆਂ ਦੀ ਵਿਸੇਸ਼ ਖਿੱਚ ਦਾ ਕੇਂਦਰ ਬਣੇ ਹੋਏ ਹਨ। ਨਿਹੰਗ ਓਲੰਪਿਕਸ ਵਿੱਚ ਕਿੱਲਾ ਪੁੱਟਣਾ (ਟੈਂਟ ਪੈਗਿੰਗ), ਗੱਤਕਾ, ਤੀਰ ਅੰਦਾਜ਼ੀ (ਆਰਚਰੀ), ਗੱਤਕਾ ਸੋਟੀ-ਫਰੀ, ਕਵੀਸ਼ਰੀ, ਢਾਡੀ ਵਾਰਾ, ਦਸਤਾਰ ਬੰਦੀ ਦੇ ਮੁਕਾਬਲੇ ਵਿਸੇਸ਼ ਆਕਰਸ਼ਣ ਬਣੇ ਰਹੇ, ਜਦੋਂ ਕਿ ਪੰਜਾਬ ਦੀ ਵਿਰਾਸਤ ਕਰਾਫਟ ਮੇਲਾ ਅਤੇ ਸਾਡੇ ਅਮੀਰ ਵਿਰਸੇ ਤੇ ਸੱਭਿਆਚਾਰ ਦੇ ਪ੍ਰਤੀਕ ਪੇਸ਼ਕਾਰੀਆਂ ਨੇ ਹਾਜ਼ਰ ਸ਼ਰਧਾਲੂਆਂ, ਸੈਲਾਨੀਆਂ ਤੇ ਸਰੋਤਿਆਂ ਨੂੰ ਦੋ ਦਿਨ ਤੱਕ ਕੀਲ ਕੇ ਰੱਖਿਆ। ਇਹ ਨਿਵੇਕਲਾ ਉਪਰਾਲਾ ਹੋਲਾ ਮਹੱਲਾ ਦੌਰਾਨ ਪਹਿਲੀ ਵਾਰ ਕੀਤਾ ਗਿਆ, ਜਿਸ ਦੇ ਲਈ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ, ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾ ਅਤੇ ਸੈਰ ਸਪਾਟਾ ਵਿਭਾਗ ਦੇ ਨਿਗਰਾਨ ਇੰ. ਬੀ.ਐਸ.ਚਾਨਾ ਨੇ ਲਗਾਤਾਰ ਕਈ ਦਿਨ ਤੱਕ ਇਨ੍ਹਾਂ ਤਿਆਰੀਆਂ ਨੂੰ ਮੁਕੰਮਲ ਕਰਵਾਇਆ। ਹਰਪ੍ਰੀਤ ਕੌਰ ਜਸਟਿਸ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਹੋਲਾ ਮਹੱਲਾ ਨਿਹੰਗ ਓਲੰਪਿਕਸ ਦੀ ਸ਼ੁਰੂਆਤ 21 ਮਾਰਚ ਨੂੰ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਵੱਲੋਂ ਮਸ਼ਾਲ ਜਲਾ ਕੇ ਕੀਤੀ ਗਈ, ਇਸ ਮਸ਼ਾਲ ਮਾਰਚ ਦੀ ਅਗਵਾਈ ਪ੍ਰਿਅੰਕਾ ਦੇਵੀ (ਕਬੱਡੀ ਖਿਡਾਰਨ), ਸਮਰਿਤੀ ਸ਼ਰਮਾ (ਹੈਂਡਬਾਲ ਖਿਡਾਰਨ) ਵੱਲੋਂ ਕੀਤੀ ਗਈ, ਜਿਸ ਦੇ ਨਾਲ ਦੋ ਘੋੜ ਸਵਾਰ ਵੀ ਚੱਲ ਰਹੇ ਸਨ। ਇਸ ਸਮਾਰੋਹ ਦੌਰਾਨ ਦੋ ਹਾਥੀ ਵੀ ਆਕਰਸ਼ਣ ਦਾ ਕੇਂਦਰ ਰਹੇ। ਨਿਹੰਗ ਓਲੰਪਿਕਸ ਦੌਰਾਨ ਕਿੱਲਾ ਪੁੱਟਣਾ, ਘੋੜ ਦੌੜ ਅਤੇ ਗੱਤਕੇ ਦੇ ਜੌਹਰ ਹਾਜ਼ਰ ਲੋਕਾਂ ਵੱਲੋਂ ਦਿਲ ਰੋਕ ਕੇ ਵੇਖੇ ਗਏ। ਸੈਰ ਸਪਾਟਾ ਵਿਭਾਗ ਵੱਲੋਂ ਦਸਤਾਰ ਬੰਦੀ ਤੇ ਫੁਲਕਾਰੀ ਵਿਸੇਸ਼ ਆਕਰਸ਼ਣ ਬਣੇ ਰਹੇ, ਪਹਿਲੀ ਵਾਰ ਹੋਲਾ ਮਹੱਲਾ ਮੌਕੇ ਹੋਏ ਵਿਰਾਸਤੀ ਖੇਡਾਂ ਦੇ ਮੁਕਾਬਲਿਆਂ ਨੇ ਸ਼ਰਧਾਲੂਆਂ/ਸੈਲਾਨੀਆਂ ਵਿੱਚ ਨਵੀਂ ਖਿੱਚ ਪੈਦਾ ਕੀਤੀ। ਸਮਾਰੋਹ ਦੌਰਾਨ ਹੋਏ ਮੁਕਾਬਲਿਆਂ ਵਿੱਚ ਜੇਤੂ ਟੀਮਾ ਨੂੰ ਵਿਸੇਸ਼ ਮੈਡਲ ਤੇ ਸਨਮਾਨ ਦਿੱਤੇ ਗਏ। ਸਟੇਜ ਸਕੱਤਰ ਦੀ ਭੂਮਿਕਾ ਰਣਜੀਤ ਸਿੰਘ ਤੇ ਸੀਮਾ ਜੱਸਲ ਨੇ ਬਾਖੂਬੀ ਨਿਭਾਈ। ਦਸਤਾਰ ਬੰਦੀ ਮੁਕਾਬਲੇ ਸੈਰ ਸਪਾਟਾ ਵਿਭਾਗ ਵੱਲੋਂ ਕਰਵਾਏ ਗਏ ਤੇ ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗਾਇਨ ਨਾਲ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਪੂਜਾ ਸਿਆਲ ਗਰੇਵਾਲ, ਵਧੀਕ ਡਿਪਟੀ ਕਮਿਸ਼ਨਰ (ਵ) ਸੰਜੀਵ ਕੁਮਾਰ, ਐਸ.ਪੀ.ਐਚ ਰਾਜਪਾਲ ਸਿੰਘ ਹੁੰਦਲ, ਅਜੇ ਸਿੰਘ ਡੀ.ਐਸ.ਪੀ, ਐਸ.ਡੀ.ਐਮ ਰਾਜਪਾਲ ਸਿੰਘ ਸੇਖੋਂ, ਮੁੱਖ ਮੰਤਰੀ ਫੀਲਡ ਅਫਸਰ ਕਮ ਉਪ ਮੰਡਲ ਮੈਜਿਸਟ੍ਰੇਟ ਸੁਖਪਾਲ ਸਿੰਘ ਸਹਾਇਕ ਮੇਲਾ ਅਫਸਰ, ਐੱਸ.ਡੀ.ਐੱਮ ਨੰਗਲ ਅਨਮਜੋਤ ਕੌਰ, ਆਰ.ਟੀ.ਏ ਕਮ ਐਸ.ਡੀ.ਐਮ ਮੋਰਿੰਡਾ ਗੁਰਵਿੰਦਰ ਸਿੰਘ ਜੌਹਲ, ਤਹਿਸੀਲਦਾਰ ਸੰਦੀਪ ਕੁਮਾਰ, ਨਾਇਬ ਤਹਿਸੀਲਦਾਰ ਅਰਾਧਨਾ ਖੋਸਲਾ, ਐਕਸੀਅਨ ਹਰਜੀਤਪਾਲ ਸਿੰਘ, ਡੀ.ਐਸ.ਓ ਰੁਪੇਸ਼ ਕੁਮਾਰ, ਡੀ.ਐਸ.ਓ ਕੁਲਦੀਪ ਸਿੰਘ, ਡੀਡੀਪੀਓ ਅਮਰਿੰਦਰਪਾਲ ਸਿੰਘ, ਬੀ.ਡੀ.ਪੀ.ਓ ਅਮਿਤ ਕੁਮਾਰ, ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ, ਸਕੱਤਰ ਮਾਰਕੀਟ ਕਮੇਟੀ ਸੁਰਿੰਦਰਪਾਲ, ਜ਼ਿਲ੍ਹਾ ਭਾਸ਼ਾ ਅਫ਼ਸਰ ਹਰਕਿਰਤ ਸਿੰਘ, ਪ੍ਰਿੰ.ਰੁਚੀ ਗਰੋਵਰ, ਭੰਗੜਾ ਕੋਚ ਦੀਦਾਰ ਸਿੰਘ ਤੋਂ ਇਲਾਵਾ ਸੈਰ ਸਪਾਟਾ ਵਿਭਾਗ ਵੱਲੋਂ ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਐਸ.ਡੀ.ਓ ਸੁਰਿੰਦਰਪਾਲ, ਰਾਜੇਸ਼ ਸ਼ਰਮਾ, ਭੁਪਿੰਦਰ ਸਿੰਘ ਹਾਜ਼ਰ ਸਨ।

## ਯੈੱਸ ਬੈਂਕ ਦੀ ਭਾਰਤੀ ਓਲੰਪਿਕ ਸੰਘ ਨਾਲ ਸਾਂਝੇਦਾਰੀ

ਚੰਡੀਗੜ੍ਹ: ਯੈੱਸ ਬੈਂਕ ਪੈਰਿਸ ਓਲੰਪਿਕ 2024 ਵਿੱਚ ਟੀਮ ਇੰਡੀਆ ਲਈ ਅਧਿਕਾਰਤ ਬੈਂਕਿੰਗ ਪਾਰਟਨਰ ਵਜੋਂ ਭਾਰਤੀ ਓਲੰਪਿਕ ਸੰਘ (ਆਈਓਏ) ਨਾਲ ਆਪਣੀ ਭਾਈਵਾਲੀ ਦਾ ਐਲਾਨ ਕਰਦੇ ਹੋਏ ਬਹੁਤ ਉਤਸ਼ਾਹਿਤ ਹੈ। ਇਸ ਮਹੱਤਵਪੂਰਨ ਭਾਈਵਾਲੀ ਦਾ ਉਦਘਾਟਨ ਯੈੱਸ ਬੈਂਕ ਦੇ ਮੁੰਬਈ ਵਿਖੇ ਸਥਿਤ ਮੁੱਖ ਦਫਤਰ ਵਿਚ ਇੱਕ ਵਿਸ਼ੇਸ਼ ਸਮਾਗਮ ਦੌਰਾਨ ਕੀਤਾ ਗਿਆ। ਇਸ ਈਵੈਂਟ ਦੌਰਾਨ ਯੈੱਸ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ, ਪ੍ਰਸ਼ਾਂਤ ਕੁਮਾਰ; ਕਾਰਜਕਾਰੀ ਨਿਰਦੇਸ਼ਕ, ਰਾਜਨ ਪੈਂਟਲ; ਸਮੇਤ ਕਈ ਉੱਚ ਅਧਿਕਾਰੀ ਸ਼ਾਮਲ ਸਨ। ਯੈੱਸ ਬੈਂਕ ਦੇ ਐੱਮਡੀ ਅਤੇ ਸੀਈਓ, ਪ੍ਰਸ਼ਾਂਤ ਕੁਮਾਰ ਨੇ ਕਿਹਾ ਕਿ ਇਸ ਸਾਂਝੇਦਾਰੀ ਦਾ ਉਦੇਸ਼ ਓਲੰਪਿਕ ਪ੍ਰਤਿਭਾਵਾਂ ਨੂੰ ਉਤਸ਼ਾਹ ਦੇਣ ਵਿਚ ਈਕੋਸਿਸਟਮ ਦੀ ਤਾਕਤ ਦਾ ਪ੍ਰਦਰਸ਼ਨ ਕਰਨਾ ਹੈ।

## ਸਬ ਡਵੀਜ਼ਨ ਝਬਾਲ ਵਿਖੇ ਨਵੇਂ ਆਏ ਐੱਸਡੀਓ ਨੇ ਅਹੁਦਾ ਸੰਭਾਲਿਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਝਬਾਲ ਸਬ ਡਵੀਜ਼ਨ ਵਿਖੇ ਨਵੇਂ ਐੱਸਡੀਓ ਮਨਪ੍ਰੀਤ ਸਿੰਘ ਨੇ ਕਾਰਜ ਭਾਗ ਸੰਭਾਲਿਆ। ਇਸ ਮੌਕੇ ਕਰਮਚਾਰੀ ਦਲ ਵੱਲੋਂ ਸਿਰੋਪਾਓ ਭੇਟ ਕੀਤਾ ਗਿਆ ਅਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਗਿਆ ਤੇ ਜੀ ਆਇਆਂ ਆਖਿਆ ਗਿਆ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸਰਕਲ ਸਕੱਤਰ ਚਰਨਜੀਤ ਸਿੰਘ ਝਬਾਲ ਸਬ ਡਵੀਜ਼ਨ, ਪ੍ਰਧਾਨ ਪੁਸ਼ਵਿੰਦਰ ਸਿੰਘ ਕੋਟ, ਮਨਦੀਪ ਸਿੰਘ ਖੇਰਦੀ, ਰਤਨ ਸਿੰਘ ਲਾਲੂ ਘੁੰਮਣ, ਲਖਬੀਰ ਸਿੰਘ, ਪ੍ਰਵੇਜ਼ ਕੁਮਾਰ, ਦਿਲਬਾਗ ਸਿੰਘ ਢਿੱਲੋਂ, ਨਵਿੰਦਰ ਸਿੰਘ, ਦਲਬੀਰ ਸਿੰਘ, ਰੁਪਿੰਦਰ ਸਿੰਘ, ਗੁਰਚਰਨ ਸਿੰਘ, ਜਸਬੀਰ ਸਿੰਘ, ਲਾਈਨਮੈਨ ਸੁਖਚੈਨ ਸਿੰਘ, ਚਰਨਜੀਤ ਸਿੰਘ ਪੰਡੋਰੀ, ਜੇਈ ਭੁਪਿੰਦਰ ਸਿੰਘ, ਜੇਈ ਸਤਪਿੰਦਰ ਸਿੰਘ, ਡਰਾਈਵਰ ਦਿਲਬਾਗ ਸਿੰਘ, ਕੁਲਜੀਤ ਸਿੰਘ ਆਦਿ ਹਾਜ਼ਰ ਸਨ।

### ਪਬਲਿਕ ਨੋਟਿਸ
**(ਨਾਮ ਦੀ ਸੋਧ ਕਰਨ ਸੰਬੰਧੀ)**

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੋਨੂੰ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਪਿਪਲੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨੇ ਇਕ ਦਰਖਾਸਤ ਮਿਤੀ 19.03.2024 ਨੂੰ ਦਿੱਤੀ ਹੈ, ਜਿਸ ਵਿਚ ਉਸ ਨੇ ਲਿਖਿਆ ਹੈ ਕਿ ਮੇਰਾ ਨਾਂਅ ਸੋਨੂੰ ਅਤੇ ਸੋਨਾ ਸਿੰਘ ਪੁੱਤਰ ਮੱਖਣ ਸਿੰਘ ਪੁੱਤਰ ਬੀਬੋ ਮਾਲ ਰਿਕਾਰਡ ਪਿੰਡ ਪਿਪਲੀ ਵਿਚ ਚੱਲ ਰਿਹਾ ਹੈ, ਪ੍ਰੰਤੂ ਮੇਰਾ ਨਾਂਅ ਸੋਨੂੰ ਉਰਫ ਸੋਨਾ ਸਿੰਘ ਪੁੱਤਰ ਮੱਖਣ ਸਿੰਘ ਪੁੱਤਰ ਬੀਬੋ ਮਾਲ ਰਿਕਾਰਡ ਵਿਚ ਲਿਖਿਆ ਜਾਵੇ। ਇਸ ਸਬੰਧੀ ਕਿਸੇ ਵਿਅਕਤੀ ਨੂੰ ਕੋਈ ਉਜ਼ਰ ਇਤਰਾਜ਼ ਹੋਵੇ ਤਾਂ ਉਹ ਉਕਤ ਅਦਾਲਤ ਵਿਚ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰੇ। ਲਿਖਤੀ ਰੂਪ ਵਿਚ ਇਤਰਾਜ਼ ਨਾ ਆਉਣ ਦੀ ਸੂਰਤ ਵਿਚ ਨਿਯਮਾਂ ਅਨੁਸਾਰ ਰਿਕਾਰਡ ਮਾਲ ਵਿਚ ਨਾਂਅ ਦੀ ਸੋਧ ਕੀਤੀ ਜਾਵੇਗੀ ਅਤੇ ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਸੁਣਵਾਈਯੋਗ ਨਹੀਂ ਹੋਵੇਗੀ।

ਅੱਜ ਮੇਰੇ ਹਸਤਾਖਰ ਅਤੇ ਦਫ਼ਤਰੀ ਮੋਹਰ ਸਹਿਤ ਜਾਰੀ ਕੀਤਾ ਗਿਆ।

ਸਹੀ/- ਨਾਇਬ ਤਹਿਸੀਲਦਾਰ-ਕਮ ਸੀ. ਆਰ. ਓ. ਲੋਹੀਆਂ।

### COURT NOTICE
(U/o 5 Rule 20 CPC)
In the Court of Sh. Vijay Kumar-I
Civil Judge Junior Division-6,Patiala
CNR No. PBPT02-000974-2024
Next Date :- 25-04-2024

1. Asha Devi aged 47 years wife of Krishan Kumar (Aadhaar No. 7355010635704)
2. Krishan Kumar Aged 49 years son of Ram Kewal (Aadhaar No. 406637436263), Both resident of Street No. 1, Hira Bagh, Rishi Colony, Patiala

Vs.
General Public

Publication Issued To :
General Public
General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 25.04.2024 at 10:00 A.M.

For details logon to https://highcourtchd.gov.in/?trs=district_notice&district= Patiala

Civil Judge Junior Division-6,Patiala
Dated this day of 21-03-2024

### COURT NOTICE
(U/o 5 Rule 20 CPC)
In The Court of
Sh. Servesh Singh
Civil Judge, (Junior Division), S.B.S. Nagar
CNR No. PBSB02-001556-2022
Next Date : 24.04.2024
Amrik Singh
Vs
Bhupinder Singh

Publication Issued To:
Bhupinder Singh S/o Amrik Singh S/o Gurmail Singh R/o Village Laroya,Tehsil Nawanshahr, Distt. SBS Nagar.

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 24.04.2024 at 10:00 A.M.

For details logon to https://highcourtchd.gov.in/?trs=district_notice&district=SBS Nagar

Civil Judge, (Junior Division), S.B.S. Nagar
Dated this day of 20-03-2024

### COURT NOTICE
(U/o 5 Rule 20 CPC)
In the Court of
Sh. Muneesh Arora
Principal Judge Family Court, Nabha
CNR No. PBPTF3-000420-2023
Next Date :- 02-05-2024
Mala Rani
Vs.
Ram Krishan

Publication Issued To:
Ram Krishan S/o Baljour Ram R/o Baguwana Basti,Ward No.1, Sangrur,

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 02.05.2024 at 10:00 A.M.

For details logon to https://highcourtchd.gov.in/?trs=district_notice&district=Patiala

Principal Judge Family Court, Nabha
Dated this day of 20-03-2024

### COURT NOTICE
(U/o 5 Rule 20 CPC)
In the Court of Ms. Renuka Kalra
Civil Judge (Junior Division)-18, Jalandhar
CNR No. PBJL02-003818-2023
Next Date :- 09-04-2024

Rajat Shah aged about 29 years son of Jatinder Kumar resident of H/ No. 10, New Adarsh Nagar, Near Basti Nau, Jalandhar, C/o Manav Trading, Mandir Road, Basti Nau, Jalandhar.

Vs.
General Public

Suit for grant of decree of declaration as prayed for,
Suit for grant of decree of Mandatory injunction
Suit for grant of decree of permanant Injunction as prayed for
Publication Issued To: General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 09.04.2024 at 10:00 A.M.

For details logon to https://highcourtchd.gov.in/?trs=district_notice&district= Jalandhar

Civil Judge (Junior Division) 18 Jalandhar
Dated this day of 19-03-2024

### COURT NOTICE
(U/o 5 Rule 20 CPC)
In The Court of Ms. Shilpa
Additional Civil Judge, (Senior Division) Tarn Taran

Next Date, Purpose of Case, Orders and Judgments as well as other case information is available on http://districts.ecourts.gov.in

CNR No. PBTT02-000487-2022
Next Date : 28.05.2024
Guljar Singh
Vs
Ram Murti & ORS.

Publication Issued To:
1. Ram Murti S/o Surjan Singh S/o Jhanda Singh, R/o Village Thatha, Near Sarhali Kalan,Tehsil and District Tarn Taran, 2. Pal Singh S/o Gurdit Singh S/o Jhanda Singh R/o Village Thatha, Near Sarhali Kalan,Tehsil and District Tarn Taran, 3. Kulwanto D/o Gurdit Singh S/o Jhanda Singh R/o Village Thatha, Near Sarhali Kalan,Tehsil and District Tarn Taran.

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 28.05.2024 at 10:00 A.M.

For details logon to https://highcourtchd.gov.in/?trs=district_notice&district=Tarn Taran

Additional Civil Judge, (Senior Division) Tarn Taran
Dated this day of 14-03-2024

### ਦਫ਼ਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ (ਪਬਲਿਕ ਨੋਟਿਸ)

ਇਸ ਪਬਲਿਕ ਨੋਟਿਸ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਪ੍ਰੀਤਮ ਕੁਮਾਰ ਸ਼ਰਮਾ ਪੁੱਤਰ ਸ੍ਰੀ ਰਾਜ ਕੁਮਾਰ ਸ਼ਰਮਾ ਵਾਸੀ 28-ਸੀ, ਸੂਰਿਆ ਇਨਕਲੇਵ ਐਕਸਟੈਂਸ਼ਨ, ਜਲੰਧਰ ਵੱਲੋਂ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ ਕਿ ਪਲਾਟ ਨੰ. 30 ਉਦਯੋਗਿਕ ਖੇਤਰ ਫਗਵਾੜਾ ਦੇ ਉਪਭਾਗ 22.6 ਮਰਲੇ ਉਸ ਦੇ ਨਾਂਅ 'ਤੇ ਤਬਦੀਲ ਕੀਤਾ ਜਾਵੇ। ਇਸ ਤਬਦੀਲੀ ਸਬੰਧੀ ਕਿਸੇ ਵੀ ਵਿਅਕਤੀ/ਫਰਮ/ਅਦਾਰਾ ਜਾਂ ਸੰਸਥਾ ਨੂੰ ਕੋਈ ਇਤਰਾਜ਼ ਹੈ ਤਾਂ ਇਹ ਪਬਲਿਕ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਆਪਣਾ ਇਤਰਾਜ਼ ਨਿਮਨਹਸਤਾਖਰ ਦੇ ਦਫ਼ਤਰ ਵਿਖੇ ਆ ਕੇ ਦੇ ਸਕਦਾ ਹੈ। ਮਿਥੇ ਸਮੇਂ ਅੰਦਰ ਜੇਕਰ ਕੋਈ ਇਤਰਾਜ਼ ਪ੍ਰਾਪਤ ਨਹੀਂ ਹੁੰਦਾ ਤਾਂ ਪਲਾਟ ਨੰ. 30 ਉਦਯੋਗਿਕ ਖੇਤਰ ਫਗਵਾੜਾ, ਜ਼ਿਲ੍ਹਾ ਕਪੂਰਥਲਾ ਦੇ ਉਪਭਾਗ ਦੀ ਤਬਦੀਲੀ ਸੰਬੰਧੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਸਹੀ/-ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ

### ਦਫ਼ਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ (ਪਬਲਿਕ ਨੋਟਿਸ)


ਇਸ ਪਬਲਿਕ ਨੋਟਿਸ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਹਰਦੀਪ ਸਿੰਘ ਪੁੱਤਰ ਸ੍ਰੀ ਵਸਨ ਸਿੰਘ 173, ਮੁਹੱਲਾ ਕਿਸ਼ਨਪੁਰਾ, ਫਗਵਾੜਾ ਵੱਲੋਂ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ ਕਿ ਪਲਾਟ ਨੰ. 19, ਉਦਯੋਗਿਕ ਖੇਤਰ ਫਗਵਾੜਾ ਦੇ ਉਪਭਾਗ 151.55 ਵਰਗ ਗਜ਼ ਉਸ ਦੇ ਨਾਂਅ 'ਤੇ ਤਬਦੀਲ ਕੀਤਾ ਜਾਵੇ। ਇਸ ਤਬਦੀਲੀ ਸੰਬੰਧੀ ਕਿਸੇ ਵੀ ਵਿਅਕਤੀ/ਫਰਮ/ਅਦਾਰਾ ਜਾਂ ਸੰਸਥਾ ਨੂੰ ਕੋਈ ਇਤਰਾਜ਼ ਹੈ ਤਾਂ ਇਹ ਪਬਲਿਕ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਆਪਣਾ ਇਤਰਾਜ਼ ਨਿਮਨਹਸਤਾਖਰ ਦੇ ਦਫ਼ਤਰ ਵਿਖੇ ਆ ਕੇ ਦੇ ਸਕਦਾ ਹੈ। ਮਿਥੇ ਸਮੇਂ ਅੰਦਰ ਜੇਕਰ ਕੋਈ ਇਤਰਾਜ਼ ਪ੍ਰਾਪਤ ਨਹੀਂ ਹੁੰਦਾ ਤਾਂ ਪਲਾਟ ਨੰ. 19 ਉਦਯੋਗਿਕ ਖੇਤਰ ਫਗਵਾੜਾ, ਜ਼ਿਲ੍ਹਾ ਕਪੂਰਥਲਾ ਦੇ ਉਪਭਾਗ ਦੀ ਤਬਦੀਲੀ ਸੰਬੰਧੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਸਹੀ/-ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਕਪੂਰਥਲਾ

### ਸ਼ਹੀਦ ਬਾਬਾ ਦੀਪ ਸਿੰਘ ਫੁੱਟਬਾਲ ਕਲੱਬ (ਪਿੰਡ ਜਮਸ਼ੇਰ ਖੇੜਾ) ਜਲੰਧਰ

**ਫੁੱਟਬਾਲ ਖੇਡਣ ਦੇ ਸੰਬੰਧ ਵਿਚ ਪਬਲਿਕ ਨੋਟਿਸ**

ਮੈਂ, ਹਰਮਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਪਿੰਡ ਚੱਕ ਮੁਗਲਾਨੀ ਦਾ ਰਹਿਣ ਵਾਲਾ ਹਾਂ। ਅੱਜ ਤੋਂ ਮੈਂ ਜਮਸ਼ੇਰ ਖੇੜਾ ਦੀ ਫੁੱਟਬਾਲ ਟੀਮ ਲਈ ਪੱਕੇ ਤੌਰ 'ਤੇ ਸਾਰੇ ਟੂਰਨਾਮੈਂਟ ਖੇਡਾਂਗਾ। ਜੇਕਰ ਮੈਂ ਕਿਸੇ ਹੋਰ ਟੀਮ ਵੱਲੋਂ ਪਿੰਡ ਪੱਧਰ ਟੂਰਨਾਮੈਂਟ ਖੇਡਾਂਗਾ ਤਾਂ ਮੇਰੇ 'ਤੇ ਉਬਜੈਕਸ਼ਨ ਕੀਤਾ ਜਾਵੇ। ਕ੍ਰਿਪਾ ਕਰਕੇ ਮੇਰੇ ਜਮਸ਼ੇਰ ਖੇੜਾ ਵੱਲੋਂ ਖੇਡਣ 'ਤੇ ਕਿਸੇ ਟੀਮ ਵੱਲੋਂ ਇਤਰਾਜ਼ ਨਾ ਕੀਤਾ ਜਾਵੇ।



ਹਰਮਿੰਦਰ ਸਿੰਘ

### ਸ਼ਹੀਦ ਬਾਬਾ ਦੀਪ ਸਿੰਘ ਫੁੱਟਬਾਲ ਕਲੱਬ (ਪਿੰਡ ਜਮਸ਼ੇਰ ਖੇੜਾ) ਜਲੰਧਰ

**ਫੁੱਟਬਾਲ ਖੇਡਣ ਦੇ ਸੰਬੰਧ ਵਿਚ ਪਬਲਿਕ ਨੋਟਿਸ**

ਮੈਂ, ਸੁਖਪ੍ਰੀਤ ਪੁੱਤਰ ਦੇਸ ਰਾਜ ਪਿੰਡ ਫੋਲੜੀਵਾਲ ਦਾ ਰਹਿਣ ਵਾਲਾ ਹਾਂ। ਅੱਜ ਤੋਂ ਮੈਂ ਜਮਸ਼ੇਰ ਖੇੜੇ ਦੀ ਫੁੱਟਬਾਲ ਟੀਮ ਲਈ ਪੱਕੇ ਤੌਰ 'ਤੇ ਸਾਰੇ ਟੂਰਨਾਮੈਂਟ ਖੇਡਾਂਗਾ। ਜੇਕਰ ਮੈਂ ਕਿਸੇ ਹੋਰ ਟੀਮ ਵੱਲੋਂ ਪਿੰਡ ਪੱਧਰ ਟੂਰਨਾਮੈਂਟ ਖੇਡਾਂਗਾ ਤਾਂ ਮੇਰੇ 'ਤੇ ਉਬਜੈਕਸ਼ਨ ਕੀਤਾ ਜਾਵੇ। ਕ੍ਰਿਪਾ ਕਰਕੇ ਮੇਰੇ ਜਮਸ਼ੇਰ ਖੇੜਾ ਵੱਲੋਂ ਖੇਡਣ 'ਤੇ ਕਿਸੇ ਟੀਮ ਵੱਲੋਂ ਇਤਰਾਜ਼ ਨਾ ਕੀਤਾ ਜਾਵੇ।



ਸੁਖਪ੍ਰੀਤ ਸਿੰਘ




### Change of Name

I, Manjit Kaur W/o Vishek R/o H.No. 93 Bimla Enclave Kapurthala have changed my name from Manjit Kaur to Manjeet Kaur.

I, Ritu Chopra W/O Pamesh Mehta R/O 318-A, A-Block, Ranjit Avenue, Amritsar, Punjab have changed my name from Ritu Chopra to Ritu Mehta. Concerned note.

I, Rajwinder Kaur W/O Ravinder Singh Vill Bhoe PO Mattewal Teh Baba Bakala Distt.Amritsar my too Kaur as Given name and Rajwinder as Surname.

I, Gurpreet Singh S/o Amarjeet Singh R/o 21 Model Colony, Distt. Hoshiarpur Punjab have changed the name of my minor son from Anhad to Anhad Singh. Concerned note.

I, Paramjeet Kaur W/o Joginder Singh R/o Chakmukand, Amritsar have changed my name from Paramjeet Kaur to Paramjit Kaur. Please All Concerned Note.

I, Vishu son of Sunil Kumar Resident H.No. FM-60 Model House Jalandhar Punjab have changed my name from Vishu to Vishu Arora. All concerned please note. (B)

I, Ritu Sharma w/o Ajay Rai Sharma R/o H.no 138, Moti nagar Maqsudan Jalandhar 144008 have changed my name from Ritu Sharma to Ritu Rai Sharma after marriage.

I, Satinder Singh S/O Malkiat Singh R/O 194-c, Gurlal Bazar, Bawa Telecom, New Partap Nagar, Amritsar Have Changed My Name Satinder Is My Give Name And Singh Is My Surname

I, Navtaj Singh S/O Angrej Singh R/O Vpo Tur, Tehsil Khadoor Sahib District Tarn Taran Have Changed My Name Navtarj Is My Given Name And Singh Is My Surname

I, Manider Kaur W/O Kulwant Singh R/O 14, Gali No.1, Tirath Nagar, Sultanwind, Amrtsar Have Changed My Name From Manider Kaur To Maninder Kaur

I, Neelam W/O Tarsem Lal R/O H.no.32 58/1, Gali Bhatrian Near Bank Of India Katra Baghian Amritsar Have Changed My Name From Neelam To Neelam Rani

I, Bachittar Singh S/O Jaswant Singh R/O Village Delanwala Po Allowal Tehsil Khadur Sahib District Tarn Taran Have Changed Mmy Name Bachittar Is My Given Name And Singh Is My Surname

I, Satinder Singh S/O Sukhbir Singh R/O Vpo Bhuchar Khurd Distt And Teh Tarn Taran 143401 Punjab, India Declare That Satinder Is My Given Name And Singh Is My Surname.

I, Rashem Singh S/o Piara Singh R/o Majitha Road, Nangal Pannuan, Amritsar, Punjab-143601 have changed my name from Rashem Singh to Resham Singh.

I, Divya Malhotra D/o Rakesh Kumar Malhotra W/o Kapil Kumar, 23, Gali No. 12, Gate Hakima, Fateh Singh Colony, Amritsar, Punjab have changed my name after marriage from Divya Malhotra to Divya.

I, Jagwinder Singh Baath S/O Dalbir Singh R/O Village Sadhpur Chogawan PO Tarsika Tehsil / Distt. Amritsar, Punjab have changed my name to Jagwinder Singh. Concerned note.

I, Joginder Nath S/o Ram pyara R/o Village Gill, PO. Urmar, Teh Dasuya (Hoshiarpur) Punjab have changed my name to Joginder Singh. All Concerned please note.

I, Hardeep W/o Talwinder Singh R/o Village Kaloya. PO. Bainch Baja, Tanda, Distt. Hoshiarpur, Punjab, India declare that I have changed my name from Hardeep to Hardeep Kaur. All concerned please note.

I, Raimpal Kaur W/o Kashmir Lal R/o VPO. Kang Jagir, Tehsil Phillaur, Distt. Jalandhar, Punjab have changed my name to Rimpy Sandhu. Concerned Note.

I, Jagroop Singh S/O Aroor Singh R/O Theh Naushera Distt. TarnTaran have changed the name of my minor daughter from Manreet Kaur to Manreet Kaur Sandhu. Concerned note.

I, Jagdeep Kaur W/o Jaskarnjit Singh Atwal R/o Vpo. Bhagauran, Tehsil Nawanshahr, Distt. SBS Nagar, Punjab, India, Pin-144516 have changed my name and shall hereafter be known as Kaur Jagdeep.

I, Darshan S/o Jit Singh R/o Vpo. Bulewal, Post Office Udhanwal, Tehsil Balachaur, Distt. SBS Nagar, Punjab, India, Pin-144521, have changed my name and shall hereafter be known as Darshan Singh.

I, Palwi D/o Mahinder Pal R/o Vpo. Badala Mahi, Distt. Hoshiarpur, Punjab, India, Pin-144105, Punjab, India, Pin-144522, have changed my name and shall hereafter be known as Palwi Heer.

I, Suman d/o Ram Achal, H.No. 447, Gali No.-12, Avtar Nagar, Jalandhar, have changed my name to Suman Achal. All Please Note.

I, Vidhu Paul w/o Ishwar Chander, H.No. 199, Street No. 3, Kaki Pind, Jalandhar, have changed my minor daughter's name from Anushka to Anushika. All Please Note.

I, Rajan s/o Balwinder r/o H. No. 278, Mohalla Begampur Adampur Doaba, Ps-Adampur, Distt. Jalandhar have changed my name from Rajan to Rajan Kumar. All please note.

I, Gurdeep Singh s/o Surinder Singh r/o H.No. 1A, Kot Ramdass, Ladhewali Road, Jalandhar have changed my name to Gurdeep Singh Paul. All please note.

I, Onkar Singh s/o Balwant Singh r/o 92, St. No. 3, Mohalla Bhagatpura, Phagwara, Kapurthala changed my name Onkar as Given name & Singh as Surname. All please note.

I, Pardeep Kumar s/o Jeet Ram r/o B-9/430, Santokh Pura, Jalandhar changed my name Pardeep as Given name & Kumar as Surname. All please note.

I, Gurpreet Singh s/o Harjinder Singh r/o Patti Manna Di, VPO. Jamsher Khas, Jalandhar changed my name Gurpreet as Given name & Singh as Surname. All please note.

I, Raj Kumar s/o Jura Chand r/o H.No. E-35, Industrial Area, Jalandhar, Punjab-144004 have changed my name as Rai Chand Katoch. All please note.

### Change of Name

I, Sarabjit Kaur W/o Gurcharan Singh R/o Village: VPO Chamyari, Tehsil Ajnala, Distt. Amritsar, India have changed my name from Sarbjit Kaur to Sarabjit Kaur. Please note. (B)

I, Balvir Kaur w/o Surinder Paul r/o B-9, 742/103, New Santokh Pura, Jalandhar (PB) have changed my name from Balvir Kaur to Kaur Balvir (Surname as Kaur) All please note.

I, Mansi Arora alias Rajni w/o Ashwani Kumar r/o H. No. 20, Gandhi Vanita Ashram Kapurthala Road, Puda Complex, Jalandhar, Punjab have changed my name to Mansi Arora. All please note.

I, Surinder Paul s/o Ram Chand r/o B-9, 742/103, New Santokh Pura, Jalandhar (PB) have changed my name from Surinder Paul to Paul Surinder (Surname as Paul) All please note.

I, Sahil s/o Kapil Dev r/o H.No. 278-C, New Rajinder Nagar, Jalandhar have changed my name from Sahil to Sahil Gupta. All please note.

I, Baldev Raj s/o Hans Raj r/o VPO. Udhanwal, Tehsil Batala, Distt. Gurdaspur-143505, Punjab have changed my name to Baldev Singh. All please note.

I, Gurwinder Kaur Aulakh w/o Yadvinder Singh Aulakh r/o VPO. Jandiala, Patti Mohanpurian Ki, Tehsil Phillaur, Distt.Jalandhar have changed my minor son name from Ranvir Singh to Ranvir Singh Aulakh. All please note.

I, Ram Pal s/o Mani Ram Bhatia r/o H.No. 1047, Basti Mithu, Opp. Chota Gurudwara, Jalandhar have changed my name from Ram Pal to Ram Pal Bhatia. All please note.

I, Karamjit Kaur d/o Piara Singh r/o Vill. Kotla Chahal, Naushera Majja Singh, Gurdaspur-143518, Punjab have spelling correction in my name from Karamjit Kaur to Karmjit Kaur. All please note.

I, Mohinder Pal Singh S/o Sohan Singh R/o VPO. Gholia Khurd, Distt. Moga-142056, Punjab have changed my name to Mahinderpal Singh.

I, Ayush S/o Dinesh Kumar R/o H.No. NA-125, Lane No. 2, Kishanpura, Jalandhar have changed my name from Ayush to Ayush Sharma.

I, Deepika Sharma W/o Jatinder Kumar R/o H.No.108, Street No.3, New Shaheed Babu Labh Singh Nagar, Jalandhar have changed my name from Deepika Sharma to Deepika, After Marriage.

I, Sarabjit Singh S/o Gurmail Singh R/o Vill. Nangal Majha, Tehsil Phagwara, Kapurthala have changed my name from Sarabjit Singh to Singh Sarabjit.

I, Sunil Kumar S/o Om Parkash Malhotra R/o H.No. 23-A, Vasant Vihar, Jalandhar-144003, Punjab have changed my name from Sunil Kumar to Sunil Kumar Malhotra.

I, Pawan Sharma S/o Ram Saroop R/o 79, Sarabha Nagar, Hoshiarpur Road, Jalandhar-144004, Punjab declare that Pawan Sharma and Pawan Yash Sharma are one and the same person.

I, Anisha d/o Sushil Kumar R/o H.No. 18, Jaina Nagar, Gali No. 8, Ghas Mandi, Basti Sheikh, Jalandhar-144002, Punjab have changed my name from Anisha to Anisha Arora.

I Parmjit Kaur W/o Bhupinder Singh R/o. VPO. Panj Graian, Teh Batala, Distt Gurdaspur. Have Changed my name From Paramjit Kaur to Parmjit Kaur. Concerned Note.

I, Navpreet Kaur Roy W/o Rajinder Pal Singh R/o H.No. 632, Ward No. 7, Ram Garhia Gurdwara Gali, Gurdaspur, P.O. Gurdaspur, Distt. Gurdaspur, Punjab-143521, have changed my name from Navpreet Kaur Roy to Navpreet Kaur after marriage. (Dogra)

### ਨਾਂਅ ਦੀ ਬਦਲੀ

ਮੈਂ, ਪਰਮਿੰਦਰ ਜੀਤ ਕੌਰ ਪਤਨੀ ਤੀਰਥ ਸਿੰਘ ਵਾਸੀ ਪਿੰਡ ਨਾਨੋ ਮਜਾਰਾ, ਡਾਕ. ਦੁਸਾਂਝ ਕਲਾਂ, ਤਹਿ. ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਪਰਮਿੰਦਰਜੀਤ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਸਕੱਤਰ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਸੈਦੋ ਲੇਹਲ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਨਾਮ ਪਹਿਲਾਂ ਅੰਗਰੇਜ਼ੀ ਵਿੱਚ SAKATTAR SINGH ਸੀ ਹੁਣ ਮੈਂ ਆਪਣਾ ਨਾਮ ਬਦਲ ਕੇ SAKATAR SINGH ਰੱਖ ਲਿਆ ਹੈ ਸਬੰਧਤ ਨੋਟ ਕਰਨ।

### ਆਮ ਸੂਚਨਾ

ਮੈਂ, ਸੁਖਦੀਪ ਸਿੰਘ ਬਰਾੜ ਪੁੱਤਰ ਹਰਚੰਦ ਸਿੰਘ, ਵਾਸੀ ਗਾਜੀਆਣਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਪਿਤਾ ਹਰਚੰਦ ਸਿੰਘ, ਭਰਾ ਹਰਦੀਪ ਸਿੰਘ, ਇਸ ਦੀ ਪਤਨੀ ਹਰਜੀਤ ਕੌਰ, ਭੈਣ ਰਵਨਦੀਪ ਕੌਰ ਪਤਨੀ ਜਸਵਿੰਦਰ ਸਿੰਘ ਵਾਸੀ ਬਾਘਾ ਪੁਰਾਣਾ ਨਾਲ ਮੇਰਾ ਅਤੇ ਮੇਰੀ ਪਤਨੀ ਸੰਦੀਪ ਕੌਰ ਦਾ ਕੋਈ ਸੰਬੰਧ ਨਹੀਂ। ਅੱਜ ਤੋਂ ਬਾਅਦ ਅਸੀਂ ਇਨ੍ਹਾਂ ਦੇ ਕਿਸੇ ਵੀ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਦਵਿੰਦਰ ਸਿੰਘ ਸੋਢੀ ਪੁੱਤਰ ਕਿਰਪਾਲ ਸਿੰਘ ਸੋਢੀ ਪੁੱਤਰ ਰਾਮ ਸਿੰਘ, ਵਾਸੀ ਪਿੰਡ ਮੀਰਹੇੜੀ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਹਾਲ ਅਬਾਦ ਮਕਾਨ ਨੰਬਰ 1182, ਪੁਸ਼ਪਕ ਸੋਸਾਇਟੀ, ਸੈਕਟਰ 49ਬੀ, ਚੰਡੀਗੜ੍ਹ ਆਪਣੀ ਜਮੀਨ ਵਾਕਾ ਰਕਬਾ ਮੀਰਹੇੜੀ (ਸੰਗਰੂਰ) ਵਿੱਚ ਆਪਣਾ ਨਾਮ ਦਵਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ ਅਤੇ ਗੁਰਵਿੰਦਰ ਸਿੰਘ ਪੁੱਤਰ ਦਵਿੰਦਰ ਸਿੰਘ ਤੋਂ ਦਵਿੰਦਰ ਸਿੰਘ ਉਰਫ ਗੁਰਵਿੰਦਰ ਸਿੰਘ ਪੁੱਤਰ ਕਿਰਪਾਲ ਸਿੰਘ ਪੁੱਤਰ ਰਾਮ ਸਿੰਘ ਦਰੁਸਤ ਕਰਵਾਉਣਾ ਚਾਹੁੰਦਾ ਹਾਂ। ਇਹ ਦੋਵੇਂ ਨਾਮ ਮੇਰੇ ਹੀ ਹਨ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਐਕਸ 11 ਏ ਪੀ02 /0691-ਐੱਚ (ਸੀ. ਏ. ਨੰ. 3004470232) 20.00 ਬੀ. ਐੱਚ. ਪੀ. ਜੋ ਕਿ ਸ੍ਰੀ ਪ੍ਰਗਣ ਸਿੰਘ ਉਰਫ ਪਰਗਟ ਸਿੰਘ ਪੁੱਤਰ ਸ੍ਰੀ ਨਰੰਜਣ ਸਿੰਘ ਪਿੰਡ ਕਾਲਾ ਸੰਘਿਆਂ ਖਾਸ ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚੱਲ ਰਹੇ ਹਨ। ਇਹ ਕੁਨੈਕਸ਼ਨ ਪਿੰਡ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਵਿਚ ਮੌਜੂਦ ਹੈ। ਇਹ ਕੁਨੈਕਸ਼ਨ ਸ੍ਰੀਮਤੀ ਗੁਰਬਖਸ਼ ਕੌਰ ਪਤਨੀ ਸ੍ਰੀ ਸਤਨਾਮ ਸਿੰਘ ਵਾਸੀ ਪਿੰਡ ਕਾਲਾ ਸੰਘਿਆਂ ਖਾਸ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਕਰਵਾਉਣ ਲਈ ਦਰਖਾਸਤ ਇਸ ਦਫਤਰ ਵਿਖੇ ਪੇਸ਼ ਕੀਤੀ ਹੈ। ਇਸ ਸਬੰਧੀ ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਨੂੰ ਇਸ ਦਫਤਰ ਵਿਚ ਜਮ੍ਹਾਂ ਕਰਵਾਓ ਜੀ। ਸਹਾਇਕ ਕਾਰਜਕਾਰੀ ਇੰਜੀ./ਵੰਡ, ਪੀ. ਐੱਸ. ਪੀ. ਸੀ. ਐੱਲ, ਉਪ ਮੰਡਲ ਕਾਲਾ ਸੰਘਿਆਂ।

### ਆਮ ਸੂਚਨਾ

ਜਸਵਿੰਦਰ ਕੌਰ ਪਤਨੀ ਬਲਦੇਵ ਸਿੰਘ ਵਾਸੀ ਬਰਨਾਲਾ ਵੱਲੋਂ ਇਸ ਦਫ਼ਤਰ ਵਿਖੇ ਇਕ ਏ ਪੀ ਕੁਨੈਕਸ਼ਨ ਖਾਤਾ ਨੰਬਰ ਏ ਪੀ 140177, ਜੋ ਕਿ ਮਨਦੀਪ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਤਖਤੂਪੁਰਾ ਦੇ ਨਾਂਅ 'ਤੇ ਚੱਲਦਾ ਹੈ, ਆਪਣੇ ਨਾਂਅ 'ਤੇ ਕਰਾਉਣ ਦੀ ਦਰਖਾਸਤ ਦਿੱਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਇਸ ਦਫ਼ਤਰ ਵਿਖੇ ਲਿਖਤੀ ਰੂਪ ਵਿਚ ਇਤਰਾਜ਼ 30 ਦਿਨਾਂ ਦੇ ਅੰਦਰ ਦੇ ਸਕਦਾ ਹੈ। ਇਸ ਉਪਰੰਤ ਕੁਨੈਕਸ਼ਨ ਦਰਖਾਸਤ ਕਰਤਾ ਦੇ ਨਾਂਅ ਤਬਦੀਲ ਕਰ ਦਿੱਤਾ ਜਾਵੇਗਾ। ਉਪ ਮੰਡਲ ਅਫਸਰ ਪੀ ਐੱਸ ਪੀ ਸੀ ਐੱਲ ਬਿਲਾਸਪੁਰ।

ਸੂਚਿਤ ਕਰਦਾ ਹਾਂ ਕਿ ਇੱਕ ਰਜਿਸਟਰੀ ਵਸੀਕਾ ਨੰ. 330 ਮਿਤੀ 18-12-2016, ਜੋ ਮੇਰੇ ਕੋਲ ਤਾਰਾਗੜ੍ਹ ਰਸਤੇ ਵਿਚ ਗੁੰਮ ਹੋ ਗਈ, ਜਿਸ ਦੀ ਮੈਂ ਕਾਫੀ ਭਾਲ ਕੀਤੀ, ਪਰ ਨਹੀਂ ਮਿਲੀ। ਜਿਸ ਦਾ ਰੋਜ਼ਨਾਮਚਾ ਨੰ. 025, ਗੁੰਮ ਦੀ ਮਿਤੀ 21-03-2024, ਰਿਪੋਰਟ ਮਿਤੀ 22-03-2024, ਜੇਕਰ ਕਿਸੇ ਨੂੰ ਮਿਲੇ ਤਾਂ ਹੇਠ ਲਿਖੇ ਪਤੇ 'ਤੇ ਸੰਪਰਕ ਕਰੇ-ਅਮਿਤ ਕੁਮਾਰ ਪੁੱਤਰ ਕੁਲਦੀਪ ਰਾਜ ਵਾਸੀ ਪਿੰਡ ਸਿਊਟੀ ਤਰਫ, ਜ਼ਿਲ੍ਹਾ ਪਠਾਨਕੋਟ। ਮੋਬਾਈਲ ਨੰ.-94658-75349

### ਬੇਦਖਲੀ ਨੋਟਿਸ

ਮੈਂ, ਰਮੇਸ਼ ਸ਼ਰਮਾ ਪੁੱਤਰ ਦਾਮੋਦਰ ਦਾਸ ਵਾਸੀ ਪਿੰਡ ਤੇ ਡਾਕ. ਸੀਕਰੀ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਰਾਹੁਲ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਜਿਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਮੀਤ ਕੌਰ ਪਤਨੀ ਨਛੱਤਰ ਸਿੰਘ ਵਾਸੀ ਮਾਣੂੰਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ, ਨੂੰਹ ਰਮਨਜੋਤ ਕੌਰ ਅਤੇ ਇਨ੍ਹਾਂ ਦੇ ਬੱਚੇ ਹਰਸੀਰਤ ਕੌਰ, ਗੁਰਕੀਰਤ ਸਿੰਘ ਗਿੱਲ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਮ ਕਲੀ ਪਤਨੀ ਸ੍ਰੀ ਦੇਵਤਾ ਪ੍ਰਸਾਦ ਵਾਸੀ 156, ਬੁੰਗਾ ਕਾਲੋਨੀ, ਦੀਪ ਨਗਰ, ਜਲੰਧਰ ਕੈਂਟ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਜ ਕੁਮਾਰ ਅਤੇ ਉਸ ਦੀ ਪਤਨੀ ਸ਼ਿਵ ਦੁਲਾਰੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸਰਵਣ ਸਿੰਘ ਪੁੱਤਰ ਜਰਨੈਲ ਸਿੰਘ ਪਿੰਡ ਚੁਗਾਵਾਂ ਸਾਧਪੁਰ ਤਹਿਸੀਲ ਜ਼ਿਲਾ ਅੰਮ੍ਰਿਤਸਰ ਦਾ ਰਹਿਣ ਵਾਲਾ ਹਾਂ ਮੈਂ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਜੋ ਮਾੜੀ ਸੰਗਤ ਵਿੱਚ ਪੈ ਗਿਆ ਹੈ ਉਸਨੂੰ ਮੈਂ ਆਪਣੀ ਚਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਉਸ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਦਲਜਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਪਿੰਡ ਝੱਲ ਠੀਕਰੀਵਾਲ, ਜ਼ਿਲ੍ਹਾ ਕਪੂਰਥਲਾ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰੁਪਿੰਦਰ ਸਿੰਘ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਆਪਣੀ ਮਨ-ਮਰਜ਼ੀ ਕਰਦਾ ਹੈ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਨੂੰ ਆਪਣੀ ਤਮਾਮ ਚਲ-ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਸਪਾਲ ਚੰਦ ਪੁੱਤਰ ਸ੍ਰੀ ਪ੍ਰੀਤਮ ਚੰਦ ਵਾਸੀ ਮਕਾਨ ਨੰ. 2257/16, ਗਲੀ ਫੱਟ ਵਾਲੀ, ਅੰਮ੍ਰਿਤਸਰ ਹਾਲ ਵਾਸੀ ਮਕਾਨ ਨੰ. 1324, ਸਾਹਮਣੇ ਪਿੱਪਲ ਵਾਲੀ ਗਲੀ, ਚੌਕ ਮੰਨਾ ਸਿੰਘ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਬੇਟੀ ਸਾਕਸ਼ੀ ਜੋ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਨਸੀਬ ਚੰਦ ਪੁੱਤਰ ਸ੍ਰੀ ਬੰਤ ਰਾਮ ਵਾਸੀ ਮਕਾਨ ਨੰ. 5, ਗੁਰੂ ਨਾਨਕ ਨਗਰ, ਖੁਰਲਾ ਕਿੰਗਰਾ, ਸਾਹਮਣੇ ਟੀ. ਵੀ. ਟਾਵਰ, ਖੁਰਲਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ, ਉਸ ਦੀ ਪਤਨੀ ਵੰਦਨਾ ਬੱਗਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਲਹਿੰਬਰ ਸਿੰਘ ਪੁੱਤਰ ਲੇਟ ਕ੍ਰਿਸ਼ਨ ਸਿੰਘ ਵਾਸੀ 4 Glenhurst Close,Walsall, United Kingdom ਅਤੇ ਉੱਪਲ ਖਾਲਸਾ ਤਹਿਸੀਲ ਫਿਲੌਰ (ਜਲੰਧਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਭੁਪਿੰਦਰ ਸਿੰਘ ਉਰਫ ਭੁਪਿੰਦਰ ਸਿੰਘ ਉੱਪਲ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੀ ਚੱਲ -ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਰਾਮ ਕੌਰ ਵਿਧਵਾ ਗੁਰਦੀਪ ਸਿੰਘ ਪਿੰਡ ਕੋਟ ਹਿਯਾਤ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦੀ ਵਸਨੀਕ ਹਾਂ। ਮੇਰਾ ਲੜਕਾ ਰੇਸ਼ਮ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਰਾਮ ਕੌਰ ਆਪਣੇ ਬੇਟੇ ਰੇਸ਼ਮ ਸਿੰਘ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ, ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਿਤ ਨੋਟ ਕਰਨ।

ਮੈਂ, ਅਸ਼ੋਕ ਕੁਮਾਰ ਪੁੱਤਰ ਅਮੀ ਚੰਦ ਵਾਸੀ ਮੁਹੱਲਾ ਮੀਆਂ ਵਾਲਮੀਕਿ ਮਾਛੀਵਾੜਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਦਿਤ ਕੁਮਾਰ ਅਤੇ ਇਸ ਦੀ ਪਤਨੀ ਸ਼ਿਵਾਨੀ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਵੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਨਿਧਾਨ ਸਿੰਘ ਵਾਸੀ ਪਿੰਡ ਘੱਲ ਕਲਾਂ, ਤਹਿ. ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਿਮਰਨ ਸਿੰਘ, ਮੇਰੀਆਂ ਲੜਕੀਆਂ ਅਕਵਿੰਦਰ ਕੌਰ, ਜਸਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਜ ਰਾਣੀ ਪਤਨੀ ਕਮਲਜੀਤ ਸਿੰਘ ਵਾਸੀ ਮਕਾਨ ਨੰ. 130, ਗਲੀ ਨੰ. 7 ਹਰਗੋਬਿੰਦ ਐਵੇਨਿਊ, ਭੱਲਾ ਕਾਲੋਨੀ, ਗਲੀ ਟਾਵਰ ਵਾਲੀ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਕੇਸ਼ ਕੁਮਾਰ ਅਤੇ ਨੂੰਹ ਗੁਰਮੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਖਵਿੰਦਰ ਕੌਰ ਪਤਨੀ ਅਜੀਤ ਸਿੰਘ ਵਾਸੀ ਪੱਤੀ ਚੰਬਲਾ ਦੀ ਗੁਰੂ ਦੀ ਵਡਾਲੀ, ਡਾਕਖਾਨਾ ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਸ਼ਰਨ ਸਿੰਘ ਉਰਫ ਗੋਲਡੀ ਅਤੇ ਇਸ ਦੀ ਪਤਨੀ ਹਰਭਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਮੀਤ ਕੌਰ ਪਤਨੀ ਸ. ਅਰਜਨ ਸਿੰਘ ਵਾਸੀ ਮਕਾਨ ਨੰ. 20-ਏ, ਤਰਫ ਮਾਹਲ, ਮਾਡਰਨ ਐਵੀਨਿਊ, ਨੇੜੇ ਬਾਬਾ ਬੁੱਢਾ ਸਿੰਘ ਐਵੀਨਿਊ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਿਮਰਨਜੀਤ ਸਿੰਘ ਅਤੇ ਇਸ ਦੀ ਪਤਨੀ ਜੋਤੀ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਵੇਦ ਪ੍ਰਕਾਸ਼ ਪੁੱਤਰ ਗੋਪਾਲ ਦਾਸ ਵਾ ਰੇਖਾ ਰਾਣੀ ਪਤਨੀ ਵੇਦ ਪ੍ਰਕਾਸ਼ ਵਾਸੀਆਨ ਮਕਾਨ ਨੰ: 4, ਅੰਬੇਡਕਰ ਨਗਰ, ਬਸਤੀ ਨੌ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਮਲ ਢੀਂਗਰਾ ਅਤੇ ਉਸਦੀ ਪਤਨੀ ਮੰਜੂ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਗੁਰਦਿਆਲ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਖੇਹਰਾ, ਡਾਕਖਾਨਾ ਜਮਸ਼ੇਰ ਖਾਸ, ਜਲੰਧਰ-2, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਪੁੱਤਰ ਰਮਨਦੀਪ ਸਿੰਘ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਸ ਦੇ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਦਾ ਹੈ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਦਰਸ਼ਨ ਲਾਲ ਪੁੱਤਰ ਗਿਆਨ ਚੰਦ ਅਤੇ ਸੁਰਿੰਦਰ ਕੌਰ ਪਤਨੀ ਦਰਸ਼ਨ ਲਾਲ ਦੋਵੇਂ ਵਾਸੀਆਨ ਮਕਾਨ ਨੰ. 132, ਭਾਰਗੋ ਨਗਰ, ਪ੍ਰਿਥੀ ਮੁਹੱਲਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡੀ ਨੂੰਹ ਡਿੰਪਲ ਪਤਨੀ ਸ਼ਕਤੀ ਕੁਮਾਰ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਰਿਆੜਕੀ ਕਾਲਜ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਧਾਰਮਿਕ ਪ੍ਰੀਖਿਆ 'ਚ ਮਾਰੀਆਂ ਮੱਲਾਂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੇ ਅਧੀਨ ਚੱਲ ਰਹੀਆਂ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ ਸ਼ਾਨਦਾਰ ਮੱਲਾਂ ਮਾਰੀਆਂ ਹਨ। ਸੰਸਥਾ ਦੇ ਵਿਦਿਆਰਥੀ ਮਨਿੰਦਰ ਸਿੰਘ ਠੱਕਰਵਾਲ ਨੇ 99.67 ਫੀਸਦੀ ਅੰਕ ਅਤੇ ਕਰਨਦੀਪ ਸਿੰਘ ਰਾਜਪੁਰਾ ਨੇ 99.33 ਫੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਭਰ ਵਿੱਚੋਂ ਕਰਮਵਾਰ ਪਹਿਲਾ ਅਤੇ ਦੂਸਰਾ ਸਥਾਨ ਹਾਸਿਲ ਕੀਤਾ। ਪ੍ਰਿੰ. ਸਵਰਨ ਸਿੰਘ ਵਿਰਕ ਨੇ ਦੱਸਿਆ ਸਾਡੀ ਸੰਸਥਾਂ ਦੇ 141 ਵਿਦਿਆਰਥੀਆਂ ਨੇ ਸਨਮਾਨ ਪ੍ਰਾਪਤ ਕਰਕੇ ਆਪਣੇ ਮਾਪਿਆਂ, ਅਧਿਆਪਕਾਂ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਦੱਸਿਆ ਇਸ ਪ੍ਰੀਖਿਆ ਵਿੱਚੋਂ ਸੰਸਥਾ ਦੇ ਵਿਦਿਆਰਥੀ ਮਨਿੰਦਰ ਸਿੰਘ ਠੱਕਰਵਾਲ ਨੇ 99. 67 ਫੀਸਦੀ ਅੰਕ ਅਤੇ ਕਰਨਦੀਪ ਸਿੰਘ ਰਾਜਪੁਰਾ ਨੇ 99.33 ਫੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਭਰ ਵਿੱਚੋਂ ਕਰਮਵਾਰ ਪਹਿਲਾ ਅਤੇ ਦੂਸਰਾ ਸਥਾਨ ਹਾਸਿਲ ਕੀਤਾ। ਉਨ੍ਹਾਂ ਦੱਸਿਆ ਸੰਸਥਾ ਦੇ 15 ਵਿਦਿਆਰਥੀਆਂ ਨੇ 90 ਪ੍ਰਤੀਸਤ ਤੋਂ ਉੱਪਰ ਅੰਕ ਪ੍ਰਾਪਤ ਕਰਕੇ ਮੈਰਿਟ ਵਿੱਚ ਆਏ ਹਨ, ਜਦਕਿ 43 ਵਿਦਿਆਰਥੀਆਂ 80 ਫੀਸਦੀ ਤੋਂ ਉੱਪਰ, 43 ਵਿਦਿਆਰਥੀਆਂ 70 ਫੀਸਦੀ ਤੋਂ ਉੱਪਰ ਅਤੇ 40 ਵਿਦਿਆਰਥੀਆਂ ਨੇ 60 ਫੀਸਦੀ ਤੋਂ ਉੱਪਰ ਅੰਕ ਹਾਸਲ ਕੀਤੇ ਹਨ। ਇਨ੍ਹਾਂ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕਰਦਿਆਂ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਵਲੋਂ ਮੈਰਿਟ ਵਿੱਚ ਆਉਣ ਵਾਲੇ 15 ਵਿਦਿਆਰਥੀਆਂ ਨੂੰ 1100 -1100 ਰੁਪਏ ਦੇ ਇਨਾਮਾਂ ਨਾਲ ਸਨਮਾਨਿਆ ਗਿਆ। ਇਸ ਮੌਕੇ ਪ੍ਰਿੰ. ਸਵਰਨ ਸਿੰਘ ਵਿਰਕ ਨੇ ਕਿਹਾ ਕਿ ਸਾਡੀ ਸੰਸਥਾ ਦਾ ਮਨੋਰਥ ਅਕਾਦਮਿਕ ਪੜ੍ਹਾਈ ਦੇ ਨਾਲ ਨਾਲ ਧਾਰਮਿਕ ਸਿੱਖਿਆ ਦੇਣਾ ਵੀ ਜ਼ਰੂਰੀ ਹੈ। ਸੰਸਥਾ ਦੇ ਸੇਵਾਦਾਰ ਗਗਨਦੀਪ ਸਿੰਘ ਵਿਰਕ ਨੇ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਵਿਸ਼ੇਸ਼ ਸਾਰੰਗਲ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਹੋਏ ਨਤਮਸਤਕ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਅਹੁਦਾ ਸੰਭਾਲਣ ਤੋਂ ਬਾਅਦ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਿਤਾ ਜਨਕ ਰਾਜ ਸਾਰੰਗਲ ਅਤੇ ਐੱਸਡੀਐੱਮ.ਬਟਾਲਾ ਸ਼ਾਇਰੀ ਮਲਹੋਤਰਾ ਵੀ ਮੌਜੂਦ ਸਨ। ਇਸ ਮੌਕੇ ਗੁਰਨਾਮ ਸਿੰਘ ਜੱਸਲ ਵੱਲੋਂ ਡੀਸੀ ਸਾਰੰਗਲ ਅਤੇ ਉਨ੍ਹਾਂ ਦੇ ਪਿਤਾ ਜਨਕ ਰਾਜ ਸਾਰੰਗਲ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸ਼੍ਰੀ ਸਾਰੰਗਲ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਨਤਮਸਤਕ ਹੋ ਕੇ ਉਨ੍ਹਾਂ ਨੂੰ ਰੂਹਾਨੀ ਸ਼ਾਂਤੀ ਦਾ ਅਹਿਸਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਸਾਹਿਬ ਦੀ ਬਖਸ਼ਿਸ਼ ਸਦਕਾ ਹੀ ਉਨ੍ਹਾਂ ਨੂੰ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਅਤੇ ਇਸ ਪਵਿੱਤਰ ਧਰਤੀ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

## ਕੱਥੂਨੰਗਲ ਵਿਖੇ ਅਧਿਆਪਕਾਂ ਦਾ ਦੋ ਰੋਜ਼ਾ ਸੈਮੀਨਾਰ



**ਮਜੀਠਾ (ਸੋਇਮ ਆਨੰਦ)**-ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਮਿਸ਼ਨ ਸਮਰੱਥ ਦੇ ਤਹਿਤ ਬਲਾਕ ਮਜੀਠਾ -2 ਦੇ ਅਧਿਆਪਕਾਂ ਦਾ ਦੋ ਰੋਜ਼ਾ ਸੈਮੀਨਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੱਥੂਨੰਗਲ ਵਿਖੇ ਪ੍ਰਿੰਸੀਪਲ ਦੀਪਕ ਠੁਕਰਾਲ ਦੀ ਰਹਿਨੁਮਾਈ ਹੇਠ ਲਗਾਇਆ ਗਿਆ।ਇਸ ਸੈਮੀਨਾਰ ਵਿੱਚ ਬਲਾਕ ਮਜੀਠਾ 2 ਦੇ ਵੱਖ-ਵੱਖ ਸਕੂਲਾਂ ਤੋਂ ਆਏ ਪੰਜਾਬੀ, ਗਣਿਤ ਤੇ ਅੰਗਰੇਜ਼ੀ ਵਿਸ਼ੇ ਦੇ ਅਧਿਆਪਕਾਂ ਨੇ ਭਾਗ ਲਿਆ।ਬਲਾਕ ਰਿਸੋਰਸਪਰਸਨ ਬਲਜੀਤ ਸਿੰਘ ਨੇ ਅੰਗਰੇਜ਼ੀ ਵਿਸ਼ੇ ਵਿੱਚ ਬੱਚਿਆਂ ਦੀ ਰੁਚੀ ਵਧਾਉਣ ਲਈ ਵੱਖ-ਵੱਖ ਤਕਨੀਕਾਂ ਦੀ ਵਰਤੋਂ ਤੇ ਜ਼ੋਰ ਦਿੱਤਾ ਅਤੇ ਵਿਸ਼ੇ ਨੂੰ ਪ੍ਰੈਕਟੀਕਲ ਤਰੀਕੇ ਨਾਲ ਪੜ੍ਹਾਉਣ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਰਣਜੀਤ ਸਿੰਘ, ਅਮਰਬੀਰ ਸਿੰਘ, ਹਰਪ੍ਰੀਤ ਸੰਧੂ, ਅਰੁਣ ਸ਼ਰਮਾ, ਗੁਰਦੇਵ ਸਿੰਘ, ਕਸ਼ਮੀਰ ਸਿੰਘ, ਪ੍ਰਿੰਸ, ਹਰਜੀਤ ਸਿੰਘ, ਪਰਵਿੰਦਰ ਕੌਰ, ਗੁਰਦੀਪ ਕੌਰ, ਪਿੰਕੀ, ਸਰਬਜੀਤ ਕੌਰ, ਰਮਿੰਦਰ ਕੌਰ, ਰਾਜਵਿੰਦਰ ਕੌਰ ਆਦਿ ਅਧਿਆਪਕ ਹਾਜ਼ਰ ਸਨ।

### ਬੇਦਖਲੀ ਨੋਟਿਸ

ਮੈਂ, ਦਰਸ਼ਨ ਲਾਲ ਪੁੱਤਰ ਡਮੂ ਰਾਮ ਵਾਸੀ ਮਕਾਨ ਨੰ. 881, ਭਾਰਗੋ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਸ਼ ਅਤੇ ਉਸਦੀ ਪਤਨੀ ਸ਼ਿਵਾਨੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਆਪਣੇ ਲੜਕੇ ਜਤਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਗਹਿਲੇਵਾਲ, ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਇਹ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਇਹ ਮੇਰੇ ਕਹਿਣੇ ਵਿਚ ਨਹੀਂ ਹੈ, ਜੋ ਵੀ ਇਸ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਸਪਾਲ ਪੁੱਤਰ ਬਿਸ਼ਨ ਦਾਸ ਵਾਸੀ ਵਾਰਡ ਨੰ. 15, ਨਿਊ ਚੰਦਨ ਨਗਰ, ਕਰਤਾਰਪੁਰ (ਪੇਂਡੂ), ਜਲੰਧਰ ਆਪਣੇ ਲੜਕੇ ਸ਼ਰਨਜੀਤ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਮਰਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 31, ਗੁਰਦੇਵ ਨਗਰ, ਨਿਊ ਗਰੇਨ ਮਾਰਕੀਟ, ਨੇੜੇ ਡਾਕਖਾਨਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਕੁਲਦੀਪ ਕੌਰ ਅਤੇ ਮੇਰੀ ਲੜਕੀ ਕੋਮਲ ਪ੍ਰੀਤ ਕੌਰ ਅਤੇ ਲੜਕਾ ਗੁਰਸਿਮਰਨ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜਸਪਾਲ ਪੁੱਤਰ ਬਿਸ਼ਨ ਦਾਸ ਵਾਸੀ ਵਾਰਡ ਨੰ. 15, ਨਿਊ ਚੰਦਨ ਨਗਰ, ਕਰਤਾਰਪੁਰ (ਪੇਂਡੂ), ਜਲੰਧਰ ਆਪਣੇ ਲੜਕੇ ਵੰਸ਼ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਰਜੀਤ ਕੌਰ ਪਤਨੀ ਲੇਟ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 1040, ਬਸਤੀ ਮਿੱਠੂ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਮਰਜੀਤ ਸਿੰਘ ਅਤੇ ਉਸਦੀ ਪਤਨੀ ਬਲਜੀਤ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### PUBLIC NOTICE

I, Shankar S/o Bhuvneshwar Lal R/o H.No. 5, New Shastri Nagar, Jalandhar, Punjab declare that my son Vishal is out of my control. I disinherit him from my moveable and immovable properties. I and my family shall not be held responsible for any of his acts, deeds and things. All please note.

## ਭਿੰਡੀਆਂ ਸੈਦਾਂ ਦੇ ਵਿਅਕਤੀ ਦੀ ਸ਼ੱਕੀ ਹਾਲਾਤ ਮੌਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅੰਮ੍ਰਿਤਸਰ ਦੇ ਤਹਿਸੀਲ ਅਜਨਾਲਾ ਦੇ ਪਿੰਡ ਭਿੰਡੀਆਂ ਸੈਦਾਂ ਤੋਂ ਇੱਕ ਵਿਅਕਤੀ ਆਪਣੇ ਸਹੁਰੇ ਪਰਿਵਾਰ ਨੂੰ ਮਿਲਣ ਲਈ ਜਾ ਰਿਹਾ ਸੀ। ਰਸਤੇ ਵਿੱਚੋਂ ਸ਼ੱਕੀ ਹਾਲਾਤ ਉਸ ਦੀ ਲਾਸ਼ ਮਿਲੀ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ 16 ਸਾਲ ਪਹਿਲਾਂ ਅਮਰਜੀਤ ਦਾ ਵਿਆਹ ਅਜਨਾਲਾ ਅਧੀਨ ਆਉਂਦੇ ਇੱਕ ਪਿੰਡ ਵਿੱਚ ਹੀ ਹੋਇਆ ਸੀ। ਅੱਜ ਉਹ ਸਹੁਰੇ ਪਰਿਵਾਰ ਨੂੰ ਮਿਲਣ ਜਾ ਰਿਹਾ ਸੀ ਤਾਂ ਰਸਤੇ 'ਚ ਉਸਦੀ ਮੌਤ ਹੋ ਗਈ। ਦੂਜੇ ਪਾਸੇ ਇਸ ਮਾਮਲੇ 'ਚ ਮੌਕੇ 'ਤੇ ਪਹੁੰਚੇ ਪੁਲਸ ਅਧਿਕਾਰੀਆਂ ਨੇ ਕਿਹਾ ਕਿ ਅਮਰਜੀਤ ਸਿੰਘ ਨਾਮਕ ਵਿਅਕਤੀ ਦੀ ਸ਼ੱਕੀ ਹਾਲਾਤ ਵਿੱਚ ਲਾਸ਼ ਮਿਲੀ ਹੈ ਅਤੇ ਦੇਖਣ ਵਿੱਚ ਅਜਿਹਾ ਲੱਗਦਾ ਹੈ ਜਿਸ ਤਰ੍ਹਾਂ ਉਸ ਵਿਅਕਤੀ ਦਾ ਕਿਸੇ ਵੱਲੋਂ ਕਤਲ ਕੀਤਾ ਗਿਆ ਹੋਵੇ। ਫਿਲਹਾਲ ਪੁਲਸ ਵੱਲੋਂ ਧਾਰਾ 302 ਦੇ ਅਧੀਨ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


### ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਕਾਂਟਰੈਕਟ ਦੇ ਆਧਾਰ ਤੇ ਮੇਡਿਕਲ ਪ੍ਰੈਕਿਟਸ਼ਨਰਾਂ ਦੇ ਲਈ ਵਾਕ-ਇਨ-ਇੰਟਰਵਿਊ**

ਫਿਰੋਜਪੁਰ ਮੰਡਲ ਵਿਚ ਕਾਂਟਰੈਕਟ ਦੇ ਆਧਾਰ ਤੇ 06 ਮੇਡੀਕਲ ਪ੍ਰੈਕਿਟਸ਼ਨਰਾਂ ਦੀ ਨਿਯੁਕਤੀ ਦੇ ਲਈ ਵਾਕ-ਇਨ-ਇੰਟਰਵਿਊ 04.04.2024 ਨੂੰ ਰੇਲਵੇ ਆਫਿਸਰਸ ਰੇਸਟ ਹਾਊਸ, ਪਠਾਨਕੋਟ ਸਟੇਸ਼ਨ 'ਤੇ, 05.04.2024 ਨੂੰ ਵੀਆਈਪੀ ਰੂਮ/ ਐਸਐਸ ਰੂਮ, ਰੇਲਵੇ ਸਟੇਸ਼ਨ, ਅੰਮ੍ਰਿਤਸਰ ਵਿਚ ਅਤੇ 08.04.2024 ਨੂੰ ਕਮੇਟੀ ਹਾਲ, ਡੀਆਰਐਮ ਦਫਤਰ, ਫਿਰੋਜਪੁਰ ਵਿਚ ਆਯੋਜਿਤ ਕੀਤਾ ਜਾਵੇਗਾ। ਉਮੀਦਵਾਰ ਵਿਸਤ੍ਰਿਤ ਅਧਿਸੂਚਨਾ ਅਤੇ ਵਾਕ-ਇਨ-ਇੰਟਰਵਿਊ ਫਾਰਮ ਵੈਬਸਾਈਟ https://nr.indianrailways.gov.in/> News&recruitment info> Recruitment info> ਤੋਂ ਡਾਊਨਲੋਡ ਕਰ ਸਕਦੇ ਹਨ। ਕਿਸੇ ਵੀ ਪ੍ਰਸ਼ਨ ਦੇ ਲਈ 9779232631, 9540096053 'ਤੇ ਸੰਪਰਕ ਕਰੋ ਜਾਂ srdpofzr@gmail.com 'ਤੇ ਈਮੇਲ ਕਰ ਸਕਦੇ ਹਨ।

910/2024 — ਵਲੋਂ ਮੰਡਲ ਰੇਲ ਪ੍ਰਬੰਧਕ (ਪੀ), ਉੱਤਰ ਰੇਲਵੇ/ਫਿਰੋਜਪੁਰ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

23-MAR-PAGE-7.qxd 3/22/2024 9:18 PM Page 1



# ਕਿਰਤੀ ਕਿਸਾਨ ਯੂਨੀਅਨ ਨੇ ਫੂਕਿਆ ਮੁੱਖ ਮੰਤਰੀ ਦਾ ਪੁਤਲਾ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪਿਛਲੇ ਦਿਨੀਂ ਪੰਜਾਬ ਸਰਕਾਰ ਦੀ ਸ਼ਹਿ ਤੇ ਪੁਲਸ ਵੱਲੋਂ ਗਦਰ ਮੈਮੋਰੀਅਲ ਭਵਨ ਸੰਗਰੂਰ ਵਿਖੇ ਛਾਪੇਮਾਰੀ ਕਰਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਤੇ ਵਿਦਿਆਰਥੀ ਆਗੂ ਸੁਖਦੀਪ ਸਿੰਘ ਹੱਥਨ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਲੈ ਲਿਆ ਗਿਆ ਸੀ ਅਤੇ ਦਫਤਰ ਦੀ ਫਰੋਲਾ ਫਰਾਲੀ ਕਰਦਿਆਂ ਰਿਕਾਰਡ ਤੇ ਪੋਸਟਰ ਵਗੈਰਾ ਵੀ ਕਬਜ਼ੇ ਵਿੱਚ ਲੈ ਲਏ ਸਨ।

ਇਸੇ ਤਰ੍ਹਾਂ ਕਿਰਤੀ ਕਿਸਾਨ ਯੂਨੀਅਨ ਦੇ ਜਲੰਧਰ ਵਿਚਲੇ ਸੂਬਾ ਦਫਤਰ ਦੀ ਤਲਾਸ਼ੀ ਕੀਤੀ ਗਈ ਸੀ। ਪੰਜਾਬ ਸਰਕਾਰ ਵੱਲੋਂ ਕੀਤੀ ਇਸ ਗੈਰ-ਕਾਨੂੰਨੀ ਜ਼ੁਬਾਨਬੰਦੀ, ਤਾਲਾਬੰਦੀ ਦੇ ਖਿਲਾਫ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਦਿੱਤੇ ਸੱਦੇ ਤਹਿਤ ਅੱਜ ਲੌਂਗੋਵਾਲ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ ਤੇ ਬਲਾਕ ਆਗੂ ਭੋਲਾ ਸਿੰਘ ਪਨਾਂਚ ਨੇ ਦੱਸਿਆ ਕਿ ਪਹਿਲਾਂ ਕਿਸਾਨ ਗੁੱਗਮਾਜਰੀ ਵਿਖੇ ਇਕੱਠੇ ਹੋਏ ਤੇ ਉੱਥੋਂ ਨਾਅਰੇਬਾਜ਼ੀ ਕਰਦਿਆਂ ਬੱਸ ਸਟੈਂਡ ਵਿਖੇ ਪੁਤਲਾ ਫੂਕਿਆ। ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੀ ਰਾਹ 'ਤੇ ਚੱਲਦਿਆਂ ਆਪਣੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਲੋਕਾਂ ਦੀ ਜ਼ੁਬਾਨ ਬੰਦ ਕਰਨ ਦੇ ਰਾਹ 'ਤੇ ਤੁਰ ਪਈ ਹੈ, ਇਸ ਕਰਕੇ ਉਹ ਪੁਲਸ ਤੰਤਰ ਦੀ ਵਰਤੋਂ ਕਰਦਿਆਂ ਲੋਕਾਂ ਨੂੰ ਡਰਾਉਣਾ ਧਮਕਾਉਣਾ ਚਾਹੁੰਦੀ ਹੈ, ਪਰ ਸਰਕਾਰ ਦੀ ਇਸ ਨੀਤੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਖਿਲਾਫ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

ਆਗੂਆਂ ਨੇ ਲੋਕਾਂ ਨੂੰ ਦੱਸਿਆ ਕਿ ਇਸ ਧੱਕੇਸ਼ਾਹੀ ਖਿਲਾਫ 22 ਮਾਰਚ ਨੂੰ ਸੰਗਰੂਰ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਪ੍ਰਦਰਸ਼ਨ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਇਕਾਈ ਮੀਤ ਪ੍ਰਧਾਨ ਕਰਮ ਸਿੰਘ ਜੈਦ, ਨਿੱਕਾ ਸਿੰਘ ਦੁਲਟ, ਜਥੇਦਾਰ ਗੁਰਤੇਜ ਸਿੰਘ, ਦਰਸ਼ਨ ਸਿੰਘ, ਪੱਪੀ ਦੁੱਲਟ ਸਮੇਤ ਵੱਡੀ ਗਿਣਤੀ ਕਿਸਾਨ ਆਗੂ ਹਾਜ਼ਰ ਸਨ।

# ਸੰਗਰੂਰ ਜ਼ਹਿਰੀਲੀ ਸ਼ਰਾਬ ਦਾ ਦੁਖਾਂਤ ਪੰਜਾਬ ਤੇ ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਦੇ ਹਾਲਾਤ ਬਿਆਨ ਕਰਦੈ : ਸੁਖਬੀਰ ਬਾਦਲ

## ਪੰਜਾਬ ਬਚਾਓ ਯਾਤਰਾ ਨੂੰ ਮਿਲਿਆ ਉਤਸ਼ਾਹਜਨਕ ਹੁੰਗਾਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੰਗਰੂਰ ਜ਼ਹਿਰੀਲੀ ਸ਼ਰਾਬ ਦਾ ਦੁਖਾਂਤ ਪੰਜਾਬ ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਜੱਦੀ ਜ਼ਿਲ੍ਹੇ ਸੰਗਰੂਰ ਵਿਚਲੇ ਹਾਲਾਤ ਬਿਆਨ ਕਰਦਾ ਹੈ ਤੇ ਉਨ੍ਹਾਂ ਨੇ ਤ੍ਰਾਸਦੀ ਦੀ ਨਿਆਂਇਕ ਜਾਂਚ ਦੀ ਮੰਗ ਕੀਤੀ। ਅਕਾਲੀ ਦਲ ਦੇ ਪ੍ਰਧਾਨ ਪੰਜਾਬ ਬਚਾਓ ਯਾਤਰਾ ਦੌਰਾਨ ਮੋਗਾ ਤੇ ਧਰਮਕੋਟ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੂੰ ਪੇਂਡੂ ਤੇ ਸ਼ਹਿਰੀ ਦੋਵਾਂ ਖੇਤਰਾਂ ਵਿਚ ਉਤਸ਼ਾਹਜਨਕ ਹੁੰਗਾਰਾ ਮਿਲਿਆ ਤੇ ਲੋਕਾਂ ਵਿੱਚ ਅਕਾਲੀ ਦਲ ਦੇ ਪ੍ਰਧਾਨ ਨੂੰ ਮਿਲਣ ਲਈ ਉਤਸ਼ਾਹ ਸੀ। ਕਿਸਾਨਾਂ ਨੇ ਦੋਵਾਂ ਹਲਕਿਆਂ ਵਿੱਚ ਸੈਂਕੜੇ ਟਰੈਕਟਰ ਲੈ ਕੇ ਯਾਤਰਾ ਵਿੱਚ ਸ਼ਮੂਲੀਅਤ ਕੀਤੀ ਤੇ ਦੁਕਾਨਦਾਰਾਂ ਨੇ ਸ਼ਹਿਰੀ ਖੇਤਰ ਵਿੱਚ ਆਪੋ ਆਪਣੀਆਂ ਦੁਕਾਨਾਂ ਤੋਂ ਬਾਹਰ ਆ ਕੇ ਅਕਾਲੀ ਦਲ ਦੇ ਪ੍ਰਧਾਨ 'ਤੇ ਫੁੱਲਾਂ ਦੀ ਵਰਖਾ ਕੀਤੀ। ਅਕਾਲੀ ਦਲ ਦੇ ਪ੍ਰਧਾਨ ਨਾਲ ਮੋਗਾ ਵਿੱਚ ਸ੍. ਸੰਜੀਤ ਸਿੰਘ ਗਿੱਲ ਤੇ ਧਰਮਕੋਟ ਵਿੱਚ ਸ੍. ਬਰਜਿੰਦਰ ਸਿੰਘ ਬਰਾੜ ਹਾਜ਼ਰ ਸਨ। ਸੰਗਰੂਰ ਜ਼ਹਿਰੀਲੀ ਸ਼ਰਾਬ ਦੁਖਾਂਤ ਦੀ ਗੱਲ ਕਰਦਿਆਂ ਸ੍. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਦੋਂ ਸਰਕਾਰ ਠੱਪ ਹੋ ਜਾਂਦੀ ਹੈ ਤੇ ਤੁਸੀਂ ਆਪਣੇ ਵਿਧਾਇਕਾਂ ਨੂੰ ਨਜਾਇਜ਼ ਸ਼ਰਾਬ ਤੇ ਨਸ਼ਾ ਕਾਰੋਬਾਰੀਆਂ ਨਾਲ ਰਲਣ ਵਾਸਤੇ ਆਖਦੇ ਹੋ ਤਾਂ ਫਿਰ ਕੁਝ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮੈਂ ਵਾਰ-ਵਾਰ ਆਖਦਾ ਰਿਹਾ ਹਾਂ ਕਿ ਆਪ ਦੇ ਵਿਧਾਇਕ ਨਸ਼ਾ ਤਸਕਰਾਂ ਦੀ ਪੁਸ਼ਤ ਪਨਾਹੀ ਕਰ ਰਹੇ ਹਨ ਤੇ ਉਨ੍ਹਾਂ ਤੋਂ ਮਹੀਨੇ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਤਾਜ਼ਾ ਜ਼ਹਿਰੀਲੀ ਸ਼ਰਾਬ ਦੇ ਦੁਖਾਂਤ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਨਸ਼ੇ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹੋ ਗਈਆਂ ਹਨ। ਤ੍ਰਾਸਦੀ ਦੀ ਐੱਸ ਡੀ ਐੱਮ ਦੇ ਪੱਧਰ 'ਤੇ ਜਾਂਚ ਦੇ ਦਿੱਤੇ ਹੁਕਮਾਂ ਨੂੰ ਰੱਦ ਕਰਦਿਆਂ ਬਾਦਲ ਨੇ ਕਿਹਾ ਕਿ ਅਜਿਹਾ ਜੂਨੀਅਰ ਅਫਸਰ ਨਾ ਤਾਂ ਇਸ ਗੈਰ-ਕਾਨੂੰਨੀ ਵਪਾਰ ਪਿੱਛੇ ਅਸਲ ਦੋਸ਼ੀਆਂ ਦੀ ਸ਼ਨਾਖ਼ਤ ਕਰ ਸਕਦਾ ਹੈ ਤੇ ਨਾ ਹੀ ਇਨ੍ਹਾਂ ਦੀ ਪੁਸ਼ਤ ਪਨਾਹੀ ਕਰਨ ਵਾਲੇ ਸਿਆਸਤਦਾਨਾਂ ਨੂੰ ਦੋਸ਼ੀ ਠਹਿਰਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਰੇ ਮਾਮਲੇ ਦੀ ਨਿਆਂਇਕ ਜਾਂਚ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਜਨਤਕ ਤੌਰ 'ਤੇ ਇਹ ਆਖਦੇ ਰਹੇ ਹਨ ਕਿ ਅਜਿਹੇ ਮਾਮਲਿਆਂ ਵਿੱਚ ਜ਼ਿੰਮੇਵਾਰ ਅਨਸਰਾਂ ਤੇ ਇਨ੍ਹਾਂ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਖਿਲਾਫ ਕਤਲ ਦਾ ਕੇਸ ਦਰਜ ਹੋਣਾ ਚਾਹੀਦਾ ਹੈ, ਤਾਂ ਅਸੀਂ ਵੀ ਇਸ ਗੱਲ ਦੇ ਹਮਾਇਤੀ ਹਾਂ ਕਿ ਦੋਸ਼ੀਆਂ ਖ਼ਿਲਾਫ਼ ਕਤਲ ਕੇਸ ਦਰਜ ਹੋਣਾ ਚਾਹੀਦਾ ਹੈ। ਸ. ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਸੂਬੇ ਵਿੱਚੋਂ ਆਪ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਜਾਣ। ਪੰਜਾਬ ਨੂੰ ਬਚਾਉਣ ਦੀ ਬਹੁਤ ਜ਼ਰੂਰਤ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਲੰਢੇਕੇ, ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ, ਜਥੇਦਾਰ ਤੀਰਥ ਸਿੰਘ ਮਾਹਲਾ, ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਡੱਲਾ, ਨਿਰਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆਂ, ਰਣਵਿੰਦਰ ਸਿੰਘ ਪੱਪੂ ਰਾਮੂਵਾਲਾ, ਦਵਿੰਦਰ ਸਿੰਘ ਰਣੀਆਂ, ਰਵਦੀਪ ਸਿੰਘ ਸੰਘਾ ਦਾਰਾਪੁਰ, ਰਾਜਵਿੰਦਰ ਸਿੰਘ ਧਰਮਕੋਟ, ਬੂਟਾ ਸਿੰਘ ਦੌਲਤਪੁਰਾ, ਜੱਸ ਮੰਗੇਵਾਲਾ, ਸ਼੍ਰੋਮਣੀ ਕਮੇਟੀ ਮੈਂਬਰ ਤਰਸੇਮ ਸਿੰਘ ਰੱਤੀਆਂ, ਰਾਜਵੰਤ ਸਿੰਘ ਮਾਹਲਾ ਤੋਂ ਇਲਾਵਾ ਪੰਜਾਬ ਬਚਾਓ ਯਾਤਰਾ ਵਿੱਚ ਵੱਡੀ ਗਿਣਤੀ 'ਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਵਰਕਰ ਨੇ ਸ਼ਮੂਲੀਅਤ ਕੀਤੀ।

# 150 ਪੇਟੀਆਂ ਨਜਾਇਜ਼ ਸ਼ਰਾਬ ਬਰਾਮਦ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਗੁਰੂ ਹਰਸਹਾਏ ਪੁਲਸ ਨੇ ਇਕ ਮਾਰੂਤੀ ਕਾਰ ਸਵਾਰ ਤੋਂ ਨਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਉਪਕਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਫਿਰੋਜ਼ਪੁਰ ਦੀ ਤਰਫ਼ੋਂ ਇਕ ਬਿਨਾਂ ਨੰਬਰੀ ਮਾਰੂਤੀ ਕਾਰ ਆ ਰਹੀ ਹੈ, ਜਿਸ ਵਿੱਚ ਡਿਫਲ ਪੁੱਤਰ ਰੋਸ਼ਨ ਵਾਸੀ ਗੁਰੂ ਹਰਸਹਾਏ ਨਜਾਇਜ਼ ਸ਼ਰਾਬ ਲੈ ਕੇ ਆ ਰਿਹਾ ਹੈ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਗੋਲੂ ਕਾ ਮੋੜ ਕੋਲ ਨਾਕਾਬੰਦੀ ਕੀਤੀ ਗਈ ਤਾਂ ਜਦ ਉਸ ਨੂੰ ਰੋਕ ਕੇ ਚੈੱਕ ਕੀਤਾ ਤਾਂ ਉਸ ਵਿੱਚ ਤਿੰਨ ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਹੋਈਆਂ। ਇਸ ਵਿਅਕਤੀ ਕੋਲੋਂ ਸਖ਼ਤੀ ਨਾਲ ਪੁੱਛਿਆ ਤਾਂ ਉਸ ਦਾ ਮੋਬਾਈਲ ਚੈੱਕ ਕੀਤਾ ਤਾਂ ਉਸ ਵਿੱਚੋਂ ਪਤਾ ਲੱਗਾ ਕਿ ਉਸ ਦੇ ਜਨਕ ਰਾਜ ਦੇ ਗੁਦਾਮ ਵਿੱਚ ਸ਼ਰਾਬ ਦਾ ਭੰਡਾਰ ਮਿਲਿਆ, ਉਸ ਤੋਂ ਬਾਅਦ ਥਾਣਾ ਮੁਖੀ ਨੇ ਐਕਸਾਈਜ਼ ਵਿਭਾਗ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਮੰਡੀ ਪੰਜੇਕੇ ਉਤਾੜ ਵਿਖੇ ਸ਼ਰਾਬ ਦਾ ਕਾਰੋਬਾਰ ਕਰਦੇ ਜਨਕ ਰਾਜ ਦੇ ਗਡਾਊਨ ਵਿਚ ਛਾਪੇਮਾਰੀ ਕੀਤੀ ਤਾਂ ਉੱਥੇ 150 ਦੇ ਕਰੀਬ ਸ਼ਰਾਬ ਤੇ ਬੀਅਰ ਦੀਆਂ ਨਜਾਇਜ਼ ਪੇਟੀਆਂ ਬਰਾਮਦ ਹੋਈਆਂ। ਥਾਣਾ ਮੁਖੀ ਉਪਕਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ 150 ਦੇ ਕਰੀਬ ਨਜਾਇਜ਼ ਸ਼ਰਾਬ ਦੀਆਂ ਪੇਟੀਆਂ ਬਰਾਮਦ ਕੀਤਆਂ ਗਈਆਂ ਹਨ ਅਤੇ ਮੁਲਜ਼ਮ ਖਿਲਾਫ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਅਜੇ ਫਰਾਰ ਹੈ, ਉਸ ਨੂੰ ਜਲਦੀ ਫੜ ਲਿਆ ਜਾਵੇਗਾ।

## ਕਾਤਰਾਂ

### ਸੰਜੀਵ ਲੀਹਲ ਭਾਜਪਾ ਦੇ ਜ਼ਿਲ੍ਹਾ ਉਪ ਪ੍ਰਧਾਨ ਬਣੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭਾਜਪਾ ਹਾਈਕਮਾਂਡ ਵੱਲੋਂ ਇੱਥੋਂ ਪਾਰਟੀ ਦੇ ਸੀਨੀਅਰ ਆਗੂ ਸੰਜੀਵ ਲੀਹਲ ਨੂੰ ਪੁਲਸ ਜ਼ਿਲ੍ਹਾ ਖੰਨਾ ਦਾ ਉਪ ਪ੍ਰਧਾਨ ਬਣਾਇਆ ਗਿਆ ਹੈ। ਪਾਰਟੀ ਪ੍ਰਤੀ ਵਧੀਆ ਸੇਵਾਵਾਂ ਦੇਖਦਿਆਂ ਭਾਜਪਾ ਆਗੂ ਸੰਜੀਵ ਲੀਹਲ ਨੂੰ ਲਗਾਤਾਰ ਚੌਥੀ ਵਾਰ ਇਹ ਜ਼ਿਲ੍ਹਾ ਉਪ ਪ੍ਰਧਾਨ ਦਾ ਅਹੁਦਾ ਦੇ ਕੇ ਨਿਵਾਜ਼ਿਆ ਗਿਆ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਜ਼ਿਲ੍ਹਾ ਉਪ ਪ੍ਰਧਾਨ ਸੰਜੀਵ ਲੀਹਲ ਨੇ ਕਿਹਾ ਕਿ ਹਾਈਕਮਾਂਡ ਨੇ ਹਮੇਸ਼ਾ ਉਨ੍ਹਾਂ ਨੂੰ ਮਾਣ ਬਖਸ਼ਿਆ ਹੈ ਤੇ ਉਹ ਵੀ ਪਾਰਟੀ ਦੀ ਤਨਦੇਹੀ ਨਾਲ ਸੇਵਾ ਕਰਦੇ ਰਹਿਣਗੇ।

### ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਵੱਲੋਂ ਸਬ-ਜੇਲ੍ਹ ਦਾ ਦੌਰਾ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਜਸਟਿਸ ਅਰਚਨਾ ਪੁਰੀ ਨੇ ਸਬ-ਜੇਲ੍ਹ ਦਾ ਨਿਰੀਖਣ ਕੀਤਾ।ਇੱਥੇ ਪਹੁੰਚਣ 'ਤੇ ਡਿਪਟੀ ਸੁਪਰਡੈਂਟ ਸ੍ਰੀ ਆਸ਼ੂ ਭੱਟੀ ਨੇ ਉਨ੍ਹਾਂ ਦਾ ਸਵਾਗਤ ਕੀਤਾ।ਨਿਰੀਖਣ ਦੇ ਦੌਰਾਨ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਮੈਡਮ ਜਤਿੰਦਰ ਕੌਰ ਤੇ ਅਮਨਦੀਪ ਸਿੰਘ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਵ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੀ ਮੌਜੂਦ ਰਹੇ।ਇਸ ਦੌਰਾਨ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਮਾਨਯੋਗ ਜਸਟਿਸ ਅਰਚਨਾ ਪੁਰੀ ਨੇ ਸਬ-ਜੇਲ੍ਹ ਵਿੱਚ ਰਹਿ ਰਹੇ ਹਵਾਲਾਤੀਆਂ ਤੇ ਕੈਦੀਆਂ ਨਾਲ ਵਾਰਤਾਲਾਪ ਕੀਤੀ ਤੇ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਸੁਧਾਰ ਲਿਆਉਣ ਲਈ ਪ੍ਰੇਰਿਤ ਕੀਤਾ।

### ਚੋਣਾਂ ਅਮਨ ਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰਸ਼ਾਸਨ ਵਚਨਬੱਧ : ਕੁਲਵੰਤ ਸਿੰਘ

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਜ਼ਿਲ੍ਹੇ ਵਿੱਚ ਲੋਕ ਸਭਾ ਚੋਣਾਂ-2024 ਦੇ ਕੰਮ ਨੂੰ ਸ਼ਾਂਤੀਪੂਰਵਕ ਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ। ਚੋਣਾਂ ਤੋਂ ਪਹਿਲਾਂ ਰਾਜਸੀ ਪਾਰਟੀਆਂ ਦੇ ਖਰਚਿਆਂ, ਚੋਣ ਜਾਬਤੇ ਦੀ ਉਲੰਘਣਾ ਦੀਆਂ ਕਾਰਵਾਈਆਂ ਉੱਪਰ ਨਜ਼ਰ ਰੱਖਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪਣੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ, ਐੱਮ.ਸੀ.ਸੀ. ਤੇ ਐੱਮ.ਸੀ.ਐੱਮ.ਸੀ. ਰਾਹੀਂ ਸਬੰਧਤਾਂ ਉੱਪਰ ਬਾਜ ਅੱਖ ਰੱਖੀ ਜਾ ਰਹੀ ਹੈ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਮੋਗਾ ਨੇ ਦੱਸਿਆ ਕਿ ਆਦਰਸ਼ ਚੋਣ ਜਾਬਤੇ ਦੀ ਉਲੰਘਣਾ ਦੀਆਂ ਸ਼ਿਕਾਇਤਾਂ ਨਾਲ ਨਿਪਟਣ ਲਈ ਜ਼ਿਲ੍ਹਾ ਪੱਧਰੀ ਤੇ ਸਬ ਡਵੀਜ਼ਨਲ ਪੱਧਰ ਉੱਪਰ ਸ਼ਿਕਾਇਤ ਸੈੱਲ ਸਥਾਪਤ ਕਰ ਦਿੱਤੇ ਗਏ ਹਨ। ਜ਼ਿਲ੍ਹਾ ਪੱਧਰ 'ਤੇ ਸਥਾਪਤ ਕੀਤੇ ਗਏ ਸ਼ਿਕਾਇਤ ਸੈੱਲ ਦੇ ਨੰਬਰ 98140 74231, 01636-504092 ਤੇ ਈ-ਮੇਲ ਆਈ.ਡੀ. complaintcellmoga2024@gmail.com ਹੈ। ਹਲਕਾ 071-ਨਿਹਾਲ ਸਿੰਘ ਵਾਲਾ ਦੇ ਕੰਟਰੋਲ ਰੂਮ ਦਾ ਨੰਬਰ 01636-295260, ਹਲਕਾ 072-ਬਾਘਾਪੁਰਾਣਾ ਦੇ ਕੰਟਰੋਲ ਰੂਮ ਦਾ ਨੰਬਰ 01636-240142, ਹਲਕਾ 073-ਮੋਗਾ ਦੇ ਕੰਟਰੋਲ ਰੂਮ ਦਾ ਨੰਬਰ 01636-234277, ਹਲਕਾ 074-ਧਰਮਕੋਟ ਦੇ ਕੰਟਰੋਲ ਰੂਮ ਦਾ ਨੰਬਰ 01682-292071 ਅਤੇ ਮੋਬਾਈਲ ਨੰਬਰ 78890-54360 ਹੈ। ਇਸ ਤੋਂ ਇਲਾਵਾ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਟੋਲ ਫ੍ਰੀ ਨੰਬਰ 1950 ਤੇ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

### ਵਿਦਿਆਰਥੀਆਂ ਦੇ ਝਗੜੇ 'ਚ ਇੱਕ ਦਾ ਗੁੱਟ ਵੱਢਿਆ

**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼ੁੱਕਰਵਾਰ ਦੁਪਹਿਰ ਕਰੀਬ ਢਾਈ ਵਜੇ ਸਥਾਨਕ ਗ੍ਰੀਨ ਵੈਲੀ ਰੋਡ 'ਤੇ ਇੱਕ ਨਾਮੀ ਸਕੂਲ ਦੇ ਦੋ ਵਿਦਿਆਰਥੀਆਂ ਦੇ ਗੁੱਟਾਂ ਵਿੱਚ ਲੜਾਈ ਹੋ ਗਈ, ਜਿਨ੍ਹਾਂ ਕੋਲ ਮਾਰੂ ਹਥਿਆਰ ਸਨ ਤੇ ਇੱਕ ਵਿਦਿਆਰਥੀ ਦਾ ਗੁੱਟ ਵੱਢਣ ਦਾ ਸਮਾਚਾਰ ਹੈ, ਜਿਸ ਨੂੰ ਸਥਾਨਕ ਸਿਵਲ ਹਸਪਤਾਲ ਦਾਖਲ ਕਰਵਾਇਆ ਅਤੇ ਵਿਦਿਆਰਥੀ ਦੀ ਹਾਲਤ ਗੰਭੀਰ ਹੋਣ ਕਰਕੇ ਉਸ ਨੂੰ ਫਰੀਦਕੋਟ ਰੈਫ਼ਰ ਦਿੱਤਾ ਗਿਆ। ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ। ਪੁਲਸ ਅਨੁਸਾਰ ਉਹ ਇਸ ਦੀ ਜਾਂਚ ਕਰ ਰਹੇ ਹਨ। ਮੌਕੇ 'ਤੇ ਕੋਈ ਸੀ.ਸੀ.ਟੀ.ਵੀ. ਕੈਮਰਾ ਨਾ ਹੋਣ ਦੀ ਗੱਲ ਕਹੀ ਜਾ ਰਹੀ ਹੈ।

# ਮਾਡਰਨ ਕਾਲਜ ਵਿਖੇ ਵਿਸ਼ਵ ਜਲ ਦਿਵਸ ਮੌਕੇ ਸੈਮੀਨਾਰ

## ਜਲ ਹੈ ਤਾਂ ਜੀਵਨ ਹੈ : ਡਾ. ਰਵਿੰਦਰ ਬਾਂਸਲ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ (ਸੰਗਰੂਰ) ਵਿਖੇ ਵਿਸ਼ਵ ਜਲ ਦਿਵਸ ਮੌਕੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਤੇ ਸਮੂਹ ਸਟਾਫ ਦੀ ਅਗਵਾਈ ਹੇਠ ਸੈਮੀਨਾਰ ਕਰਵਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਨੇ ਵਿਸ਼ਵ ਜਲ ਦਿਵਸ ਮੌਕੇ ਪਾਣੀ ਦੀ ਮਹੱਤਤਾ ਨੂੰ ਸਮਝਾਉਂਦੇ ਹੋਏ ਦੱਸਿਆ ਕਿ ਪਾਣੀ ਦੀ ਵਰਤੋਂ ਸੂਝ-ਬੂਝ ਨਾਲ ਕਰੀਏ, ਕਿਉਂਕਿ ਪਾਣੀ ਦੀਆਂ ਟੂਟੀਆਂ ਕਈ ਕਈ ਘੰਟੇ ਖੁੱਲ੍ਹੀਆਂ ਰਹਿੰਦੀਆਂ ਹਨ, ਨਹਾਉਣ ਲਈ ਇਕ ਬਾਲਟੀ ਤੋਂ ਵੀ ਜ਼ਿਆਦਾ ਪਾਣੀ ਬਰਬਾਦ ਕੀਤਾ ਜਾਂਦਾ ਹੈ, ਗੱਡੀਆਂ ਧੋਣ ਲਈ ਬੇਹਿਸਾਬ ਪਾਣੀ ਵਰਤਿਆ ਜਾਂਦਾ ਹੈ, ਜਿਸ ਪ੍ਰੀਤ ਸਾਨੂੰ ਜਾਗਰੂਕ ਹੋਣ ਦੀ ਜ਼ਰੂਰਤ ਹੈ।ਜੇਕਰ ਪਾਣੀ ਦੀ ਬਰਬਾਦੀ ਦਾ ਸਿਲਸਿਲਾ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਸਾਡੀ ਅਗਲੀ ਪੀੜ੍ਹੀ ਨੂੰ ਤਾਂ ਪਾਣੀ ਮੁੱਲ ਮਿਲਿਆ ਕਰੇਗਾ।ਜੇਕਰ ਸੂਝਵਾਨਾਂ ਦੀ ਮੰਨੀਏ ਤਾਂ 1947 ਤੋਂ ਬਾਅਦ ਲਗਾਤਾਰ ਧਰਤੀ 'ਚ ਪਾਣੀ ਦੀ ਗਿਰਾਵਟ ਜਾਰੀ ਹੈ।ਜੇ ਹੁਣ ਇਸ ਬਰਬਾਦੀ 'ਤੇ ਕਾਬੂ ਨਾ ਪਾਇਆ ਗਿਆ ਤਾਂ ਬਹੁਤ ਮੰਦਾ ਸਮਾਂ ਆਉਣ ਵਾਲਾ ਹੈ।ਉਨ੍ਹਾ ਕਿਹਾ ਕਿ 22 ਮਾਰਚ ਨੂੰ ਹਰ ਸਾਲ ਇਹ ਦਿਵਸ ਮਨਾਏ ਜਾਣ ਦਾ ਇਹੋ ਕਾਰਨ ਹੈ ਕਿ ਪਾਣੀ ਦੀ ਬਰਬਾਦੀ ਨੂੰ ਘਟਾਇਆ ਜਾਵੇ।ਇਸ ਮੌਕੇ ਵਿਦਿਆਰਥੀਆਂ ਵੱਲੋਂ ਸਪੀਚ ਤੇ ਪਾਣੀ ਬਚਾਓ ਦੇ ਪੋਸਟਰ ਵੀ ਬਣਾਏ ਗਏ।ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਵਿਦਿਆਰਥੀਆਂ ਨੂੰ ਕਿਹਾ ਕਿ ਜਲ ਬਚਾਉ, ਜੀਵਨ ਬਚਾਉ, ਧਰਤੀ ਬਚਾਉ, ਆਉ ਅਸੀਂ ਸਾਰੇ ਜਲ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਈਏ ਤੇ ਲੋਕਾਂ ਨੂੰ ਪਾਣੀ ਦੀ ਸੰਭਾਲ ਲਈ ਪ੍ਰੇਰਿਤ ਕਰੀਏ।ਜਲ ਹੈ, ਤਾਂ ਜੀਵਨ ਹੈ।

# ਪੈਨਸ਼ਨਰ ਵਾਅਦਿਆਂ ਤੇ ਅਮਲਾਂ ਦੀ ਪੜਚੋਲ ਕਰਕੇ ਹੀ ਲੋਕ ਸਭਾ ਚੋਣਾਂ 'ਚ ਵੋਟ ਦੀ ਵਰਤੋਂ ਕਰਨਗੇ : ਦਰਸ਼ਨ ਲੁਬਾਣਾ

## ਵਾਅਦੇ ਕਰਕੇ ਮੁੱਕਰਨ ਵਾਲੇ ਹਾਕਮਾਂ ਨੂੰ ਸਬਕ ਸਿਖਾਉਣ ਦਾ ਸੱਦਾ

**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਪਟਿਆਲਾ ਦੇ ਸਰਪ੍ਰਸਤ ਦਰਸ਼ਨ ਸਿੰਘ ਲੁਬਾਣਾ, ਕਨਵੀਨਰ ਰਾਮ ਕਿਸ਼ਨ ਤੇ ਜਨਰਲ ਸਕੱਤਰ ਬਲਜਿੰਦਰ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਪਿਛਲੇ ਸਮੇਂ ਦੌਰਾਨ ਕੇਂਦਰ ਤੇ ਵੱਖ ਵੱਖ ਰਾਜਾਂ ਵਿੱਚ ਹੁਕਮਰਾਨ ਪਾਰਟੀਆਂ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਗਏ ਚੋਣ ਵਾਅਦਿਆਂ ਜਿਵੇਂ ਕੱਚੇ ਤੇ ਠੇਕਾ ਅਧਾਰਤ ਕਰਮਚਾਰੀਆਂ ਨੂੰ ਰੈਗੂਲਰ ਨਾ ਕਰਨਾ, ਪਰਖ ਕਾਲ ਦਾ ਸਮਾਂ ਘਟਾਉਣਾ ਤੇ ਪਰਖ ਕਾਲ ਦੇ ਸਮੇਂ ਦੌਰਾਨ ਪੂਰੀਆਂ ਤਨਖਾਹਾਂ ਤੇ ਬਣਦੀਆਂ ਸਹੂਲਤਾਂ ਨਾ ਦੇਣਾ, ਪੁਰਾਣੀ ਪੈਨਸ਼ਨ ਸਕੀਮ ਨੂੰ ਅਸਲ ਰੂਪ ਵਿੱਚ ਬਹਾਲ ਨਾ ਕਰਨਾ, ਤਨਖਾਹਾਂ ਤੇ ਪੈਨਸ਼ਨਾਂ ਦੀਆਂ ਹੋਈਆਂ ਸਾਰੀਆਂ ਸੋਧਾਂ ਨੂੰ ਲਾਗੂ ਕਰਨਾ, ਕੇਂਦਰ ਨਾਲ ਪਿਛਲੇ ਕਈ ਦਹਾਕਿਆਂ ਤੋਂ ਲਿੰਕ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਸਮੇਂ ਸਿਰ ਨਾ ਦੇਣਾ ਅਤੇ ਵੱਖ-ਵੱਖ ਸਮੇਂ 'ਤੇ ਡੀ ਏ ਨੂੰ ਕੇਂਦਰ ਸਰਕਾਰ ਨਾਲੋਂ ਡੀਲਿੰਕ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਰਚਨਾ ਤੇ ਹੋਰ ਕੀਤੇ ਗਏ ਵਾਅਦਿਆਂ ਨੂੰ ਅਮਲੀ ਜਾਮਾ ਨਾ ਪਹਿਨਾਉਣਾ, ਹੁਕਮਰਾਨ ਸਰਕਾਰਾਂ ਵੱਲੋਂ ਸੰਘਰਸ਼ ਕਰ ਰਹੇ ਲੋਕਾਂ ਨਾਲ ਗੱਲਬਾਤ ਦੇ ਦਰਵਾਜ਼ੇ ਬੰਦ ਕਰਨਾ ਤੇ ਸੰਘਰਸ਼ਸ਼ੀਲ ਲੋਕਾਂ 'ਤੇ ਪੁਲਸ ਲਾਠੀਚਾਰਜ ਕਰਕੇ ਅਤੇ ਝੂਠੇ ਪਰਚੇ ਦਰਜ ਕਰਕੇ ਸੰਘਰਸ਼ਾਂ ਨੂੰ ਦਬਾਉਣਾ ਆਦਿ ਸ਼ਾਮਲ ਹਨ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੱਖਾਂ ਪੈਨਸ਼ਨਰ ਆ ਰਹੀਆਂ ਲੋਕ ਸਭਾ ਚੋਣਾਂ ਦੇ ਸੱਤਵੇਂ ਗੇੜ ਦੌਰਾਨ ਪੰਜਾਬ ਵਿੱਚ 1 ਜੂਨ ਨੂੰ ਪੈ ਰਹੀਆਂ ਵੋਟਾਂ ਸਮੇਂ ਵੱਡੀ ਗਿਣਤੀ ਵਿੱਚ ਆਪਣੇ ਲੋਕਤੰਤਰੀ ਹੱਕ ਵੋਟ ਦੀ ਵਰਤੋਂ ਕਰਨਗੇ ਤੇ ਪਿਛਲੇ ਸਮੇਂ ਦੌਰਾਨ ਹੁਕਮਰਾਨ ਰਾਜਨੀਤਕ ਪਾਰਟੀਆਂ ਵੱਲੋਂ ਵੱਖ-ਵੱਖ ਕਿਸਮ ਦੀਆਂ ਵੋਟਾਂ ਤੋਂ ਪਹਿਲਾਂ ਕੀਤੇ ਗਏ ਚੋਣ ਵਾਅਦਿਆਂ ਨੂੰ ਯਾਦ ਰੱਖਦੇ ਹੋਏ ਸੱਤਾ ਸੰਭਾਲਣ ਤੋਂ ਬਾਅਦ ਇਨ੍ਹਾਂ ਚੋਣ ਵਾਅਦਿਆਂ ਨੂੰ ਲਾਗੂ ਕਰਨ ਲਈ ਅਮਲ ਵਿੱਚ ਪੁੱਟੇ ਗਏ ਕਦਮਾਂ ਸਬੰਧੀ ਵਿਚਾਰ ਕਰਦੇ ਹੋਏ ਵਾਅਦਿਆਂ ਤੋਂ ਮੁੱਕਰਨ ਵਾਲੀਆਂ ਰਾਜਨੀਤਕ ਪਾਰਟੀਆਂ ਨੂੰ ਪੂਰੇ ਜ਼ੋਰ ਨਾਲ ਸਬਕ ਸਿਖਾਉਣਗੇ।

# 5 ਕਿੱਲੋ ਅਫੀਮ ਸਮੇਤ ਮੁਲਜ਼ਮ ਗ੍ਰਿਫਤਾਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਥਾਣਾ ਮੌੜ ਦੀ ਪੁਲਸ ਪਾਰਟੀ ਨੂੰ ਉਸ ਸਮੇਂ ਸਫਲਤਾ ਮਿਲੀ, ਜਦੋਂ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ਵਿੱਚ ਪੁਲਸ ਪਾਰਟੀ ਵੱਲੋਂ ਸੰਦੋਹਾ ਤੋਂ ਧਿੰਗੜ ਲਿੰਕ ਰੋਡ ਸਪੈਸ਼ਲ ਨਾਕਾਬੰਦੀ ਕੀਤੀ ਹੋਈ ਸੀ।ਪਿੰਡ ਧਿੰਗੜ ਵਾਲੇ ਪਾਸਿਓਂ ਇੱਕ ਸ਼ੱਕੀ ਵਿਅਕਤੀ ਮੋਢੇ 'ਤੇ ਪਿੱਠੂ ਬੈਗ ਪਾਈ ਪੈਦਲ ਆ ਰਿਹਾ ਸੀ, ਜਿਸ ਦੀ ਤਲਾਸ਼ੀ ਕਰਨ 'ਤੇ ਬੈਗ ਵਿੱਚੋਂ 5 ਕਿੱਲੋ ਅਫੀਮ ਬਰਾਮਦ ਹੋਈ। ਸ੍ਰੀ ਰਾਹੁਲ ਭਾਰਦਵਾਜ ਡੀ.ਐੱਸ.ਪੀ. ਮੌੜ ਨੇ ਪ੍ਰੈੱਸ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਮੁਲਜ਼ਮ ਦੀ ਪਛਾਣ ਸੂਰਜ ਸਿੰਘ ਪੁੱਤਰ ਆਲਾ ਸਿੰਘ ਵਾਸੀ ਮੌੜ ਖੁਰਦ ਵਜੋਂ ਹੋਈ, ਜਿਸ ਦੇ ਖਿਲਾਫ ਮੁਕੱਦਮਾ ਨੰ. 32 ਮਿਤੀ 20-03-2024 ਅ/ਧ 18/61/85 ਐਨ.ਡੀ.ਪੀ.ਐਸ ਐਕਟ ਥਾਣਾ ਮੌੜ ਦਰਜ ਰਜਿਸਟਰ ਕੀਤਾ।

ਦੌਰਾਨੇ ਤਫਤੀਸ਼ ਮੁਲਜ਼ਮ ਸੂਰਜ ਸਿੰਘ ਨੇ ਮੰਨਿਆ ਕਿ ਉਹ ਇਹ ਅਫੀਮ ਰਾਜਸਥਾਨ ਸੂਬੇ ਦੇ ਭੀਲਵਾੜਾ ਤੋਂ ਵੱਖ-ਵੱਖ ਆਵਾਜਾਈ ਦੇ ਸਾਧਨਾਂ ਰਾਹੀਂ ਲੈ ਕੇ ਆਇਆ ਸੀ।ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਸ ਤੋਂ ਹੋਰ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਕੇਜਰੀਵਾਲ ਦੀ ਗ੍ਰਿਫਤਾਰੀ ਦੇ ਵਿਰੋਧ 'ਚ ਮੋਦੀ ਦਾ ਫੂਕਿਆ ਪੁਤਲਾ



**ਕੋਟਕਪੂਰਾ (ਰਛਪਾਲ ਭੁੱਲਰ)**-ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਸ਼੍ਰੀ ਅਰਵਿੰਦ ਕੇਜਰੀਵਾਲ ਦੀ ਗ਼ੈਰ-ਕਾਨੂੰਨੀ ਗ੍ਰਿਫਤਾਰੀ ਖ਼ਿਲਾਫ਼ ਤੇ ਕੇਂਦਰ ਸਰਕਾਰ ਦੀ ਤਾਨਾਸ਼ਾਹੀ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਕੇ ਅੱਜ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਗੋਲ ਚੌਂਕ ਕੋਟਕਪੂਰਾ ਵਿਖੇ ਤਾਨਾਸ਼ਾਹ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ।

ਇਸ ਮੌਕੇ ਮਾਸਟਰ ਕੁਲਦੀਪ ਸਿੰਘ ਮੌੜ, ਸੁਖਦੇਵ ਸਿੰਘ ਪਦਮ, ਕੌਰ ਸਿੰਘ ਸੰਧੂ, ਮਨਜਿੰਦਰ ਸਿੰਘ ਗੋਪੀ, ਹਰਪ੍ਰੀਤ ਸਿੰਘ ਮੁਹਾਰ, ਪਿੰਦਰ ਗਿੱਲ, ਸੁਦਾਗਰ ਸਿੰਘ ਦੇਵੀ ਵਾਲਾ, ਪ੍ਰਨਾਮ ਸਿੰਘ ਦੇਵੀ ਵਾਲਾ, ਮੁਖਤਿਆਰ ਸਿੰਘ ਸੰਧਵਾਂ, ਅਰੁਣ ਸਿੰਗਲਾ, ਨਰੇਸ਼ ਸਿੰਗਲਾ, ਨੀਟੂ ਚੱਕ ਕਲਿਆਣ, ਪ੍ਰਿੰਸ ਬਹਿਲ, ਨਛੱਤਰ ਬਾਬਾ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।

# ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਸ ਤੇ ਪ੍ਰਸ਼ਾਸਨ ਵੱਲੋਂ ਫਲੈਗ ਮਾਰਚ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਸ ਤੇ ਪ੍ਰਸ਼ਾਸਨ ਵੱਲੋਂ ਮਾਛੀਵਾੜਾ ਸ਼ਹਿਰ ਤੇ ਪਿੰਡਾਂ ਵਿੱਚ ਫਲੈਗ ਮਾਰਚ ਕੱਢਿਆ ਗਿਆ। ਇਸ ਫਲੈਗ ਮਾਰਚ ਦੀ ਅਗਵਾਈ ਕਰ ਰਹੇ ਐੱਸ.ਡੀ.ਐੱਮ. ਸਮਰਾਲਾ ਰਜਨੀਸ਼ ਅਰੋੜਾ ਤੇ ਡੀ.ਐੱਸ.ਪੀ. ਤਰਲੋਚਨ ਸਿੰਘ ਨੇ ਕਿਹਾ ਕਿ ਫਲੈਗ ਮਾਰਚ ਦਾ ਉਦੇਸ਼ ਲੋਕਾਂ ਨੂੰ ਜਾਗਰੂਕ ਕਰਨਾ ਹੈ ਕਿ ਚੋਣਾਂ ਦੇ ਮੱਦੇਨਜ਼ਰ ਪੁਲਸ ਪੂਰੀ ਤਰ੍ਹਾਂ ਮੁਸ਼ਤੈਦ ਹੈ ਤੇ ਲੋਕ ਭੈਅ ਮੁਕਤ ਹੋ ਕੇ ਇਸ ਚੋਣ ਪ੍ਰਕਿਰਿਆ ਵਿੱਚ ਸ਼ਮੂਲੀਅਤ ਕਰਨ। ਅਧਿਕਾਰੀਆਂ ਨੇ ਕਿਹਾ ਕਿ ਸ਼ਹਿਰ ਵਿੱਚ ਸਰਕਾਰੀ ਥਾਵਾਂ 'ਤੇ ਖੰਭਿਆਂ 'ਤੇ ਲੱਗੇ ਸਾਰੀਆਂ ਰਾਜਸੀ ਪਾਰਟੀਆਂ ਦੇ ਬੋਰਡ ਉੱਤਾਰ ਦਿੱਤੇ ਗਏ ਹਨ ਤੇ ਜੇਕਰ ਕਿਸੇ ਪ੍ਰਾਈਵੇਟ ਪ੍ਰਾਪਰਟੀ 'ਤੇ ਵੀ ਬੋਰਡ ਲੱਗੇ ਹਨ ਤਾਂ ਤੁਰੰਤ ਉਤਾਰ ਦਿੱਤੇ ਜਾਣ। ਉਨ੍ਹਾ ਕਿਹਾ ਕਿ ਕਿਸੇ ਵੀ ਪ੍ਰਾਈਵੇਟ ਪ੍ਰਾਪਰਟੀ 'ਤੇ ਜੇਕਰ ਕਿਸੇ ਰਾਜਸੀ ਪਾਰਟੀ ਨੇ ਆਪਣਾ ਬੋਰਡ ਜਾਂ ਸਲੋਗਨ ਲਗਾਉਣਾ ਹੈ ਤਾਂ ਉਸ ਲਈ ਪ੍ਰਵਾਨਗੀ ਲੈਣੀ ਪਵੇਗੀ ਤੇ ਜੇਕਰ ਕਿਸੇ ਨੇ ਉਲੰਘਣਾ ਕੀਤੀ ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਡੀ.ਐੱਸ.ਪੀ. ਤਰਲੋਚਨ ਸਿੰਘ ਨੇ ਦੱਸਿਆ ਕਿ ਸਮਰਾਲਾ ਸਬ-ਡਵੀਜ਼ਨ ਵਿੱਚ ਦਾਖਲ ਹੋਣ ਵਾਲੇ ਤਿੰਨ ਪ੍ਰਮੁੱਖ ਸਥਾਨਾਂ 'ਤੇ ਪੱਕੇ ਤੌਰ 'ਤੇ ਨਾਕਾਬੰਦੀ ਕਰ ਦਿੱਤੀ ਹੈ ਤਾਂ ਜੋ ਕੋਈ ਸ਼ਰਾਰਤੀ ਅਨਸਰ ਦਾਖਲ ਨਾ ਹੋਵੇ। ਉਨ੍ਹਾ ਕਿਹਾ ਕਿ ਪੁਲਸ ਜ਼ਿਲ੍ਹਾ ਖੰਨਾ ਵਿੱਚ ਫਿਲਹਾਲ ਚੋਣਾਂ ਦੇ ਮੱਦੇਨਜ਼ਰ 2 ਕੰਪਨੀਆਂ ਪੱਕੇ ਤੌਰ 'ਤੇ ਤਾਇਨਾਤ ਹੋ ਗਈਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਫੋਰਸ ਆ ਜਾਵੇਗੀ ਤੇ ਪੁਲਸ ਵੱਲੋਂ ਗਸ਼ਤ ਵੀ ਵਧਾ ਦਿੱਤੀ ਜਾਵੇਗੀ।

ਇਸ ਮੌਕੇ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ, ਤਾਰਾ ਚੰਦ, ਮਦਨ ਲਾਲ, ਕਰਨੈਲ ਸਿੰਘ, ਸੰਜੀਵ ਕੁਮਾਰ (ਸਾਰੇ ਸਹਾਇਕ ਥਾਣੇਦਾਰ) ਮੌਜੂਦ ਸਨ।

# ਨੋਡਲ ਅਫ਼ਸਰਾਂ ਨੂੰ ਗਤੀਵਿਧੀਆਂ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ-ਕਮ-ਉਪ ਮੰਡਲ ਮੈਜਿਸਟ੍ਰੇਟ ਵਿਨੀਤ ਕੁਮਾਰ ਦੀ ਅਗਵਾਈ ਵਿੱਚ ਸੰਗਰੂਰ ਲੋਕ ਸਭਾ ਹਲਕੇ ਅਧੀਨ ਆਉਂਦੇ ਜ਼ਿਲ੍ਹੇ ਦੇ ਸਾਰੇ ਹਲਕਿਆਂ ਵਿੱਚ ਲੋਕਾਂ ਨੂੰ ਚੋਣਾਂ 'ਚ ਆਪਣੇ ਜਮਹੂਰੀ ਅਧਿਕਾਰ ਦੀ ਵੱਧ ਤੋਂ ਵੱਧ ਵਰਤੋਂ ਲਈ ਵੱਖ-ਵੱਖ ਗਤੀਵਿਧੀਆਂ ਕਰਵਾ ਕੇ ਉਤਸ਼ਾਹਤ ਕੀਤਾ ਜਾ ਰਿਹਾ ਹੈ।ਇਨ੍ਹਾਂ ਗਤੀਵਿਧੀਆਂ ਦੀ ਸਮੀਖਿਆ ਲਈ ਮੀਟਿੰਗ ਕਰਦਿਆਂ ਸਹਾਇਕ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ-ਕਮ-ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸੰਗਰੂਰ ਪ੍ਰੀਤਇੰਦਰ ਘਈ ਨੇ ਸਵੀਪ ਸੈਲ ਇੰਚਾਰਜ ਕੁਲਵੀਰ ਸਿੰਘ ਸਮੇਤ ਸਮੂਹ ਹਲਕਾ ਸਵੀਪ ਨੋਡਲ ਅਫ਼ਸਰਾਂ ਤੇ ਉਨ੍ਹਾਂ ਦੀਆਂ ਸਹਾਇਕ ਟੀਮਾਂ ਨਾਲ ਮੀਟਿੰਗ ਕੀਤੀ।ਮੀਟਿੰਗ ਦੌਰਾਨ ਸਹਾਇਕ ਸਵੀਪ ਨੋਡਲ ਅਫਸਰ ਸੰਗਰੂਰ ਵੱਲੋਂ ਸਮੂਹ ਹਲਕਾ ਨੋਡਲ ਅਫਸਰ ਨੂੰ ਲੋਕ ਸਭਾ ਚੋਣਾਂ-2024 ਨੂੰ ਦੇਖਦੇ ਹੋਏ ਸਵੀਪ ਗਤੀਵਿਧੀਆਂ ਵਿੱਚ ਤੇਜ਼ੀ ਲਿਆਉਣ ਲਈ ਨਿਰਦੇਸ਼ ਦਿੱਤੇ ਗਏ ਤੇ ਹਰ ਵੋਟਰ ਤੱਕ ਪਹੁੰਚ ਕਰਨ ਦੀ ਅਪੀਲ ਕੀਤੀ ਗਈ ਤਾਂ ਜੁ ਹਰ ਵੋਟਰ ਚੋਣਾਂ ਵਿੱਚ ਹਿੱਸਾ ਲੈ ਸਕੇ ਤੇ ਦੇਸ਼ ਦੇ ਲੋਕਤੰਤਰ ਨੂੰ ਮਜ਼ਬੂਤ ਕਰ ਸਕੇ।ਉਨ੍ਹਾਂ ਕਿਹਾ ਕਿ ਇਸ ਵਾਰ ਪੂਰੇ ਪੰਜਾਬ ਵਿੱਚ ਚੋਣ ਪ੍ਰਤੀਸ਼ਤਤਾ ਨੂੰ ਵਧਾਉਣ ਦਾ ਟੀਚਾ ਮਿੱਥਿਆ ਗਿਆ ਹੈ, ਜਿਸ ਤਹਿਤ ਸੰਗਰੂਰ ਜ਼ਿਲ੍ਹੇ 'ਚ 80 ਫ਼ੀਸਦ ਵੋਟਿੰਗ ਕਰਵਾਉਣ ਦੀ ਟੀਚਾ ਰੱਖਿਆ ਗਿਆ ਹੈ।

ਉਨ੍ਹਾਂ ਸਵੀਪ ਤਹਿਤ ਕੰਮ ਕਰਨ ਵਾਲੇ ਸਮੂਹ ਸਟਾਫ ਨੂੰ ਇਸ ਟੀਚੇ ਦੀ ਪ੍ਰਾਪਤੀ ਲਈ ਸੰਜੀਦਗੀ ਨਾਲ ਉਪਰਾਲੇ ਕਰਨ ਦੀ ਹਦਾਇਤ ਕੀਤੀ।ਮੀਟਿੰਗ ਵਿੱਚ ਜ਼ਿਲ੍ਹਾ ਸੰਗਰੂਰ ਦੇ ਹਲਕਾ ਸੰਗਰੂਰ ਤੋਂ ਬਲਵੀਰ ਚੰਦ ਲੌਂਗੋਵਾਲ, ਸੁਨਾਮ ਤੋਂ ਅਤੀਨਵ ਜੈਦੇਕਾ, ਧੂਰੀ ਤੋਂ ਯਸ਼ਪਾਲ, ਲਹਿਰਾ ਤੋਂ ਅਰੁਣ ਕੁਮਾਰ ਤੇ ਦਿੜ੍ਹਬਾ ਤੋਂ ਗੁਰਿੰਦਰ ਸਿੰਘ ਅਤੇ ਹੋਰ ਸਵੀਪ ਟੀਮਾਂ ਦੇ ਮੈਂਬਰ ਹਾਜ਼ਰ ਸਨ।

# ਕਾਲੇ ਧਨ ਦੀ ਵਰਤੋਂ ਨੂੰ ਰੋਕਣ ਲਈ ਟੋਲ ਫ੍ਰੀ ਨੰਬਰ ਕੀਤਾ ਜਾਰੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਹਰਪ੍ਰੀਤ ਸਿੰਘ ਸੂਦਨ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਹੈ ਕਿ ਲੋਕ ਸਭਾ ਚੋਣਾਂ 2024 ਦੌਰਾਨ ਕਾਲੇ ਧਨ, ਹਵਾਲਾ ਨਕਦੀ ਆਦਿ ਦੀ ਦੁਰਵਰਤੋਂ ਰੋਕਣ ਲਈ ਚੋਣ ਕਮਿਸ਼ਨ ਵੱਲੋਂ ਇਨਕਮ ਟੈਕਸ ਵਿਭਾਗ ਨੂੰ ਨੋਡਲ ਵਿਭਾਗ ਵਜੋਂ ਜ਼ਿੰਮੇਵਾਰੀ ਦਿੱਤੀ ਗਈ ਹੈ ਤੇ ਇਸ ਲਈ ਚੋਣ ਕਮਿਸ਼ਨ ਵਲੋਂ ਖਰਚਾ ਨਿਗਰਾਨੀ ਵਿੱਚ ਇਨਕਮ ਟੈਕਸ ਵਿਭਾਗ ਦੀ ਭੂਮਿਕਾ ਰੱਖੀ ਗਈ ਹੈ। ਇਸ ਲਈ ਇਨਕਮ ਟੈਕਸ ਵਿਭਾਗ ਵੱਲੋਂ ਆਪਣੇ ਚੰਡੀਗੜ੍ਹ ਦਫ਼ਤਰ ਸਥਿਤ 24 ਘੰਟੇ ਸੱਤੋ ਦਿਨ ਚੱਲਣ ਵਾਲੇ ਕੰਟਰੋਲ ਰੂਮ ਦੀ ਸਥਾਪਨਾ ਕੀਤੀ ਗਈ ਹੈ।ਇਹ ਕੰਟਰੋਲ ਰੂਮ ਕਮਰਾ ਨੰਬਰ ਜੀ 02, ਗਰਾਊਂਡ ਫਲੋਰ, ਆਮਦਨ ਕਰ ਭਵਨ ਸੈਕਟਰ 17 ਈ ਚੰਡੀਗੜ੍ਹ ਵਿਖੇ ਸਥਾਪਤ ਕੀਤਾ ਗਿਆ ਹੈ।ਇਸ ਦਾ ਟੋਲ ਫ੍ਰੀ ਨੰਬਰ 18001802141 ਅਤੇ ਵਟਸਐਪ ਨੰਬਰ 7589166713 ਹੈ।ਇਸ ਕੰਟਰੋਲ ਰੂਮ 'ਤੇ ਲੋਕ ਸਭਾ ਚੋਣਾ-2024 ਨਾਲ ਸਬੰਧਿਤ ਪੰਜਾਬ ਸਟੇਟ ਦੇ ਸੂਝਵਾਨ ਨਾਗਰਿਕਾਂ ਦੀਆਂ ਕਾਲੇ ਧਨ, ਹਵਾਲਾ, ਨਕਦੀ ਪ੍ਰਵਾਹ ਨਾਲ ਸੰਬੰਧਤ ਸ਼ਿਕਾਇਤਾਂ ਨੂੰ ਸੁਣਿਆ ਜਾਵੇਗਾ।

# ਦੇਸ਼ ਭਗਤ ਯੂਨੀਵਰਸਿਟੀ ਨੇ ਸਾਲਾਨਾ ਅਥਲੈਟਿਕ ਮੀਟ ਦੀ ਕੀਤੀ ਮੇਜ਼ਬਾਨੀ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਦੇਸ਼ ਭਗਤ ਯੂਨੀਵਰਸਿਟੀ ਦੇ ਖੇਡ ਡਾਇਰੈਕਟੋਰੇਟ ਵੱਲੋਂ ਬੇਸਬਰੀ ਨਾਲ ਉਡੀਕੀ ਜਾ ਰਹੀ ਦੋ ਰੋਜ਼ਾ ਸਾਲਾਨਾ ਖੇਡ ਮੇਲਾ ਸ਼ਾਨੋ-ਸ਼ੌਕਤ ਤੇ ਉਤਸ਼ਾਹ ਨਾਲ ਸ਼ੁਰੂ ਹੋ ਗਿਆ।ਮਾਣਯੋਗ ਸ਼ਖਸੀਅਤਾਂ ਦੀ ਸ਼ੋਭਾ ਵਾਲੇ ਇਸ ਸਮਾਗਮ ਵਿੱਚ ਡਾ. ਜ਼ੋਰਾ ਸਿੰਘ, ਡੀ.ਬੀ.ਯੂ ਦੇ ਚਾਂਸਲਰ, ਡਾ. ਤਜਿੰਦਰ ਕੌਰ, ਪ੍ਰੋ-ਚਾਂਸਲਰ ਦੇ ਨਾਲ ਹਾਜ਼ਰੀ ਭਰੀ ਗਈ।ਇਸ ਮੌਕੇ ਨਾਮਵਰ ਪਹਿਲਵਾਨ ਰੁਬਲਜੀਤ ਸਿੰਘ ਨੂੰ ਗੈਸਟ ਆਫ਼ ਆਨਰ ਦਾ ਖਿਤਾਬ ਦਿੱਤਾ ਗਿਆ, ਜਦਕਿ ਕੁਲਵਿੰਦਰ ਕੌਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ ਅਤੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਵੀ ਹਾਜ਼ਰੀ ਲਵਾ ਕੇ ਇਸ ਸਮਾਗਮ ਦਾ ਮਾਣ ਵਧਾਇਆ।

ਸਮਾਗਮ ਦੀ ਸ਼ੁਰੂਆਤ ਇੱਕ ਸ਼ਾਨਦਾਰ ਝੰਡੇ ਦੀ ਮੇਜ਼ਬਾਨੀ ਦੀ ਰਸਮ ਨਾਲ ਹੋਈ, ਜਿਸ ਤੋਂ ਬਾਅਦ ਮੋਹਿਤ ਜੋਸ਼ੀ ਦੀ ਅਗਵਾਈ ਵਿੱਚ ਪ੍ਰਭਾਵਸ਼ਾਲੀ ਮਾਰਚ ਪਾਸਟ ਕੀਤਾ ਗਿਆ, ਜਿਸ ਨੇ ਸਟੀਕਤਾ ਅਤੇ ਅਨੁਸ਼ਾਸਨ ਨਾਲ ਕਮਾਂਡ ਕੀਤੀ।ਐਗਰੀਕਲਚਰ ਐਂਡ ਅਲਾਈਡ ਹੈਲਥ ਸਾਇੰਸਿਜ਼ ਟੀਮ ਨੇ ਮਿਸਾਲੀ ਤਾਲਮੇਲ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ, ਮਾਰਚ ਪਾਸਟ ਦੇ ਜੇਤੂਆਂ ਵਜੋਂ ਉੱਭਰ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਚਾਂਸਲਰ ਡਾ. ਜ਼ੋਰਾ ਸਿੰਘ ਨੇ ਆਪਣੇ ਸੰਬੋਧਨ 'ਚ ਖੇਡਾਂ ਦੀ ਮਹੱਤਤਾ ਨੂੰ ਨਾ ਸਿਰਫ਼ ਸਰੀਰਕ ਸ਼ਕਤੀ ਨੂੰ ਵਧਾਉਣ ਵਿਚ ਬਲਕਿ ਮਾਨਸਿਕ ਸ਼ਕਤੀ ਅਤੇ ਚਰਿੱਤਰ ਦੇ ਪਾਲਣ ਪੋਸ਼ਣ ਵਿਚ ਵੀ ਦੱਸਿਆ।ਉਨ੍ਹਾਂ ਨੇ ਖੇਡਾਂ ਤੋਂ ਮਿਲਣ ਵਾਲੇ ਅਨਮੋਲ ਸਬਕਾਂ 'ਤੇ ਜ਼ੋਰ ਦਿੱਤਾ, ਜਿਸ ਵਿੱਚ ਜਿੱਤਾਂ ਤੇ ਹਾਰਾਂ ਯਾਤਰਾ ਦੇ ਅਨਿੱਖੜਵੇਂ ਅੰਗ ਹਨ।

ਏਕਤਾ ਤੇ ਖੇਡ ਭਾਵਨਾ ਨੂੰ ਦਰਸਾਉਂਦੇ ਹੋਏ ਮਸ਼ਾਲ ਰਿਲੇਅ ਸਮਾਰੋਹ ਦਾ ਸੰਚਾਲਨ ਖੁਦ ਡਾ. ਜ਼ੋਰਾ ਸਿੰਘ ਦੁਆਰਾ ਕੀਤਾ ਗਿਆ, ਜਿਸ ਨੇ ਸਮਾਗਮ ਨੂੰ ਸ਼ਾਨ ਅਤੇ ਏਕਤਾ ਦੀ ਮਿਸਾਲ ਦਿੱਤੀ। ਡਾ. ਅਜੈ ਪਾਲ ਸਿੰਘ ਦੇ ਸੁਚੱਜੇ ਪ੍ਰਬੰਧ ਤੇ ਡਾ. ਪ੍ਰਵੀਨ ਕੁਮਾਰ, ਡਾਇਰੈਕਟਰ ਸਪੋਰਟਸ ਦੇ ਤਾਲਮੇਲ ਹੇਠ, ਸਟੇਜ 'ਤੇ ਰੋਮਾਂਚਕ ਮੁਕਾਬਲੇ ਹੋਏ, ਜਿਨ੍ਹਾਂ ਵਿੱਚ ਪੁਰਸ਼ ਤੇ ਔਰਤਾਂ ਦੇ 100 ਮੀਟਰ, ਲੰਬੀ ਛਾਲ, 400 ਮੀਟਰ ਫਾਈਨਲ, ਡਿਸਕਸ ਥਰੋਅ ਫਾਈਨਲ, ਜੈਵਲਿਨ ਥਰੋਅ ਤੇ 200 ਮੀਟਰ ਦੇ ਫਾਈਨਲ ਮੁਕਾਬਲੇ ਸ਼ਾਮਲ ਸਨ।

# ਸਾਬਕਾ ਡੀ ਐੱਸ ਪੀ ਸੇਖੋਂ ਦੇ ਹੱਕ 'ਚ ਨੁੱਕੜ ਮੀਟਿੰਗਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਲੋਕ ਹਲਕਾ ਸੰਗਰੂਰ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਜਾ ਰਹੇ ਸਾਬਕਾ ਡੀ.ਐੱਸ.ਪੀ. ਬਲਵਿੰਦਰ ਸਿੰਘ ਸੇਖੋਂ ਦੇ ਹੱਕ 'ਚ ਵਿਧਾਨ ਸਭਾ ਹਲਕਾ ਮਹਿਲ ਕਲਾਂ ਅੰਦਰ ਨੌਜਵਾਨ ਆਗੂ ਹਰਜੀਤ ਸਿੰਘ ਖ਼ਿਆਲੀ ਵੱਲੋਂ ਪਿੰਡ-ਪਿੰਡ ਵੋਟਰਾਂ ਨੂੰ ਲਾਮਬੰਦ ਕਰਨ ਲਈ ਨੁੱਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਪਿੰਡ ਨਿਹਾਲੂਵਾਲ ਵਿਖੇ ਨੁੱਕੜ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂ ਹਰਜੀਤ ਸਿੰਘ ਖ਼ਿਆਲੀ ਨੇ ਕਿਹਾ ਕਿ ਪੰਜਾਬ ਵਿੱਚ ਹਰ ਰੋਜ਼ ਵਾਪਰਦੀਆਂ ਘਟਨਾਵਾਂ ਤੋਂ ਇਹ ਸਪੱਸ਼ਟ ਹੋ ਚੁੱਕਾ ਹੈ, ਸੂਬਾ ਸਰਕਾਰ ਪੰਜਾਬ ਅੰਦਰ ਨਸ਼ਿਆਂ, ਕਤਲੋ ਗਾਰਦ, ਭ੍ਰਿਸ਼ਟਾਚਾਰ ਨੂੰ ਨੱਥ ਪਾਉਣ 'ਚ ਬੁਰੀ ਤਰ੍ਹਾਂ ਨਾਲ ਅਸਫਲ ਹੋਈ ਹੈ।ਆਗਾਮੀ ਲੋਕ ਸਭਾ ਚੋਣਾਂ 'ਚ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਵਿਰੁੱਧ ਉੱਘੇ ਸਮਾਜ ਸੇਵੀ ਤੇ ਨਸ਼ਿਆਂ ਵਿਰੁੱਧ ਸ਼ੁਰੂ ਆਵਾਜ਼ ਨੂੰ ਧੜੱਲੇ ਨਾਲ ਬੁਲੰਦ ਕਰਨ ਵਾਲੇ ਆਗੂ ਬਲਵਿੰਦਰ ਸਿੰਘ ਸੇਖੋਂ ਦੀ ਮਦਦ ਕਰਨ ਦੀ ਜ਼ਰੂਰਤ ਹੈ, ਕਿਉਂਕਿ ਸੇਖੋਂ ਨੇ ਹਮੇਸ਼ਾ ਨਿੱਜ ਤੋਂ ਉੱਪਰ ਉੱਠ ਕੇ ਪੰਜਾਬ ਦੇ ਹਰ ਮੁੱਦੇ ਨੂੰ ਸੰਜੀਦਗੀ ਨਾਲ ਚੁੱਕਿਆ ਹੈ।ਇਸ ਲਈ ਸਮੂਹ ਲੋਕ ਰਾਜਨੀਤਕ ਪਾਰਟੀਆਂ ਆਸਾਂ ਛੱਡ ਕੇ ਡੀ.ਐੱਸ.ਪੀ. ਬਲਵਿੰਦਰ ਸਿੰਘ ਸੇਖੋਂ ਦੇ ਹੱਥ ਮਜ਼ਬੂਤ ਕਰਨ।ਇਸ ਸਮੇਂ ਬਲਵੀਰ ਸਿੰਘ ਨਿਹਾਲੂਵਾਲ, ਸਿਕੰਦਰ ਸਿੰਘ, ਕਾਕਾ ਸਿੰਘ, ਯਾਦਵਿੰਦਰ ਸਿੰਘ, ਮਨਜੀਤ ਸਿੰਘ, ਸੁਖਦੇਵ ਸਿੰਘ, ਗੁਰਦੀਪ ਸਿੰਘ ਤੇ ਲਵਪ੍ਰੀਤ ਸਿੰਘ ਨੇ ਵੀ ਵਿਚਾਰ ਰੱਖੇ।

# ਸਲੋਗਨ ਲਿਖਣ, ਪੋਸਟਰ ਮੇਕਿੰਗ, ਪੇਂਟਿੰਗ, ਲੇਖ ਲਿਖਣ ਮੁਕਾਬਲੇ ਦਾ ਸ.ਫਲਤਾ ਪੂਰਵਕ ਆਜੋਯਨ



**ਮਾਨਸਾ (ਆਤਮਾ ਸਿੰਘ ਪਮਾਰ)**

ਜ਼ਿਲ੍ਹਾ ਸਿੱਖਿਆ ਅਫ਼ਸਰ ਸੈ: ਸਿ ਮਾਨਸਾ ਭੁਪਿੰਦਰ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈ ਸਿ ਅਸ਼ੋਕ ਕੁਮਾਰ ਸਹਾਇਕ ਡਾਇਰੈਕਟਰ ਐਸ ਸੀ ਈ ਆਰ ਟੀ ਬੂਟਾ ਸਿੰਘ ਸੇਖੋਂ ਦੀ ਅਗਵਾਈ ਵਿੱਚ ਸਕੂਲ ਆਫ਼ ਐਮਨੈਂਸ ਵਿਖੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਦੇ ਸਲੋਗਨ ਲਿੱਖਣ ਮੁਕਾਬਲੇ, ਪੇਂਟਿੰਗ ਮੁਕਾਬਲੇ, ਲੇਖ ਲਿਖਣ ਮੁਕਾਬਲੇ, ਪੋਸਟਰ ਮੇਕਿੰਗ ਕਰਾਏ ਗਏ।ਇਸ ਤੋਂ ਇਲਾਵਾ ਵਾਤਾਵਰਣ ਈਕੋ ਫਰੈਂਡਲੀ ਉਤਪਾਦਾਂ ਦੀ ਪ੍ਰਦਰਸ਼ਨੀ ਵੀ ਲਾਈ ਹੈ, ਜਿਸਦਾ ਮਕਸਦ ਵਾਤਾਵਰਣ ਨੂੰ ਪਲਾਸਟਿਕ ਆਦਿ ਦਾ ਅਲਟਰਨੇਟ ਲੱਭਣ ਲਈ ਜਾਗਰੂਕ ਕਰਨਾ ਹੈ।ਜ਼ਿਲ੍ਹਾ ਸਿੱਖਿਆ ਅਫ਼ਸਰ ਸੈ ਸਿੱ ਭੁਪਿੰਦਰ ਕੌਰ ਨੇ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਦੀ ਬਹੁਤ ਜ਼ਰੂਰਤ ਹੈ, ਜੋ ਵਾਤਾਵਰਣ ਨੂੰ ਬਚਾਉਣ ਲਈ ਪ੍ਰੇਰਤ ਕਰਦੇ ਹਨ।ਸਕੂਲ ਦੇ ਪ੍ਰਿੰਸੀਪਲ ਡਾ ਵਿਜੈ ਮਿੱਢਾ ਵੱਲੋਂ ਪ੍ਰੋਗਰਾਮ ਵਿੱਚ ਪੂਰਨ ਸਹਿਯੋਗ ਦਿੱਤਾ ਗਿਆ।ਜ਼ਿਲ੍ਹਾ ਕੋਆਰਡੀਨੇਟਰ ਅਮਰੀਕ ਸਿੰਘ ਮਾਨਸਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤ ਨੂੰ ਬਚਾ ਕੇ ਰੱਖਣਾ ਹੈ ਤਾਂ ਸਾਨੂੰ ਵਾਤਾਵਰਣ ਵਿਗਾੜਨ ਵਾਲੀਆਂ ਚੀਜਾਂ ਨੂੰ ਛੱਡ ਕੇ ਵਾਤਾਵਰਣ ਨੂੰ ਬਚਾਉਣ ਲਈ ਹੰਭਲਾ ਮਾਰਨਾ ਚਾਹੀਦਾ ਹੈ।ਡਾ. ਜਸਵੀਰ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਵਾਤਾਵਰਣ ਨੂੰ ਬਚਾਉਣ ਸਬੰਧੀ ਜਾਗਰੂਕ ਕੀਤਾ।ਡਾ. ਜਸਵੀਰ ਸਿੰਘ ਲੈਕ ਬਾਇਓਲਾਜੀ ਦੀਪਕ ਗੁਪਤਾ ਲੈਕ ਕੈਮਿਸਟਰੀ ਤੇ ਨਿਤਿਕਾ ਲੈਕ ਫ਼ਿਜ਼ਿਕਸ ਨੇ ਜੱਜਮੈਂਟ ਦੀ ਭੂਮਿਕਾ ਨਿਭਾਈ।ਰਿਸੋਰਸ ਟੀਮ ਵਿੱਚ ਮੁਕੇਸ਼ ਕੁਮਾਰ, ਵਿਜੈ ਕੁਮਾਰ, ਮੋਹਿਤ ਕੁਮਾਰ, ਉਮੇਸ਼ ਕੁਮਾਰ, ਸੋਨੀ ਸਿੰਗਲਾ ਸਪਨਾ ਬਾਂਸਲ, ਸੈਫ਼ੀ ਗੁਪਤਾ ਨੇ ਆਪਣੀ ਡਿਊਟੀ ਵਧੀਆ ਤਰੀਕੇ ਨਾਲ ਨਿਭਾਈ।ਵੱਖ-ਵੱਖ ਥੀਮਜ਼ ਵਿੱਚ ਬੁਰਜ ਹਰੀ, ਸੱਦਾ ਸਿੰਘ ਵਾਲਾ, ਰਿਓਂਦ ਕਲਾਂ, ਰੰਘੜਿਆਲ, ਦੋਦੜਾ, ਗਰਲਜ ਭੀਖੀ, ਬੁਰਜ ਝੱਬਰ, ਫਤਿਹਪੁਰ, ਅਤਲਾ ਕਲਾਂ, ਸੋਈ ਮਾਨਸਾ, ਬੁਢਲਾਡਾ ਮੁੰਡੇ, ਕੁਲਰੀਆਂ, ਰੱਲਾ, ਫਫੜੇ, ਮੁੰਡੇ ਫਫੜੇ, ਬੱਛੋਆਣਾ, ਨੰਗਲ ਕਲਾਂ, ਬਰੇ ਸਕੂਲ ਜੇਤੂ ਰਹੇ।ਵੱਖ ਵੱਖ ਸਕੂਲਾਂ ਵਿੱਚੋਂ ਜੇਤੂ ਟੀਮਾਂ ਨੂੰ ਪੌਦੇ ਇਨਾਮ ਵਜੋਂ ਦਿੱਤੇ ਗਏ ਨਾਲ ਹੀ ਸਰਟੀਫਿਕੇਟ, ਟ੍ਰਾਫੀ ਵੀ ਦਿੱਤੇ ਗਏ।ਗਾਈਡ ਅਧਿਆਪਕ ਨੂੰ ਵੀ ਸਰਟੀਫਿਕੇਟ ਦਿੱਤੇ ਗਏ ਤੇ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਲੰਚ ਅਤੇ ਚਾਹ ਦਾ ਪ੍ਰਬੰਧ ਕੀਤਾ ਗਿਆ।

# ਅਮ੍ਰਿਤਪ੍ਰੀਤ ਜ਼ਿਲ੍ਹਾ ਪੱਧਰੀ 'ਰਾਸ਼ਟਰੀਯ ਆਵਿਸ਼ਕਾਰ ਅਭਿਆਨ' ਮੁਕਾਬਲੇ 'ਚ ਅੱਵਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਕੂਲ ਆਫ਼ ਐਮੀਨੈਂਸ ਕੈਲਾ ਦੇ ਹੋਣਹਾਰ ਵਿਦਿਆਰਥੀਆਂ ਨੇ ਇਕ ਵਾਰ ਫੇਰ ਆਪਣੀ ਕਾਬਲੀਅਤ ਦੀ ਛਾਪ ਛੱਡਦਿਆਂ ਜ਼ਿਲ੍ਹਾ ਪੱਧਰੀ 'ਰਾਸ਼ਟਰੀਯ ਅਵਿਸ਼ਕਾਰ ਅਭਿਆਨ' ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਦੇ ਦਸਵੀਂ ਦੇ ਵਿਦਿਆਰਥੀ ਅਮ੍ਰਿਤਪ੍ਰੀਤ ਸਿੰਘ ਨੇ 'ਨੇਤਰਹੀਣਾਂ ਲਈ ਤੀਜੀ ਅੱਖ' ਨਾਮਕ ਮਾਡਲ ਤਿਆਰ ਕਰ ਕੇ ਨਾ ਸਿਰਫ਼ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਹਾਸਲ ਕੀਤਾ, ਬਲਕਿ ਗੁਰੂ ਨਾਨਕ ਦੇਵ ਇੰਜਨੀਰਿੰਗ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਏ ਸੂਬਾ ਪੱਧਰੀ ਮੁਕਾਬਲੇ ਵਿੱਚ ਨਿਰਣਾਇਕਾਂ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਵੀ ਆਪਣੇ ਮਾਡਲ ਦੀ ਪੇਸ਼ਕਾਰੀ ਨਾਲ ਪ੍ਰਭਾਵਿਤ ਕੀਤਾ। ਸਕੂਲ ਆਫ਼ ਐਮੀਨੈਂਸ ਕੈਲਾ ਵਿਖੇ ਇਨ੍ਹਾਂ ਜੇਤੂ ਵਿਦਿਆਰਥੀਆਂ ਤੇ ਉਨ੍ਹਾਂ ਦੇ ਗਾਈਡ ਅਧਿਆਪਕ ਲਖਵਿੰਦਰ ਸਿੰਘ ਨੂੰ ਉਤਸ਼ਾਹਤ ਕਰਦਿਆਂ ਪ੍ਰਿੰਸੀਪਲ ਵਿਨੋਦ ਸ਼ਰਮਾ ਨੇ ਆਖਿਆ ਕਿ ਇਹ ਵਿਦਿਆਰਥੀ ਭਵਿੱਖ ਵਿਚ ਉਚੇਰੀਆਂ ਮੰਜ਼ਲਾਂ ਸਰ ਕਰਕੇ ਸਕੂਲ ਆਫ਼ ਐਮੀਨੈਂਸ ਕੈਲਾ ਦਾ ਨਾਮ ਰੌਸ਼ਨ ਕਰਨਗੇ। ਇਸ ਮੌਕੇ ਲੈਕਚਰਾਰ ਤੇਜਿੰਦਰ ਸਿੰਘ ਜਸ਼ਨ ਸਟੇਟ ਐਵਾਰਡੀ ਨੇ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੰਦਿਆਂ ਆਖਿਆ ਕਿ ਅਲਟਰਾਸਾਨਿਕ ਸੈਂਸਰ ਵਾਲਾ ਇਹ ਚੇਤਾਵਨੀ ਯੰਤਰ 'ਥਰਡ ਆਈ ਫਾਰ ਬਲਾਈਂਡ ਮੈਨ' ਦਿਵਿਆਂਗਾਂ ਲਈ ਸਹਾਈ ਸਿੱਧ ਹੋਵੇਗਾ। ਅਮ੍ਰਿਤਪ੍ਰੀਤ ਸਿੰਘ ਤੇ ਉਸ ਦੇ ਸਾਥੀ ਜਸਮੀਤ ਸਿੰਘ ਨੂੰ ਯਾਦਗਾਰੀ ਚਿੰਨ੍ਹ ਤੇ ਸਰਕਾਰ ਤੋਂ ਪ੍ਰਾਪਤ ਨਕਦ ਇਨਾਮ ਦੇਣ ਦੀਆਂ ਰਸਮਾਂ ਮੌਕੇ ਪ੍ਰਿੰਸੀਪਲ ਵਿਨੋਦ ਸ਼ਰਮਾ ਤੋਂ ਇਲਾਵਾ ਸਕੂਲ ਅਧਿਆਪਕ ਵਿਨੇ ਕੁਮਾਰ ਤੇ ਕਮਲਜੀਤ ਸਿੰਘ ਹਾਜ਼ਰ ਸਨ।

# ਹਰਗੋਬਿੰਦ ਕੌਰ ਨੇ ਕਿਰਨਪਾਲ ਕੌਰ ਮਹਾਂਬੱਧਰ ਨੂੰ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬਣਾਇਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**



ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਵੱਲੋਂ ਸ਼ਾਮ ਨੂੰ ਪਿੰਡ ਮਹਾਂਬੱਧਰ ਵਿਖੇ ਮੀਟਿੰਗ ਕੀਤੀ ਗਈ, ਜਿਸ ਦੌਰਾਨ ਇਸ ਖੇਤਰ ਦੇ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ 'ਚ ਔਰਤਾਂ ਨੇ ਸ਼ਮੂਲੀਅਤ ਕੀਤੀ।ਇਸਤਰੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਉਨ੍ਹਾਂ ਕਿਰਨਪਾਲ ਕੌਰ ਮਹਾਂਬੱਧਰ ਨੂੰ ਇਸਤਰੀ ਅਕਾਲੀ ਦਲ ਹਲਕਾ ਮਲੋਟ ਦੀ ਪ੍ਰਧਾਨ ਨਿਯੁਕਤ ਕੀਤਾ ਤੇ ਸਿਰੋਪਾ ਦੇ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ।

ਹਰਗੋਬਿੰਦ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਔਰਤਾਂ ਨਾਲ ਹਜ਼ਾਰ-ਹਜ਼ਾਰ ਰੁਪਏ ਦੇਣ ਦੇ ਝੂਠੇ ਵਾਅਦੇ ਕੀਤੇ ਸਨ ਤੇ ਔਰਤਾਂ ਨੂੰ ਗੁੰਮਰਾਹ ਕੀਤਾ ਸੀ।ਦੋ ਸਾਲ ਬੀਤ ਜਾਣ ਦੇ ਬਾਵਜੂਦ ਔਰਤਾਂ ਨੂੰ ਹਜ਼ਾਰ ਹਜ਼ਾਰ ਰੁਪਏ ਨਹੀਂ ਦਿੱਤੇ ਗਏ।ਇਸ ਤੋਂ ਇਲਾਵਾ ਗਰੀਬਾਂ ਦੇ ਆਟਾ-ਦਾਲ ਸਕੀਮ ਵਾਲੇ ਰਾਸ਼ਨ ਕਾਰਡ ਕੱਟੇ ਗਏ।ਗ਼ਰੀਬਾਂ ਨੂੰ ਹਜ਼ਾਰਾਂ ਰੁਪਏ ਬਿਜਲੀ ਦੇ ਬਿੱਲ ਭੇਜੇ ਜਾ ਰਹੇ ਹਨ।ਗ਼ਰੀਬਾਂ ਦੀਆਂ ਬੁਢਾਪਾ ਪੈਨਸ਼ਨਾਂ ਕੱਟੀਆਂ ਗਈਆਂ, ਸ਼ਗਨ ਸਕੀਮ ਦੇ ਪੈਸੇ ਨਹੀਂ ਦਿੱਤੇ ਗਏ, ਜਿਸ ਕਰਕੇ ਇਸ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੁਹਾਡੀ ਆਪਣੀ ਖੇਤਰੀ ਪਾਰਟੀ ਹੈ, ਜਿਸ ਨੇ ਹਰ ਵਰਗ ਦੇ ਲੋਕਾਂ ਲਈ ਭਲਾਈ ਸਕੀਮਾਂ ਚਲਾਈਆਂ ਸਨ।

ਅਕਾਲੀ ਦਲ ਦੀ ਸਰਕਾਰ ਮੁੜ ਬਨਣ 'ਤੇ ਵੀ ਬੰਦ ਕੀਤੀਆਂ ਗਈਆਂ ਸਾਰੀਆਂ ਸਕੀਮਾਂ ਚਲਾਈਆਂ ਜਾਣਗੀਆਂ । ਹਰਗੋਬਿੰਦ ਕੌਰ ਨੇ ਔਰਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਨ ਤੇ ਪਾਰਟੀ ਨੂੰ ਮਜ਼ਬੂਤ ਕਰਨ ।

# ਰਾਮ ਪ੍ਰਕਾਸ਼ ਟੋਨੀ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ



ਬੰਗਾ (ਅਵਤਾਰ ਕਲੇਰ)

ਭਾਰਤੀ ਰੇਲ ਡਾਕ ਸੇਵਾ ਵਿਭਾਗ ਦੀ ਆਲ ਇੰਡੀਆ ਯੂਨੀਅਨ ਭਾਰਤੀ ਰੇਲ ਡਾਕ ਸੇਵਾ ਦੀ ਆਰ.ਐਫ.ਐਮ ਐਫ.ਪੀ.ਈ ਅਤੇ ਮੇਲ ਗਾਰਡ.ਐਮ.ਟੀ.ਐਸ, ਐਮ.ਐਮ ਮੁਲਾਜਮ ਯੂਨੀਅਨ ਦੀ ਲੁਧਿਆਣਾ ਸਰਕਲ ਪੰਜਾਬ ਦੀ ਕਾਨਫਰੰਸ ਲੁਧਿਆਣਾ ਵਿਖੇ ਕਾਮਰੇਡ ਪ੍ਰੀਤਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਕਾਮਰੇਡ ਕੇ.ਕੇ ਸ਼ਰਮਾ, ਲਖਵਿੰਦਰ ਸਿੰਘ ਡਾਇਰੈਕਟਰ ਅੰਬਾਲਾ ਬੈਂਕ ,ਕਾਮਰੇਡ ਮੁਖਤਿਆਰ ਅਹਿਮਦ ਦਿੱਲੀ, ਕਾਮਰੇਡ ਪੀ. ਸੁਰੇਸ਼ ਦਿੱਲੀ, ਹਰਦੀਪ ਚੰਦਰ ਸਰਕਲ ਸੈਕਟਰੀ, ਕਾਮਰੇਡ ਏ.ਪੀ,ਕਾਮਰੇਡ ਮਦਨ ਮੋਹਨ,ਪਰਮਿੰਦਰ ਸਿੰਘ ਡਵੀਜਨ ਸੈਕਟਰੀ, ਅਸੀਸ ਗੁਪਤਾ,ਆਦਿ ਨੇ ਸਰਕਾਰ ਦੀਆਂ ਮੁਲਾਜਮ ਮਾਰੂ ਨੀਤੀਆਂ ਬਾਰੇ ਜਾਣੂ ਕਰਵਾਇਆ ਅਤੇ ਇਸ ਦਾ ਡੱਟ ਕੇ ਵਿਰੋਧੀ ਕਰਨ ਲਈ ਮੁਲਾਜਮਾਂ ਨੂੰ ਤਿਆਰ ਰਹਿਣ ਲਈ ਕਿਹਾ। ਦੂਸਰੇ ਗੇੜ ਦੇ ਸੈਸਨ ਵਿੱਚ ਆਲ ਇੰਡੀਆ ਮੁਲਾਜਮ ਯੂਨੀਅਨ ਦੇ ਆਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਸਮੇਂ ਰਾਮ ਪ੍ਰਕਾਸ਼ ਨੂੰ ਸਰਕਲ ਪੰਜਾਬ ਦਾ ਪ੍ਰਧਾਨ, ਰੌਹਲ ਕੁਮਾਰ ਨੂੰ ਉਪ ਪ੍ਰਧਾਨ, ਅਕਸ਼ੇ ਕੁਮਾਰ ਨੂੰ ਉਪ ਪ੍ਰਧਾਨ, ਵਿਪਨ ਕੁਮਾਰ ਨੂੰ ਖਜਾਨਚੀ, ਹਰਦੀਪ ਚੰਦਰ ਸਰਕਲ ਸੈਕਟਰੀ, ਅਸਿਸਟੈਂਟ ਸਰਕਲ ਸੈਕਟਰੀ ਜੋਤੀ ਸ਼ਰਮਾ,ਅਸਿਸਟੈਂਟ ਸਰਕਲ ਸੈਕਟਰੀ ਹਰਦੀਪ ਅੱਗਰੀ ਆਦਿ ਨੂੰ ਸਰਬ ਸੰਮਤੀ ਨਾਲ ਚੁਣਿਆ ਗਿਆ। ਆਲ ਇੰਡੀਆ ਮੁਲਾਜਮ ਯੂਨੀਅਨ ਵਲੋਂ ਸਰਕਲ ਪੰਜਾਬ ਅਤੇ ਦਿੱਲੀ ਤੋਂ ਆਏ ਹੋਏ ਆਹੁਦੇਦਾਰਾਂ ਨੂੰ ਸਨਮਾਨ ਚਿੰਨ੍ਹ ਅਤੇ ਸਿਰ ਉੱਤੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਦੀਪ ਕੁਮਾਰ, ਮਹਿੰਦਰ ਪਾਲ, ਰਕੇਸ ਕੁਮਾਰ, ਬਲਜਿੰਦਰ ਸਿੰਘ, ਸਤਕਰਨ ਕੌਰ,ਰੌਹਲ ਕੁਮਾਰ,ਅਮਨਪ੍ਰੀਤ ਕੌਰ, ਗੁਰਜੀਤ ਗਿੱਲ,ਮਨਜੀਤ ਸਿੰਘ,ਸਿਮਰਨਜੀਤ ਸਿੰਘ, ਲਖਵਿੰਦਰ ਸਿੰਘ,ਪ੍ਰੀਤਮ ਚੰਦ,ਜਗਜੀਤ ਸਿੰਘ,ਖੁਸ਼ਬੂ ਸ਼ਰਮਾ,ਹਰਜਿੰਦਰ ਸਿੰਘ ਤਲਜਿੰਦਰ ਸਿੰਘ ਬ੍ਰਾਂਚ ਸੈਕਟਰੀ ਅਤੇ ਹੋਰ ਆਹੁਦੇਦਾਰਾਂ ਨੇ ਮੁਲਾਜਮਾਂ ਅਤੇ ਮਹਿਮਾਨਾਂ ਵਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ।

# ਸਤਾਬਗੜ੍ਹ ਦੇ ਅਕਾਸ਼ਦੀਪ ਸਿੰਘ ਦੀ ਇੰਗਲੈਂਡ 'ਚ ਮੌਤ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਪਿੰਡ ਸਤਾਬਗੜ੍ਹ ਦੇ ਰਹਿਣ ਵਾਲੇ 20 ਸਾਲਾ ਅਕਾਸ਼ਦੀਪ ਸਿੰਘ ਪੁੱਤਰ ਦਿਲਬਾਗ ਸਿੰਘ ਦੀ ਇੰਗਲੈਂਡ ਵਿਚ ਕੁੱਝ ਦਿਨ ਬਿਮਾਰ ਹੋਣ ਕਾਰਨ ਮੌਤ ਹੋ ਗਈ।ਅਕਾਸ਼ਦੀਪ ਸਿੰਘ ਦੇ ਪਿਤਾ ਦਿਲਬਾਗ ਸਿੰਘ ਤੇ ਦਾਦਾ ਬਹਾਦਰ ਸਿੰਘ ਨੇ ਕਿਹਾ ਕਿ ਅਕਾਸ਼ਦੀਪ ਸਿੰਘ ਨੂੰ ਕੁੱਝ ਦਿਨ ਪਹਿਲਾਂ ਖੰਘ ਅਤੇ ਜ਼ੁਕਾਮ ਹੋ ਗਿਆ ਸੀ ਅਤੇ ਉਸ ਨੂੰ ਥੋੜਾ ਬੁਖਾਰ ਵੀ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ।ਉਨ੍ਹਾਂ ਦੱਸਿਆ ਕਿ ਅਕਾਸ਼ਦੀਪ ਆਪਣੀ ਮਾਤਾ ਰਣਜੀਤ ਕੌਰ ਨਾਲ ਕਰੀਬ ਡੇਢ ਮਹੀਨਾ ਪਹਿਲਾਂ ਹੀ ਟੂਰਿਸਟ ਵੀਜ਼ੇ 'ਤੇ ਗਿਆ ਸੀ। ਉਸ ਦੀ ਮਾਤਾ ਕੁਝ ਦਿਨ ਪਹਿਲਾਂ ਹੀ ਇੰਗਲੈਂਡ ਤੋਂ ਵਾਪਸ ਆਈ ਸੀ। ਪਰਿਵਾਰਕ ਮੈਂਬਰਾਂ ਨੇ ਭਾਰਤ ਸਰਕਾਰ ਅਤੇ ਰਾਜ ਸਭਾ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਕੋਲੋਂ ਨੌਜਵਾਨ ਦੀ ਇੰਗਲੈਂਡ ਵਿਚੋਂ ਡੈੱਡ ਬਾਡੀ ਲਿਆਉਣ ਦੀ ਮੰਗ ਕੀਤੀ ਹੈ ਤਾਂ ਕਿ ਉਹ ਆਪਣੇ ਪੁੱਤਰ ਦੀਆਂ ਅੰਤਿਮ ਰਸਮਾਂ ਕਰ ਸਕਣ।

## ਗੁਰਦੁਆਰਾ ਜੋਤਗੜ੍ਹ ਸਾਹਿਬ ਵਿਖੇ ਧਾਰਮਿਕ ਸਮਾਗਮ ਭਲਕੇ ਤੋਂ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੱਬੀ)- ਸ਼੍ਰੋਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਚੇਅਰਮੈਨ ਅਤੇ ਗੁਰਦੁਆਰਾ ਗੁਰਸਾਗਰ ਸਾਹਿਬ ਦੇ ਸੰਸਥਾਪਕ ਸੰਤ ਬਾਬਾ ਪ੍ਰਿਤਪਾਲ ਸਿੰਘ ਸੁਖਨਾ ਝੀਲ ਚੰਡੀਗੜ੍ਹ ਵਾਲਿਆਂ ਵੱਲੋਂ ਗੁਰਦੁਆਰਾ ਸ੍ਰੀ ਜੋਤਗੜ੍ਹ ਸਾਹਿਬ ਪਿੰਡ ਸਲੇਮਪੁਰ ( ਨਹਿਰ ਕਿਨਾਰੇ ) ਹੋਲਾ ਮਹੱਲਾ ਤੇ ਤਿੰਨ ਦਿਨਾਂ 24 ਤੋਂ 26 ਮਾਰਚ ਤੱਕ ਕੀਰਤਨ ਦੀਵਾਨ ਕਰਵਾਏ ਜਾ ਰਹੇ ਹਨ । ਬਾਬਾ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਤਿੰਨ ਦਿਨਾ ਹੋਲਾ ਮਹੱਲਾ ਦੇ ਸਮਾਗਮਾਂ ਦੀ ਸਮੁੱਚੀ ਦੇਖ ਰੇਖ ਗੁਰਦੁਆਰਾ ਗੁਰਸਾਗਰ ਸਾਹਿਬ ਦੇ ਪ੍ਰਮੁੱਖ ਸੇਵਾਦਾਰ ਅਤੇ ਸ਼੍ਰੋਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਸਹਿ ਚੇਅਰਮੈਨ ਭਾਈ ਤੇਜੇਸ਼ਵਰ ਪ੍ਰਤਾਪ ਸਿੰਘ ਕਰ ਰਹੇ ਹਨ,ਜਿਸ ਵਿੱਚ ਕਰਤਾਰ ਆਸਰਾ ਟਰੱਸਟ ਦੇ ਚੇਅਰਪਰਸਨ ਮਾਤਾ ਚਰਨ ਕਮਲ ਕੌਰ ਅਤੇ ਅਕਾਲੀ ਦਲ ਦੇ ਬੁਲਾਰੇ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਪੂਰਨ ਤੌਰ 'ਤੇ ਸਹਿਯੋਗ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿੱਚ ਵੱਡੀ ਗਿਣਤੀ ਵਿੱਚ ਬਾਹਰੋਂ ਆਏ ਮਹਾਂਪੁਰਖ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ।

# ਜਸਵਿੰਦਰ ਮਜਾਰੀ ਦਾ ਕਨੇਡਾ 'ਚ ਦਿਹਾਂਤ



ਬੰਗਾ (ਅਵਤਾਰ ਕਲੇਰ) ਪੰਜਾਬੀ ਸਾਹਿਤ ਸਭਾ ਖਟਕੜ ਕਲਾਂ (ਬੰਗਾ) ਦੇ ਸਰਗਰਮ ਪ੍ਰਵਾਸੀ ਮੈਂਬਰ ਜਸਵਿੰਦਰ ਮਜਾਰੀ ਦਾ ਸੇਂਟ ਜਾਹਨ (ਕਨੇਡਾ ) ਵਿਖੇ ਦਿਲ ਦੀ ਧੜਕਣ ਬੰਦ ਹੋਣ ਨਾਲ ਦਿਹਾਂਤ ਹੋ ਗਿਆ ਹੈ। ਉਹਨਾਂ ਦਾ ਸੰਸਕਾਰ ਆਉਣ ਵਾਲੇ ਦਿਨਾਂ ਵਿਚ ਟਰਾਂਟੋ ਵਿਖੇ ਕੀਤਾ ਜਾਵੇਗਾ। ਜਸਵਿੰਦਰ ਮਜਾਰੀ ਆਪਣੇ ਪਿਛੇ ਪਤਨੀ ਹਰਪਾਲ ਕੌਰ ਅਤੇ ਦੋ ਧੀਆਂ ਅੰਮ੍ਰਿਤ ਕੌਰ ਅਤੇ ਹਰਪ੍ਰੀਤ ਕੌਰ ਛੱਡ ਕੇ ਗਏ ਹਨ । ਜਸਵਿੰਦਰ ਮਜਾਰੀ ਦੇ ਛੋਟੇ ਭਰਾ ਅਮਰਜੀਤ ਸਿੰਘ (ਕਨੈਡਾ), ਵੱਡੀ ਭੈਣ ਪਰਮਜੀਤ ਕੌਰ ਅਤੇ ਪਲਵਿੰਦਰ ਸਿੰਘ (ਫਰਾਂਸ ) ਕੁਝ ਦਿਨਾਂ ਲਈ ਪਿੰਡ ਮਜਾਰੀ ਠਹਿਰੇ ਹੋਏ ਹਨ। ਉਹਨਾਂ ਦੇ ਦਿਹਾਂਤ 'ਤੇ ਪੰਜਾਬੀ ਸਾਹਿਤ ਸਭਾ ਖਟਕੜ ਕਲਾਂ (ਬੰਗਾ) ਅਤੇ ਪੰਜਾਬੀ ਸਾਹਿਤ ਸਭਾ ਔੜ ਵੱਲੋਂ ਹਰਬੰਸ ਹੀਉਂ, ਦੀਪ ਕਲੇਰ, ਪਰਮਜੀਤ ਖਟੜਾ, ਮੋਹਣ ਬੀਕਾ, ਗੁਰਦੀਪ ਸਿੰਘ ਸੈਣੀ, ਕੁਲਵਿੰਦਰ ਕੁੱਲਾ, ਤਲਵਿੰਦਰ ਸ਼ੇਰਗਿੱਲ, ਸ਼ਿੰਗਾਰਾ ਲੰਗੇਰੀ, ਕ੍ਰਿਸਨ ਹੀਉਂ, ਉਕਾਂਰ ਸਿੰਘ ਸਾਹਲੋਂ, ਸੁਰਜੀਤ ਮਜਾਰੀ, ਸਤਪਾਲ ਸਾਹਲੋਂ, ਸੰਧੂ ਵਰਿਆਣਵੀਂ , ਨਿਰਮਲ ਸਿੰਘ , ਅਮਰੀਕ ਸਿੰਘ, ਵਰਿੰਦਰਜੀਤ ਸਿੰਘ ਕਟਾਰੀਆ, ਬਲਜੀਤ ਕੌਰ, ਕਮਲਜੀਤ ਕੌਰ ਹੀਉਂ, ਰਵਿੰਦਰ ਕੌਰ ਅਮ੍ਰਿਤਸਰ, ਰੇਸਮ ਸਿੰਘ ਜੌਹਰ ਮਨਜੀਤ ਕੌਰ, ਤਰਲੋਚਨ ਸਿੰਘ ਆਦਿ ਨੇ ਦੁੱਖ ਪ੍ਰਗਟ ਕੀਤਾ।

# ਬਲੱਡ ਬੈਂਕ 'ਚ ਖ਼ੂਨਦਾਨ ਕੈਂਪ ਅੱਜ

ਫਗਵਾੜਾ (ਡਾ. ਰਮਨ, ਢੱਡਾ)- ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਬਲਿਦਾਨ ਦਿਵਸ ਮੌਕੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵੱਲੋਂ ਬਲੱਡ ਡੋਨਰਜ਼ ਕੌਂਸਲ (ਰਜਿ.) ਫਗਵਾੜਾ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ 23 ਮਾਰਚ ਦਿਨ ਸ਼ਨੀਵਾਰ ਨੂੰ ਲਗਾਇਆ ਜਾ ਰਿਹਾ ਹੈ। ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਖ਼ੂਨਦਾਨੀਆਂ ਨੂੰ ਉਤਸ਼ਾਹਿਤ ਕਰਨ ਲਈ ਡਰਾਅ ਕੱਢ ਕੇ ਇਨਾਮ ਦਿੱਤੇ ਜਾਣਗੇ। ਰਿਫਰੈਸ਼ਮੈਂਟ ਦਾ ਵੀ ਵਿਸ਼ੇਸ਼ ਪ੍ਰਬੰਧ ਹੋਵੇਗਾ। ਇਹ ਕੈਂਪ ਸਵੇਰੇ 9 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਤੱਕ ਜਾਰੀ ਰਹੇਗਾ।

## ਸੀ ਐਚ ਸੀ ਵਿਖੇ ਵਿਸ਼ਵ ਓਰਲ ਹੈਲਥ ਦਿਵਸ ਮਨਾਇਆ

ਮਾਹਿਲਪੁਰ (ਸਫ਼ਰੀ)- ਸੀ ਐਚ ਸੀ ਮਾਹਿਲਪੁਰ ਵਿਖੇ ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਬਲਵਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਡੀ ਡੀ ਐਚ ਓ ਡਾਕਟਰ ਸ਼ੈਲਾ ਕੰਵਰ ਦੇ ਹੁਕਮਾਂ ਅਨੁਸਾਰ ਸਿਨੀਅਰ ਮੈਡੀਕਲ ਅਫ਼ਸਰ ਜਸਵੰਤ ਸਿੰਘ ਥਿੰਦ ਦੀ ਅਗਵਾਈ



ਹੇਠ ਵਿਸ਼ਵ ਓਰਲ ਹੈਲਥ ਦਿਵਸ ਮਨਾਇਆ ਗਿਆ । ਇਸ ਮੌਕੇ ਤੇ ਦੰਦਾਂ ਦੇ ਮਾਹਰ ਡਾਕਟਰ ਜਸਵੀਰ ਕੌਰ ਮੈਡੀਕਲ ਅਫ਼ਸਰ ਮਾਹਿਲਪੁਰ ਨੇ ਦੱਸਿਆ ਕਿ ਸਵਸਥ ਮੂੰਹ ਹੀ ਸਿਹਤ ਦਾ ਆਧਾਰ ਹੈ । ਚੰਗੀ ਸਿਹਤ ਲਈ ਦੰਦਾਂ ਦੀ ਸਫਾਈ ਰੱਖਣਾ ਬਹੁਤ ਜਰੂਰੀ ਹੈ।ਇਸ ਮੌਕੇ ਡਾਕਟਰ ਅਜੀਤ ਪਾਲ , ਰੇਡੀਓ ਗਰਾਫਰ ਅਵਤਾਰ ਸਿੰਘ ਅਤੇ ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

## ਆਪ ਪਾਰਟੀ ਦੇ ਨਵ-ਨਿਯੁਕਤ ਪ੍ਰਧਾਨ ਵਿੱਕੀ ਇਬਰਾਹਿਮਪੁਰ ਸਨਮਾਨਤ

ਟਾਂਡਾ ਉੜਮੁੜ, ( ਜਸਵਿੰਦਰ ਸੰਧੂ)-ਆਮ ਆਦਮੀ ਪਾਰਟੀ ਦੇ ਯੂਥ ਪ੍ਰਧਾਨ ਟਾਂਡਾ ਸਰਬਜੀਤ ਸਿੰਘ ਵਿੱਕੀ ਨੂੰ ਨੌਜਵਾਨ ਸਭਾ ਮਿਆਣੀ ਵੱਲੋਂ ਸਨਮਾਨਿਤ ਕੀਤਾ ਗਿਆ। ਆਪ ਪਾਰਟੀ ਦੇ ਸੀਨੀਅਰ ਆਗੂ ਪ੍ਰੋਫੈਸਰ ਜੋਗਿੰਦਰ ਸਿੰਘ ਮਿਆਣੀ ਦੀ ਅਗਵਾਈ ਵਿੱਚ ਹੋਏ



ਇਸ ਸਨਮਾਨ ਸਮਾਰੋਹ ਦੌਰਾਨ ਯੂਥ ਵਰਕਰਾਂ ਨੇ ਨਵ ਨਿਯੁਕਤ ਪ੍ਰਧਾਨ ਵਿੱਕੀ ਇਬਰਾਹਿਮਪੁਰ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਉਨਾਂ ਦੇ ਪ੍ਰਧਾਨ ਬਣਨ ਯੂਥ ਵਰਕਰਾਂ ਨੂੰ ਹੋਰ ਜਿਆਦਾ ਉਤਸ਼ਾਹ ਮਿਲਿਆ ਹੈ ।ਇਸ ਮੌਕੇ ਪ੍ਰਧਾਨ ਯੂਥ ਵਿੰਗ ਸਰਬਜੀਤ ਸਿੰਘ ਵਿੱਕੀ ਨੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਂਦੇ ਹੋਏ ਪਾਰਟੀ ਦੀ ਬਿਹਤਰੀ ਲਈ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨਗੇ। ਇਸ ਮੌਕੇ ਗੁਰਭੇਜ ਸਿੰਘ ਮਿਆਣੀ, ਬੱਬਲ ਮਿਆਣੀ, ਸੰਦੀਪ ਸਿੰਘ, ਸਤਨਾਮ ਸਿੰਘ, ਜੋਗਿੰਦਰ ਸਿੰਘ ਅਤੇ ਹੋਰ ਆਦਿ ਵੀ ਮੌਜੂਦ ਸਨ।

# ਨੌਜਵਾਨਾਂ ਨੂੰ ਘੇਰ ਕੇ ਲੁੱਟਣ ਵਾਲੀਆਂ 14 ਲੜਕੀਆਂ ਖਿਲਾ.ਫ ਕੇਸ ਦਰਜ

ਫਗਵਾੜਾ (ਇੰਦਰਜੀਤ ਸਿੰਘ ਮਠਾੜੂ)—ਜਲੰਧਰ ਸੜਕ 'ਤੇ ਯੂਨੀਵਰਸਿਟੀ ਦੇ ਨਾਲ ਲੱਗਦੇ ਲਾਅ ਗੇਟ 'ਤੇ ਨੌਜਵਾਨਾਂ ਨੂੰ ਘੇਰ ਕੇ ਲੁੱਟਣ, ਮਾੜੀਆਂ ਹਰਕਤਾ ਕਰਨ ਦੇ ਦੋਸ਼ 'ਚ ਸਤਨਾਮਪੁਰਾ ਪੁਲਸ ਨੇ 14 ਲੜਕੀਆਂ ਖਿਲਾਫ਼ ਧਾਰਾ 341, 506, 384 ਆਈ.ਪੀ.ਸੀ ਤਹਿਤ ਕੇਸ ਦਰਜ ਕੀਤਾ ਹੈ।ਚਹੇੜੂ ਚੌਂਕੀ ਇੰਚਾਰਜ ਦਰਸ਼ਨ ਸਿੰਘ ਭੱਟੀ ਨੇ ਕਿਹਾ ਕਿ ਪੁਲਸ ਵਲੋਂ ਦੋ ਗਰੁੱਪਾਂ ਖਿਲਾਫ਼ ਕੇਸ ਦਰਜ ਕੀਤੇ ਗਏ ਹਨ। ਜਿਨ੍ਹਾਂ 'ਚੋਂ ਇੱਕ 'ਚ 8 ਲੜਕੀਆਂ ਵਿਦੇਸ਼ੀ ਹਨ ਜੋ ਮੂੰਹ ਬੰਨ੍ਹ ਕੇ ਹਨੇਰੇ 'ਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਰਾਹਗੀਰਾਂ ਨੂੰ ਰੋਕ ਕੇ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੀਆਂ ਸਨ ਇਨ੍ਹਾਂ ਖਿਲਾਫ਼ ਕੇਸ ਗੁਰਵਿੰਦਰ ਸਿੰਘ ਪੁੱਤਰ ਰਾਮ ਮਾਸਰਾ ਵਾਸੀ ਬੁੱਢਾ ਥੇਹ ਬਿਆਸ ਦੇ ਬਿਆਨਾ 'ਤੇ ਕੇਸ ਦਰਜ ਕੀਤਾ ਹੈ।ਉਨ੍ਹਾਂ ਦੱਸਿਆ ਕਿ ਦੂਸਰਾ ਕੇਸ ਰਵਿੰਦਰ ਕੁਮਾਰ ਪੁੱਤਰ ਆਸਰਾ ਵਾਸੀ ਨਾਨਕ ਨਗਰੀ ਦੇ ਬਿਆਨਾ 'ਤੇ ਕੀਤਾ ਹੈ ਜਿਸ 'ਚ ਛੇ ਭਾਰਤੀ ਲੜਕੀਆਂ ਸ਼ਾਮਿਲ ਸਨ। ਜਿਸ 'ਚ ਜਲੰਧਰ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਦੀਆਂ ਰਹਿਣ ਵਾਲੀਆਂ ਹਨ, ਇਨ੍ਹਾਂ ਪਾਸੋਂ 2700 ਰੁਪਏ ਦੀ ਰਾਸ਼ੀ ਬ੍ਰਾਮਦ ਹੋਈ ਹੈ।

## ਕਾਰ ਚੋਰੀ ਦੇ ਮਾਮਲੇ 'ਚ ਕੇਸ ਦਰਜ

ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)-ਖੋਥੜਾ ਰੋਡ 'ਤੇ ਪੈਂਦੇ ਅਮਰ ਨਗਰ ਵਿਖੇ ਇੱਕ ਪੱਤਰਕਾਰ ਦੀ ਕਾਰ ਚੋਰੀ ਹੋਣ ਦੇ ਮਾਮਲੇ 'ਚ ਸਿਟੀ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ਼ ਧਾਰਾ 379 ਆਈ.ਪੀ.ਸੀ ਤਹਿਤ ਕੇਸ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਹਰੀਪਾਲ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਅਮਰ ਨਗਰ ਖੋਥੜਾ ਰੋਡ ਨੇ ਪੁਲਸ ਨੂੰ ਦਿੱਤੀ ਸੂਚਨਾ 'ਚ ਦੱਸਿਆ ਕਿ ਉਸਦੀ ਮਾਰੂਤੀ ਜੈਨ ਕਾਰ ਜੋ ਘਰ ਦੇ ਬਾਹਰ ਖੜ੍ਹੀ ਸੀ ਉਸਨੂੰ ਕੋਈ ਵਿਅਕਤੀ ਚੋਰੀ ਕਰਕੇ ਲੈ ਗਿਆ ਤੇ ਇਹ ਸਾਰੀ ਘਟਨਾ ਸੀ.ਸੀ.ਟੀ.ਵੀ ਕੈਮਰੇ 'ਚ ਕੈਦ ਹੋਈ ਹੈ। ਜਿਸ ਸਬੰਧ 'ਚ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ਼ ਕੇਸ ਦਰਜ ਕੀਤਾ ਹੈ।

# ਡਾ. ਹਿਮਾਂਸ਼ੂ ਅਗਰਵਾਲ ਨੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ



ਜਲੰਧਰ (ਰਾਜੇਸ਼ ਥਾਪਾ, ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਡਾ. ਹਿਮਾਂਸ਼ੂ ਅਗਰਵਾਲ (ਆਈ.ਏ.ਐਸ.) ਨੇ ਸ਼ੁੱਕਰਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜਲੰਧਰ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ। ਅਗਰਵਾਲ, ਜੋ ਕਿ 2014 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ, ਜਲੰਧਰ ਵਿੱਚ ਚਾਰਜ ਸੰਭਾਲਣ ਤੋਂ ਪਹਿਲਾਂ ਫੱਜ਼ਲਕਾ ਅਤੇ ਗੁਰਦਾਸਪੁਰ ਵਿਖੇ ਡਿਪਟੀ ਕਮਿਸਨਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਇਸ ਉਪਰੰਤ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਭੂਗੋਲਿਕ ਅਤੇ ਜਨਸੰਖਿਆ ਦੇ ਮਾਪਦੰਡਾਂ ਬਾਰੇ ਜਾਣਕਾਰੀ ਹਾਸਲ ਕਰਨ ਤੋਂ ਇਲਾਵਾ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਜਲੰਧਰ ਲੋਕ ਸਭਾ ਹਲਕੇ ਲਈ ਆਜਾਦ ਅਤੇ ਨਿਰਪੱਖ ਲੋਕ ਸਭਾ ਚੋਣਾਂ ਨੂੰ ਮੁੱਖ ਤਰਜੀਹ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੋਣਾਂ ਨੂੰ ਨਿਰਵਿਘਨ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ। ਇਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸਾਸਨ ਵੱਲੋਂ ਚੋਣ ਜਾਬਤੇ ਨੂੰ ਸਖਤੀ ਨਾਲ ਲਾਗੂ ਕਰਨ ਦੇ ਨਾਲ-ਨਾਲ ਮੈਨਪਾਵਰ ਮੈਨੇਜਮੈਂਟ, ਸੁਰੱਖਿਆ ਦੇ ਪੁਖਤਾ ਪ੍ਰਬੰਧਾਂ, ਸਵੀਪ ਜਾਗਰੂਕਤਾ ਗਤੀਵਿਧੀਆਂ ਨੂੰ ਵੀ ਪ੍ਰਮੁੱਖ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਇਸ ਮੌਕੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਵੀ ਦਿਵਾਇਆ। ਇਸ ਤੋਂ ਪਹਿਲਾਂ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਡਿਪਟੀ ਕਮਿਸਨਰ ਨੂੰ ਗਾਰਡ ਆਫ ਆਨਰ ਦਿੱਤਾ ਗਿਆ। ਡਿਪਟੀ ਕਮਿਸ਼ਨਰ (ਜ) ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਲਖਵਿੰਦਰ ਸਿੰਘ ਅਤੇ ਸਮੂਹ ਵਿਭਾਗਾਂ ਦੇ ਮੁਖੀਆਂ ਵੱਲੋਂ ਡਿਪਟੀ ਕਮਿਸ਼ਨਰ ਦਾ ਸਵਾਗਤ ਕੀਤਾ ਗਿਆ।

# ਬਬਲੂ ਰਿਹਾਨ ਸੋਸ਼ਲ ਮੀਡੀਆ ਪ੍ਰਧਾਨ ਬਣੇ

ਸ਼ਾਹਕੋਟ(ਗਿਆਨ ਸੈਦਪੁਰੀ)- ਵੀਰਵਾਰ ਨੂੰ ਹਲਕਾ ਵਿਧਾਇਕ ਅਤੇ ਜ਼ਿਲ੍ਹਾ ਜਲੰਧਰ (ਦਿਹਾਤੀ) ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਗ੍ਰਹਿ(ਕਾਂਗਣਾ) ਵਿਖੇ ਕਾਂਗਰਸ ਸ਼ੋਸ਼ਲ ਮੀਡੀਆ ਹਲਕਾ ਸ਼ਾਹਕੋਟ ਦੇ ਸਰਗਰਮ ਵਰਕਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ। ਇਸ ਮੌਕੇ ਪੁਨੀਤ ਰਿਹਾਨ(ਬੱਬਲੂ) ਨੂੰ ਹਲਕਾ ਸ਼ਾਹਕੋਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਉਨ੍ਹਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਹਲਕਾ ਵਿਧਾਇਕ ਅਤੇ ਜ਼ਿਲ੍ਹਾ ਜਲੰਧਰ (ਦਿਹਾਤੀ) ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਪੰਜਾਬ ਕਾਂਗਰਸ ਸ਼ੋਸ਼ਲ ਮੀਡੀਆ ਵਿਭਾਗ ਦੇ ਚੇਅਰਮੈਨ ਗੁਰਤੇਜ ਸਿੰਘ ਪੰਨੂ ਅਤੇ ਕਾਂਗਰਸ ਸ਼ੋਸ਼ਲ ਮੀਡੀਆ ਜਲੰਧਰ (ਦਿਹਾਤੀ) ਦੇ ਪ੍ਰਧਾਨ ਗੁਰਿੰਦਰ ਸਿੰਘ ਬਹੁਗੁਣ ਦਾ ਧੰਨਵਾਦ ਕੀਤਾ। ਬੱਬਲੂ ਰਿਹਾਨ ਨੂੰ ਹਲਕਾ ਸ਼ਾਹਕੋਟ ਦੇ ਸ਼ੋਸ਼ਲ ਮੀਡੀਆ ਪ੍ਰਧਾਨ ਬਣਨ 'ਤੇ ਸਤੀਸ਼ ਰਿਹਾਨ ਸਾਬਕਾ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਸੁਖਦੀਪ ਸਿੰਘ ਕੰਗ ਪੀ.ਏ, ਅਮਨਦੀਪ ਸੈਦਪੁਰੀ ਜ਼ਿਲ੍ਹਾ ਮੀਡੀਆ ਇਨਚਾਰਜ, ਬਾਜ਼ੀਗਰ ਸੈੱਲ ਦੇ ਆਗੂ ਸੁੱਖਾ ਢੇਸੀ, ਪਵਨ ਜੁਨੇਜਾ ਆਦਿ ਨੇ ਵਧਾਈਆਂ ਦਿੱਤੀਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸ਼ਵਿੰਦਰ ਪਾਲ ਸਿੰਘ ਖੈਹਿਰਾ ਚੇਅਰਮੈਨ ਸ਼ੂਗਰ ਮਿੱਲ ਮਹਿਤਪੁਰ, ਗੁਰਿੰਦਰ ਸਿੰਘ ਬਹੁਗੁਣ ਜ਼ਿਲ੍ਹਾ ਪ੍ਰਧਾਨ ਸ਼ੋਸ਼ਲ ਮੀਡੀਆ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋ: ਸੁਸਾਇਟੀ ਢੰਡੋਵਾਲ, ਪਵਨ ਅੱਗਰਵਾਲ ਸਾਬਕਾ ਐਮ. ਸੀ, ਬੰਟੀ ਬੱਠਲਾ ਪ੍ਰਧਾਨ ਅਰੋੜਾ ਮਹਾਂ ਸਭਾ ਸ਼ਾਹਕੋਟ, ਲਛਮਣ ਸੋਬਤੀ, ਜਗਤਾਰ ਸਿੰਘ ਤਾਰੀ ਸਾਬਕਾ ਸਰਪੰਚ ਬਾਜਵਾ ਕਲਾਂ, ਕਰਮਜੀਤ ਸਿੰਘ ਕੰਮਾ ਬਾਜਵਾ ਕਲਾਂ ਆਦਿ ਮੌਜੂਦ ਸਨ।

## ਸੱਚ ਦੀ ਆਵਾਜ਼ ਦਬਾਈ ਨਹੀਂ ਜਾ ਸਕਦੀ : ਦੁਸਾਂਝ

ਫਿਲੌਰ (ਨਿਰਮਲ)-ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਆਗੂ ਪਲਵਿੰਦਰ ਸਿੰਘ ਦੁਸਾਂਝ ਨੇ ਭਾਰਤੀ ਜਨਤਾ ਪਾਰਟੀ 'ਤੇ ਤਿੱਖੇ ਵਾਰ ਕਰਦਿਆਂ ਕਿਹਾ ਕਿ ਸੱਚ ਦੀ ਆਵਾਜ ਦਬਾਈ ਨਹੀਂ ਜਾ ਸਕਦੀ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰਨਾ ਭਾਰਤੀ ਜਨਤਾ ਪਾਰਟੀ ਦੀ ਇੱਕ ਕੋਝੀ ਚਾਲ ਹੈ। ਦੇਸ਼ ਵਾਸੀਆਂ ਨੇ ਮਨ ਬਣਾ ਲਿਆ ਕਿ ਉਹ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਭਾਰੀ ਬਹੁਮਤ ਨਾਲ ਹੀ ਜਿਤਾਉਣਗੇ। ਕੇਜਰੀਵਾਲ ਦੀ ਗ੍ਰਿਫਤਾਰੀ ਵਿਰੁੱਧ ਰੋਸ ਜਾਹਰ ਕਰਨ ਲਈ ਗੁਰਦੁਆਰਾ ਅੰਬ ਸਾਹਿਬ ਐਸ ਏ ਐਸ ਨਗਰ ਮੋਹਾਲੀ ਵਿਖੇ ਭਾਰੀ ਇਕੱਠ ਕੀਤਾ ਜਾਵੇਗਾ।

## ਸੀ ਡੀ ਪੀ ਓ ਰਵਿੰਦਰ ਕੌਰ ਨੇ ਸੰਭਾਲਿਆ ਅਹੁਦਾ

ਫਗਵਾੜਾ (ਜਸਵਿੰਦਰ ਢੱਡਾ) ਸੀ ਡੀ ਪੀ ਓ ਰਵਿੰਦਰ ਕੌਰ ਨੇ ਫਗਵਾੜਾ ਵਿਖੇ ਆਪਣਾ ਅਹੁਦਾ ਸੰਭਾਲ ਲਿਆ । ਇਥੋਂ ਦੇ ਸੀ ਡੀ ਪੀ ਓ ਦੀ ਮਿਤੀ 30/11/2023 ਨੂੰ ਰੀਟਾਇਰਮੈਂਟ ਹੋ ਗਈ ਸੀ। ਇੱਥੇ ਕਾਫੀ ਸਮੇਂ ਤੋਂ ਸੀਟ ਖਾਲੀ ਪਈ ਸੀ ਤੇ ਦਫਤਰ ਦੇ ਕਾਫੀ ਕੰਮ ਪ੍ਰਭਾਵਿਤ ਪਏ ਸੀ। ਉਹਨਾਂ ਨੇ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਜੇ ਕਿਸੇ ਨੂੰ ਦਫਤਰ ਨਾਲ ਕੋਈ ਮੁਸ਼ਕਿਲ ਹੋਵੇ ਉਸ ਨੂੰ ਮੇਰੇ ਧਿਆਨ ਵਿੱਚ ਲਿਆਇਆ ਜਾਵੇ ਉਸ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

## ਅੱਜ ਬਿਜਲੀ ਬੰਦ ਰਹੇਗੀ

ਅੱਡਾ ਸਰਾਂ ( ਜਸਵੀਰ ਕਾਜਲ)-ਸਹਾਇਕ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਉਪ ਮੰਡਲ ਕੰਧਾਲਾ ਜੱਟਾਂ ਦੇ ਸਹਾਇਕ ਇੰਜੀਨੀਅਰ ਵਿਜੇ ਕੁਮਾਰ 115 ਨੇ ਦੱਸਿਆ ਕਿ 23 ਮਾਰਚ ਦਿਨ ਸ਼ਨਿਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ 132 ਕੇਬੀ ਸ/ਸ ਟਾਂਡਾ ਫੀਡਰ ਦੀ ਜਰੂਰੀ ਮੇਨਟੀਨਸ ਕਰਨ ਲਈ ਬਿਜਲੀ ਬੰਦ ਰਹੇਗੀ। ਇਸ ਨਾਲ ਮੰਡੀਆਂ , ਫੈਕਟਰੀਆਂ ਅਤੇ ਬਸੀ ਯੂਪੀਐਸ ਫੀਡਰ ਤੋਂ ਚਲਦੇ ਪਿੰਡਾਂ ਦੀ ਬਿਜਲੀ ਵੀ ਪ੍ਰਭਾਵਿਤ ਰਹੇਗੀ।

## ਚੋਰੀਸ਼ੁਦਾ ਮੋਟਰਸਾਈਕਲ ਸਮੇਤ ਗ੍ਰਿਫਤਾਰ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਟਾਂਡਾ ਪੁਲਸ ਨੇ ਇੱਕ ਮੁਲਜਮ ਨੂੰ ਚੋਰੀ ਸ਼ੁਦਾ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤਾ ਹੈ । ਥਾਣਾ ਟਾਂਡਾ ਦੇ ਮੁਖੀ ਸਬ ਇੰਸਪੈਕਟਰ ਰਮਨ ਕੁਮਾਰ ਨੇ ਦੱਸਿਆ ਐਸ.ਪੀ ਇਨਵੈਸਟੀਕੇਸ਼ਨ ਸਰਬਜੀਤ ਸਿੰਘ



ਬਾਹੀਆ ਤੇ ਡੀ.ਐਸ. ਪੀ ਸਬ ਡਿਵੀਜ਼ਨ ਟਾਂਡਾ ਹਰਜੀਤ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਏ.ਐਸ.ਆਈ ਗੁਰਮੀਤ ਸਿੰਘ ਦੀ ਪੁਲਸ ਟੀਮ ਵੱਲੋਂ ਦਾਰਾਪੁਰ ਬਾਈਪਾਸ ਨਜਦੀਕ ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਦੀ ਪਹਿਚਾਣ ਗੁਰਪ੍ਰੀਤ ਸਿੰਘ ਉਰਫ ਗੋਪਾ ਪੁੱਤਰ ਸੁਖਦੇਵ ਸਿੰਘ ਵਾਸੀ ਮੂਨਕ ਕਲਾਂ ਵਜੋਂ ਹੋਈ ਹੈ। ਟਾਂਡਾ ਪੁਲਸ ਵੱਲੋਂ ਮੁਲਜਮ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਭਗਤ ਸਿੰਘ ਦੀ ਵਿਚਾਰਧਾਰਾ ਸਾਮਰਾਜਵਾਦ ਤੇ ਪੂੰਜੀਵਾਦ ਦਾ ਕਰੇਗੀ ਅੰਤ : ਰਾਣਾ

ਨਵਾਂਸ਼ਹਿਰ
(ਕੁਲਵਿੰਦਰ ਸਿੰਘ ਦੁਰਗਾਪੁਰੀਆ)

ਸਾਂਝਾ ਕਿਸਾਨ ਮਜ਼ਦੂਰ ਮੋਰਚਾ ਹਲਕਾ ਬਲਾਚੌਰ ਦੀ ਮੀਟਿੰਗ ਸਾਥੀ ਹਰਪਾਲ ਸਿੰਘ ਮੱਕੋਵਾਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਨੂੰ ਸੰਬੋਧਨ ਕਰਦੇ ਹੋਏ ਸਾਥੀ ਕਰਨ ਸਿੰਘ ਰਾਣਾ ਨੇ ਕਿਹਾ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ ਦੀ ਸੋਚ ਨੂੰ ਅਪਣਾਉਣਾ ਅਤੀ ਜਰੂਰੀ ਹੋ ਗਿਆ ਕਿਉਂਕਿ ਇਹੀ ਸੋਚ ਹੈ ਜੋ ਸਾਮਰਾਜਵਾਦ ਅਤੇ ਪੂੰਜੀਵਾਦ ਦਾ ਅੰਤ ਕਰੇਗੀ। ਉਹਨਾਂ ਕਿਹਾ ਕਿ ਸਾਨੂੰ ਸ਼ਹੀਦੇ ਆਜਮ ਭਗਤ ਸਿੰਘ ਬਾਰੇ ਵਿਸਥਾਰਥ ਜਾਣਕਾਰੀ ਕਿਤਾਬਾਂ ਵਿੱਚੋਂ ਲੈਣੀ ਚਾਹੀਦੀ ਹੈ ਅਤੇ ਉਹਨਾਂ ਦੇ ਵਿਚਾਰਾਂ 'ਤੇ ਅਮਲ ਕਰਨਾ ਚਾਹੀਦਾ ਹੈ ਤਾਂ ਕਿ ਦੇਸ਼ ਅਤੇ ਸੂਬੇ ਵਿੱਚੋਂ ਫਾਸ਼ੀਵਾਦੀ ਸ਼ਕਤੀਆਂ ਅਤੇ ਪੂੰਜੀਵਾਦੀ ਸ਼ਕਤੀਆਂ ਅਤੇ ਕਾਰਪਰੇਟਾਂ ਨੂੰ ਹਰਾਇਆ ਜਾ ਸਕੇ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਨਾ ਤਾਂ ਆਮਦਨ ਦੁਗਣੀ ਕੀਤੀ ਨਾ ਹੀ ਉਹਨਾਂ ਨੂੰ ਐਮਐਸਪੀ ਤੇ ਕਾਨੂੰਨੀ ਗਰੰਟੀ ਦਿੱਤੀ ਅਤੇ ਆਪਣਾ ਵਾਇਦਾ ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ ਮੁਕਤੀ ਦਾ ਵੀ ਨਹੀਂ ਨਿਭਾਇਆ ਨਹੀਂ ਪੂਰਾ ਕੀਤਾ। ਇਸ ਕਰਕੇ ਸਾਨੂੰ ਡੱਟ ਕੇ ਭਾਰਤੀ ਜਨਤਾ ਪਾਰਟੀ ਦਾ ਵਿਰੋਧ ਕਰਨਾ ਪਏਗਾ ਕਿਉਂਕਿ ਬੀਜੇਪੀ ਦੀ ਵਿਚਾਰਧਾਰਾ ਮਜ਼ਦੂਰ ਤੇ ਕਿਸਾਨਾਂ ਦਾ ਸ਼ੋਸ਼ਣ ਬੰਦ ਨਹੀਂ ਕਰ ਰਹੀ ਅਤੇ ਉਹਨਾਂ ਨੂੰ ਹੋਰ ਮੁਸੀਬਤਾਂ ਦੇ ਵਿੱਚ ਪਾ ਰਹੀ ਹੈ ਇਸ ਲਈ ਇਹਨਾਂ ਦੇ ਖਿਲਾਫ ਜੰਗ ਜਿਹੜੀ ਹੈ ਉਹ ਹੋਰ ਤੇਜ਼ ਕਰਨੀ ਪਵੇ। ਉਹਨਾਂ ਦੱਸਿਆ ਕਿ ਪਿੰਡ ਟੌਂਸਾ ਵਿੱਚ ਦੇਸ਼ ਦੇ ਕੌਮੀ ਸ਼ਹੀਦਾਂ ਦੀ ਯਾਦ ਵਿੱਚ ਵਿਦਿਆਰਥੀਆਂ ਦਾ ਮੇਲਾ ਲਾਇਆ ਜਾਏਗਾ, ਜਿਸ ਵਿੱਚ ਵਿਦਿਆਰਥੀਆਂ ਦੇ ਪੜ੍ਹਾਈ ਅਤੇ ਹੋਰ ਕਈ ਕਿਸਮ ਦੇ ਮੁਕਾਬਲੇ ਕਰਵਾਏ ਜਾਣਗੇ ਅਤੇ ਵਿਦਿਆਰਥੀਆਂ ਦਾ ਮਾਨ ਸਨਮਾਨ ਵੀ ਕੀਤਾ ਜਾਵੇਗਾ। ਇਸ ਸਮੇਂ ਮੋਹਣ ਸਿੰਘ ਪ੍ਰਧਾਨ, ਕਰਨੈਲ ਸਿੰਘ ਭੱਲਾ, ਦੇਵਰਾਜ ਟੌਂਸਾ, ਮਲਕੀਤ ਚੰਦ ਗਹੂੰਣ, ਗੁਰਦਿਆਲ ਸਿੰਘ ਪੰਨੂ, ਪ੍ਰੇਮ ਪ੍ਰਧਾਨ ਮੁਤੋਂ , ਪਰਸ਼ੋਤਮ ਮਹਿੰਦੀਪੁਰ, ਮੋਹਨ ਲਾਲ ਕੈਂਥ, ਸੰਤੋਖ ਸਿੰਘ ਪਨਿਆਲੀ, ਜੁਗਿੰਦਰ ਪਾਲ ਰੱਤੇਵਾਲ, ਮੋਹਣ ਸਿੰਘ ਬਾਬਾ ਰੱਕੜ ਬੇਟ, ਹਰਦੀਪ ਸਿੰਘ ਕਾਲਮ ਗਹੂੰਣ, ਜਸਪਾਲ ਸਿੰਘ ਲਾਲੀ, ਦੇਵ ਰਾਜ ਫੌਜੀ, ਪ੍ਰਤਾਪ ਸਿੰਘ ਰਾਣਾ, ਅਵਤਾਰ ਰਾਮ ਟੌਂਸਾ, ਕਾਮਰੇਡ ਤੇਜਪਾਲ ਆਦਿ ਹਾਜ਼ਰ ਸਨ।

# ਸੀ ਐਚ ਸੀ ਹਾਰਟਾ-ਬਡਲਾ ਵਿਖੇ ਵਿਸ਼ਵ ਓਰਲ ਹੈਲਥ ਦਿਵਸ ਮਨਾਇਆ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ.ਬਲਵਿੰਦਰ ਕੁਮਾਰ, ਡਾ.ਸੈਲਾ ਕੰਨਵਰ ਡਿਸਟ੍ਰਿਕਟ ਡੈਂਟਲ ਹੈਲਥ ਅਫਸਰ ਹੁਸ਼ਿਆਰਪੁਰ ਅਤੇ ਡਾ.ਮਨਪ੍ਰੀਤ ਸਿੰਘ ਬੈਂਸ ਐਸ.ਐਮ.ਓ. ਹਾਰਟਾ-ਬਡਲਾ ਦੀ ਅਗਵਾਈ ਹੇਠ ਸੀ.ਐਚ.ਸੀ.ਹਾਰਟਾ-ਬਡਲਾ ਵਿਖੇ ਵਿਸ਼ਵ ਓਰਲ ਹੈਲਥ ਦਿਵਸ ਮਨਾਇਆ ਗਿਆ। ਜਿਸ ਵਿੱਚ ਡਾ.ਸੰਦੀਪ ਡਮਾਣਾ, ਮੈਡੀਕਲ ਅਫਸਰ (ਡੈਂਟਲ) ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰਗੜ੍ਹ ਵਿਖੇ ਬੱਚਿਆਂ ਨੂੰ ਦੰਦਾਂ ਦੀ ਸਾਂਭ-ਸੰਭਾਲ ਲਈ ਅਤੇ ਤੰਬਾਕੂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਵਾਇਆ ਗਿਆ।ਇਸ ਮੌਕੇ ਡਾ.ਬਲਜੀਤ ਕੌਰ, ਆਰ.ਬੀ.ਐਸ.ਕੇ., ਕਾਂਤਾ ਸਟਾਫ ਨਰਸ, ਪ੍ਰਿੰਸੀਪਲ ਰਾਜਨ ਅਰੋੜਾ ਅਤੇ ਸਕੂਲ ਦੇ ਸਮੂਹ ਸਟਾਫ ਮੈਂਬਰ ਆਦਿ ਹਾਜ਼ਰ ਸਨ ।

# ਬਰਗਾੜੀ ਬੇਅਦਬੀ ਮਾਮਲੇ 'ਚ ਡੇਰਾ ਸਿਰਸਾ ਮੁਖੀ ਤੇ ਹਨੀਪ੍ਰੀਤ ਨੂੰ ਕੀਤਾ ਜਾਵੇ ਗ੍ਰਿਫ਼ਤਾਰ : ਖਾਲਸਾ

ਨਵਾਂਸ਼ਹਿਰ
(ਕੁਲਵਿੰਦਰ ਸਿੰਘ ਦੁਰਗਾਪੁਰੀਆ)



ਸਾਲ 2015 ਦੇ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਮਾਮਲੇ ਵਿਚ ਬੀਤੇ ਸਮੇਂ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਪ੍ਰਦੀਪ ਕਲੇਰ ਵੱਲੋਂ ਚੰਡੀਗੜ੍ਹ ਦੀ ਅਦਾਲਤ 'ਚ ਕੀਤੇ ਖੁਲਾਸਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਦੇ ਸਰਪ੍ਰਸਤ ਨਵਾਂਸ਼ਹਿਰ ਬਾਬਾ ਜਸਵੀਰ ਸਿੰਘ ਖਾਲਸਾ ਪੰਜਾਬ ਸਰਕਾਰ ਨੂੰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਅਦਾਲਤ ਰਾਹੀਂ ਗ੍ਰਿਫ਼ਤਾਰੀ ਦੀ ਕਾਰਵਾਈ ਕਰਨ ਦੇ ਨਾਲ-ਨਾਲ ਉਸ ਦੀ ਪੈਰੋਕਾਰ ਹਨੀਪ੍ਰੀਤ ਨੂੰ ਵੀ ਨਾਮਜ਼ਦ ਕਰਕੇ ਤੁਰੰਤ ਗ੍ਰਿਫ਼ਤਾਰ ਕਰਨ ਲਈ ਆਖਿਆ ਹੈ।ਬਰਗਾੜੀ ਬੇਅਦਬੀ ਮਾਮਲੇ 'ਚ ਗ੍ਰਿਫ਼ਤਾਰ ਹੋਏ ਦੋਸ਼ੀ ਪ੍ਰਦੀਪ ਕਲੇਰ ਵੱਲੋਂ ਅਦਾਲਤ 'ਚ ਦਰਜ ਕਰਵਾਏ ਬਿਆਨਾਂ ਨਾਲ ਇਹ ਬਿਲਕੁਲ ਸਪੱਸ਼ਟ ਹੁੰਦਾ ਹੈ ਕਿ ਇਸ ਪਿੱਛੇ ਡੇਰਾ ਸਿਰਸਾ ਮੁਖੀ ਦਾ ਹੱਥ ਸੀ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਸੂਬੇ ਦੀਆਂ ਸਰਕਾਰਾਂ ਨੇ ਇਸ ਸੰਜੀਦਾ ਮਾਮਲੇ 'ਤੇ ਸਿੱਖਾਂ ਨੂੰ ਇਨਸਾਫ਼ ਦੇਣ ਦੀ ਜਗ੍ਹਾ ਕੇਵਲ ਸਿਆਸਤ ਹੀ ਕੀਤੀ ਹੈ। ਪੰਜਾਬ ਸਰਕਾਰ ਹੁਣ ਪ੍ਰਦੀਪ ਕਲੇਰ ਦੇ ਬਿਆਨਾਂ ਤੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਹਨੀਪ੍ਰੀਤ ਦਾ ਨਾਂਅ ਸਪੱਸ਼ਟ ਤੌਰ 'ਤੇ ਸਾਹਮਣੇ ਆਇਆ ਹੈ ਤਾਂ ਸਰਕਾਰ ਨੂੰ ਦੋਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਪੰਜਾਬ ਲਿਆ ਕੇ ਜਾਂਚ ਅੱਗੇ ਵਧਾਉਣੀ ਚਾਹੀਦੀ ਹੈ, ਤਾਂ ਜੋ ਸਿੱਖਾਂ ਨੂੰ ਇਨਸਾਫ਼ ਮਿਲ ਸਕੇ।

# ਮਾਨ ਨੇ ਵਾਹਿਦ ਸਮੇਤ ਚਾਰ ਪਿੰਡਾਂ ਵਿੱਚ 'ਆਪ' ਵਲੰਟੀਅਰਾਂ ਨੂੰ ਚੋਣਾਂ ਲਈ ਕੀਤਾ ਲਾਮਬੰਦ



ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)

ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ 1 ਜੂਨ ਨੂੰ ਹੋਣ ਵਾਲੀਆਂ ਵੋਟਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਪਿੰਡ ਵਾਹਿਦ, ਮਾਣਕ, ਬ੍ਰਹਮਪੁਰ ਅਤੇ ਖਲਵਾੜਾ ਕਲੋਨੀ ਵਿਖੇ 'ਆਪ' ਵਲੰਟੀਅਰਾਂ ਅਤੇ ਪਾਰਟੀ ਸਮਰਥਕਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਵਰਕਰਾਂ ਤੇ ਸਮਰਥਕਾਂ ਨੂੰ ਪਾਰਟੀ ਦੇ ਹੱਕ ਵਿੱਚ ਚੋਣ ਪ੍ਰਚਾਰ ਤੇਜ਼ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਆਪ ਪਾਰਟੀ ਦੀ ਨੀਤੀ ਪਰਸਨ ਟੂ ਪਰਸਨ ਲੋਕਾਂ ਨਾਲ ਜੁੜ ਕੇ ਉਹਨਾਂ ਨੂੰ ਪਾਰਟੀ ਨਾਲ ਜੋੜਨਾ ਹੈ। ਇਸ ਲਈ ਵੱਧ ਤੋਂ ਵੱਧ ਲੋਕਾਂ ਨਾਲ ਸਿੱਧਾ ਰਾਬਤਾ ਬਣਾ ਕੇ ਪੰਜਾਬ ਦੇ ਹਿੱਤ ਵਿੱਚ ਪਾਰਟੀ ਦੀ ਵਿਚਾਰਧਾਰਾ ਅਤੇ ਭਗਵੰਤ ਮਾਨ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਅਤੇ ਹੁਣ ਤੱਕ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ ਜਾਵੇ ਤਾਂ ਜੋ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਨੂੰ ਪਿੰਡਾਂ ਵਿੱਚ ਭਾਰੀ ਵੋਟਾਂ ਦੁਵਾ ਕੇ ਫਗਵਾੜਾ ਵਿਧਾਨ ਸਭਾ ਹਲਕੇ ਤੋਂ ਵੱਡੀ ਲੀਡ ਦੁਆਈ ਜਾ ਸਕੇ। 'ਆਪ' ਵਰਕਰਾਂ ਅਤੇ ਪਾਰਟੀ ਸਮਰਥਕਾਂ ਨੇ ਜੋਗਿੰਦਰ ਸਿੰਘ ਮਾਨ ਨੂੰ ਭਰੋਸਾ ਦਿੱਤਾ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਵੋਟਾਂ ਨਾਲ ਲੀਡ ਦੁਵਾ ਕੇ ਜਿੱਤ ਯਕੀਨੀ ਬਣਾਉਣਗੇ। ਇਸ ਮੌਕੇ ਸੀਨੀਅਰ 'ਆਪ' ਆਗੂ ਹਰਮੇਸ਼ ਪਾਠਕ, ਹਰਪ੍ਰੀਤ ਮਾਣਕ, ਅਵਤਾਰ ਸਿੰਘ, ਸੁਰਿੰਦਰ ਖਲਵਾੜਾ, ਕਸ਼ਮੀਰ ਸਿੰਘ ਖਲਵਾੜਾ, ਪ੍ਰਿਤਪਾਲ ਬ੍ਰਹਮਪੁਰ, ਅਵਤਾਰ ਸਿੰਘ ਮਾਣਕ ਆਦਿ ਹਾਜ਼ਰ ਸਨ।

# ਖ਼ੂਨਦਾਨ ਤੇ ਨੇਤਰਦਾਨ ਤੋਂ ਬਾਅਦ ਹੁਣ ਸਟੈਮ-ਸੈੱਲ ਦਾਨ ਜਾਗਰੂਕਤਾ ਦਾ ਆਗਾਜ਼



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)

ਜ਼ਿਲ੍ਹੇ ਵਿੱਚ ਪਹਿਲੀ ਵਾਰ ਸਟੈਮ-ਸੈੱਲ ਦਾਨ ਜਾਗਰੂਕਤਾ ਅਤੇ ਰਜਿਸਟ੍ਰੇਸ਼ਨ ਮੁਹਿੰਮ ਦਾ ਆਗਾਜ਼ ਸਥਾਨਕ ਬੀ.ਐਲ.ਐਮ. ਗਰਲਜ਼ ਕਾਲਜ ਤੋਂ ਵਿਸ਼ੇਸ਼ ਜਾਗਰੂਕਤਾ ਕੈਂਪ ਰਾਹੀਂ ਕੀਤਾ ਗਿਆ। ਇਸ ਵਿੱਚ 100 ਤੋਂ ਵੱਧ ਵਿਅਕਤੀਆਂ ਨੇ ਆਪਣੇ ਆਪ ਨੂੰ ਰਜਿਸਟਰਡ ਕਰਵਾਇਆ। ਜਾਗਰੂਕਤਾ ਕੈਂਪ ਦੇ ਮੁੱਖ ਮਹਿਮਾਨ ਐਸ.ਡੀ.ਐਮ ਡਾ: ਅਕਿਸ਼ਤਾ ਗੁਪਤਾ ਆਈ.ਏ.ਐਸ ਨੇ ਕਿਹਾ ਕਿ ਮਨੁੱਖੀ ਜਾਨਾਂ ਬਚਾਉਣ ਲਈ ਸਟੈਮ-ਸੈੱਲ ਦਾਨ ਜਾਗਰੂਕਤਾ ਅੱਜ ਦੇ ਸਮੇਂ ਦੀ ਲੋੜ ਹੈ। ਉਹਨਾਂ ਮਨੁੱਖੀ ਜਾਨਾਂ ਬਚਾਉਣ ਦੇ ਇਸ ਕਾਰਜ ਲਈ ਕੰਮ ਕਰ ਰਹੀ ਸੰਸਥਾ ਅਰਜਨ ਵੀਰ ਫਾਊਂਡੇਸ਼ਨ ਨਵੀਂ ਦਿੱਲੀ ਦੇ ਕੰਮਾਂ ਦੀ ਪ੍ਰਸੰਸਾ ਕੀਤੀ। ਇਸ ਤੋਂ ਪਹਿਲਾਂ ਡਾ:ਅਜੇ ਬੱਗਾ ਰਿਟਾ: ਸਿਵਲ ਸਰਜਨ ਨੇ ਕਿਹਾ ਕਿ ਖ਼ੂਨਦਾਨ ਤੇ ਨੇਤਰਦਾਨ ਵਾਂਗ ਸਟੈਮ-ਸੈੱਲ ਹੁਣ ਵਰਤਮਾਨ ਸਮੇਂ ਦੀ ਲੋੜ ਹੈ। ਡਾ: ਤਰਨਜੀਤ ਕੌਰ ਵਾਲੀਆ ਪ੍ਰਿੰਸੀਪਲ ਨੇ ਕਾਲਜ ਵਲੋਂ ਮੁੱਖ ਮਹਿਮਾਨ, ਫਾਊਂਡੇਸ਼ਨ ਅਹੁਦੇਦਾਰਾਂ, ਬੀ.ਡੀ.ਸੀ. ਅਹੁਦੇਦਾਰਾਂ,ਸਮਾਜ ਸੇਵਕਾ ਅਤੇ ਸਰੋਤਿਆਂ ਦਾ ਸਵਾਗਤ ਕੀਤਾ। ਅਰਜਨ ਵੀਰ ਫਾਊਂਡੇਸ਼ਨ ਦੇ ਫਾਊਂਡਰ ਅਤੇ ਚੇਅਰਪ੍ਰਸਨ ਸ੍ਰੀਮਤੀ ਸਿੰਮੀ ਸਿੰਘ ਨੇ ਸਟੈਮ-ਸੈੱਲ ਡੋਨੇਸ਼ਨ ਤੇ ਰਜਿਸਟਰੇਸ਼ਨ ਵਾਰੇ ਵਿਸ਼ੇਸ਼ ਪੇਸ਼ਕਾਰੀ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਲੋਕਾਂ ਨੂੰ ਜਾਨ-ਲੇਵਾ ਬਿਮਾਰੀਆਂ ਤੋਂ ਬਚਾਉਣ ਲਈ ਸਟੈਮ ਸੈੱਲ ਜਾਗਰੂਕਤਾ ਅਤੇ ਡੋਨੇਸ਼ਨ ਵਾਸਤੇ ਰਜਿਸਟਰੇਸ਼ਨ ਸੈਂਟਰ ਸਥਾਪਿਤ ਹੋਣ ਨਾਲ਼ ਕੀਮਤੀ ਜਾਨਾਂ ਬਚਣਗੀਆਂ। ਮੈਡਮ ਜਸਲੀਨ ਗਰਚਾ ਸੀ.ਈ.ਓ ਫਾਊਂਡੇਸ਼ਨ ਅਤੇ ਮੈਡਮ ਬੁੱਲਬੁੱਲ ਨੇ ਇਸ ਨਿਵੇਕਲੇ ਦਾਨ ਲਈ ਤਕਨੀਕੀ ਜਾਣਕਾਰੀ ਵਿੱਚ ਗਏ ਸ੍ਰੀਮਤੀ ਸਿੰਮੀ ਸਿੰਘ ਨੂੰ ਸਹਿਯੋਗ ਦਿੱਤਾ।ਜੇ.ਐਸ.ਗਿੱਦਾ ਸਕੱਤਰ ਬੀ.ਡੀ.ਸੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਦੀ ਪ੍ਰੇਰਨਾ ਤੇ ਬੀ.ਡੀ.ਸੀ.ਸਹਿਯੋਗ ਨਾਲ਼ ਹੀ ਅਸੀਂ ਇਸ ਲਹਿਰ ਦਾ ਹਿੱਸਾ ਬਣ ਰਹੇ ਹਾਂ। ਹੁਣ ਲੋੜ ਹੋਵੇਗੀ ਕਿ ਜ਼ਿਲ੍ਹਾ ਪ੍ਰਸ਼ਾਸਨ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ, ਤਕਨੀਕੀ ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਪ੍ਰਿੰਸੀਪਲਾਂ ਦੀ ਮੀਟਿੰਗ ਕਰਕੇ ਉਨ੍ਹਾਂ ਨੂੰ ਜਾਗਰੂਕਤਾ ਰਾਹੀਂ ਪ੍ਰੇਰਿਤ ਕਰਕੇ ਵਿਦਿਆਰਥੀਆਂ ਨੂੰ ਸਟੈਮ-ਸੈੱਲ ਦਾਨ ਵਾਰੇ ਜਾਣਕਾਰੀ ਸਾਂਝੀ ਕਰਨ ਉਪਰੰਤ ਸਟਾਫ ਤੇ ਵਿਦਿਆਰਥੀਆਂ ਨੂੰ ਰਜਿਸਟਰੇਸ਼ਨ ਹਿੱਤ ਉਤਸ਼ਾਹਿਤ ਕਰਨ ਲਈ ਮਾਰਗ-ਦਰਸ਼ਕ ਦੀ ਭੂਮਿਕਾ ਅਦਾ ਕਰਨ ਦੀ ਖੇਚਲ ਕਰੇ। ਇਸ ਮੌਕੇ ਵਿਨੋਦ ਭਾਰਦਵਾਜ, ਡਾ: ਤਰਨਜੀਤ ਕੌਰ, ਜੇ.ਐਸ.ਗਿੱਦਾ, ਡਾ: ਅਜੇ ਬੱਗਾ, ਮਨਮੀਤ ਸਿੰਘ , ਪ੍ਰੋ: ਓਂਕਾਰ ਸਿੰਘ, ਡਾ: ਗੌਰੀ, ਸ੍ਰੀਮਤੀ ਸੁਰਿੰਦਰ ਕੌਰ ,ਸ੍ਰੀਮਤੀ ਨਿਵੇਤਾ ਅਤੇ ਕਾਲਜ਼ ਸਟਾਫ ਹਾਜ਼ਰ ਸੀ। ਇਸ ਮੌਕੇ ਮੁੱਖ-ਮਹਿਮਾਨ, ਅਰਜਨ ਵੀਰ ਫਾਊਂਡੇਸ਼ਨ ਨਵੀਂ ਦਿੱਲੀ ਦੇ ਸ੍ਰੀਮਤੀ ਸਿੰਮੀ ਸਿੰਘ , ਮੈਡਮ ਜਸਲੀਨ ਗਰਚਾ, ਪ੍ਰਿੰਸੀਪਲ ਵਾਲੀਆ, ਪ੍ਰਧਾਨ ਭਾਰਦਵਾਜ਼ ਜੀ ਦਾ ਬੀ.ਡੀ.ਸੀ ਬਲੱਡ ਸੈਂਟਰ ਵਲੋਂ ਸਨਮਾਨ ਕੀਤਾ ਗਿਆ।

# ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਦੋ ਰੋਜ਼ਾ ਮੌਕ ਇੰਟਰਵਿਊ ਕਰਵਾਈ

ਕਰਤਾਰਪੁਰ (ਹਰਮੇਸ਼ ਦੱਤ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਪਲੇਸਮੈਂਟ ਕਨਵੀਨਰ ਡਾ. ਬੀ.ਐਸ.ਭੁੱਲਰ ਦੇ ਸਹਿਯੋਗ ਨਾਲ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਅਤੇ ਕਾਲਜ ਦੇ ਪਲੇਸਮੈਂਟ ਸੈੱਲ ਦੇ ਇੰਚਾਰਜ ਪ੍ਰੋ. ਕਮਲੇਸ਼ ਰਾਣੀ ਦੀ ਦੇਖ-ਰੇਖ ਹੇਠ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦੇ ਸਹਿਯੋਗ ਨਾਲ ਦੋ ਦਿਨਾਂ ਕੈਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਵਿਚ ਨਾਂਦੀ ਫ਼ਾਊਂਡੇਸ਼ਨ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਤੋਂ ਮਿਸ ਭਾਰਤੀ ਚੱਢਾ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਗ੍ਰੈਜੂਏਸ਼ਨ ਦੇ ਵਿਦਿਆਰਥੀਆਂ ਨੂੰ ਰਿਜਿਊਮ ਬਣਾਉਣ ਅਤੇ ਸ਼ਖਸੀਅਤ ਦੇ ਵਿਕਾਸ ਅਤੇ ਅਲੱਗ-ਅਲੱਗ ਖੇਤਰਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ



ਇੰਟਰਵਿਊ ਦਾ ਸਾਹਮਣਾ ਕਰਨ ਲਈ ਵੱਖ-ਵੱਖ ਸਕਿਲਜ਼ ਜਿਵੇਂ ਇੰਟਰਵਿਊ ਸਕਿੱਲ, ਕਮਿਊਨੀਕੇਸ਼ਨ ਸਕਿੱਲ ਅਤੇ ਪਰਸਨੈਲਟੀ ਡਿਵੈਲਪਮੈਂਟ ਸਕਿੱਲ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਤਾਂ ਜੋ ਵਿਦਿਆਰਥੀ ਆਪਣੀ ਸ਼ਖਸੀਅਤ ਦਾ ਸੰਪੂਰਨ ਵਿਕਾਸ ਕਰਦੇ ਹੋਏ ਅੱਜ ਦੇ ਸਮੇਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਬਣ ਸਕਣ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਵੱਖ-ਵੱਖ ਖੇਤਰਾਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਲਈ ਅਜਿਹੇ ਪ੍ਰੋਗਰਾਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਸਰਕਾਰੀ ਬਹੁਤਕਨੀਕੀ ਖੂਨੀਮਾਜਰਾ ਨੇ ਪਹਿਲਾ ਇਨਾਮ ਜਿੱਤਿਆ



ਮੋਹਾਲੀ (ਗੁਰਜੀਤ ਬਿੱਲਾ)

ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਵਿਖੇ ਕਰਵਾਏ ਗਏ ਪ੍ਰਤੀਯੋਗੀ ਈਵੈਂਟ 'ਇਨੋ-ਟੈਕ 2024' ਵਿੱਚ, ਸਰਕਾਰੀ ਬਹੁਤਕਨੀਕੀ ਖੂਨੀਮਾਜਰਾ ਦੇ ਵਿਦਿਆਰਥੀਆਂ ਨੇ ਰਾਜ ਪੱਧਰੀ ਪ੍ਰੋਜੈਕਟ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਇਨਾਮ ਪ੍ਰਾਪਤ ਕੀਤਾ। ਪੋਲੀਟੈਕਨਿਕ ਕਾਲਜ ਦੇ ਵਿਦਿਆਰਥੀ ਵਰਗ ਦੇ ਤਹਿਤ ਮੁਕਾਬਲੇ, ਜਿਸ ਵਿੱਚ ਰਾਜ ਭਰ ਦੀਆਂ ਵੱਖ-ਵੱਖ ਸੰਸਥਾਵਾਂ ਤੋਂ ਭਾਗ ਲਿਆ ਗਿਆ, ਦਾ ਉਦੇਸ਼ ਵਿਗਿਆਨ ਅਤੇ ਤਕਨਾਲੋਜੀ ਵਿੱਚ ਨਵੀਨਤਾਕਾਰੀ ਵਿਚਾਰਾਂ ਨੂੰ ਉਤਸ਼ਾਹਿਤ ਕਰਨਾ ਸੀ। ਪ੍ਰਤੀਯੋਗਿਤਾ ਵਿੱਚ ਸਰਕਾਰੀ ਬਹੁਤਕਨੀਕੀ ਖੂਨੀਮਾਜਰਾ ਦੀਆਂ ਪੰਜ ਟੀਮਾਂ ਨੇ ਭਾਗ ਲਿਆ। ਜੇਤੂ ਐਂਟਰੀ ਜਿਸ ਦਾ ਸਿਰਲੇਖ 'ਵਾਟਰ ਮੈਨੇਜਮੈਂਟ ਸਿਸਟਮ' ਸੀ, ਛੋਟੂ ਕੁਮਾਰ, ਸੁਮਿਤ ਕੁਮਾਰ, ਜੋਬਨਪ੍ਰੀਤ ਸਿੰਘ ਅਤੇ ਕਾਰਤੀਕੇ ਪੁੰਡੀਰ ਦੁਆਰਾ ਪੇਸ਼ ਕੀਤਾ ਗਿਆ ਸੀ, ਜਿਸ ਦੀ ਅਗਵਾਈ ਸੋਨੀ ਸਲੋਟ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਦੇ ਲੈਕਚਰਾਰ ਨੇ ਕੀਤੀ। ਇਲੈਕਟ੍ਰੀਕਲ ਇੰਜਨੀਅਰਿੰਗ ਵਿਭਾਗ ਦੇ ਪ੍ਰੋਜੈਕਟ ਜਿਨ੍ਹਾਂ ਦੀ ਅਗਵਾਈ ਡਾ. ਅੰਸ਼ੂ ਸ਼ਰਮਾ ਅਤੇ ਅਵਿਨੀਸ਼ ਨੇ ਕੀਤੀ, ਦੀ ਵੀ ਨਿਰਣਾਇਕ ਮੰਡਲ ਵੱਲੋਂ ਸ਼ਲਾਘਾ ਕੀਤੀ ਗਈ।ਕਾਲਜ ਦੇ ਮੀਡੀਆ ਇੰਚਾਰਜ ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਇਸ ਉਪਲੱਬਧੀ ਲਈ ਕਾਲਜ ਨੂੰ ਪਹਿਲਾ ਇਨਾਮ 7000 ਰੁਪਏ ਨਕਦ ਪ੍ਰਾਪਤ ਹੋਇਆ ਹੈ। ਇਸ ਜਿੱਤ ਨਾਲ ਇੰਸਟੀਚਿਊਟ ਦਾ ਮਾਣ ਵਧਿਆ ਹੈ ਅਤੇ ਸੰਸਥਾ ਦੇ ਪ੍ਰਿੰਸੀਪਲ ਸ੍ਰੀ ਰਾਜੀਵ ਪੁਰੀ ਨੇ ਟੀਮ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਅਤੇ ਨਵੀਨਤਾ ਅਤੇ ਉੱਤਮਤਾ ਲਈ ਉਨ੍ਹਾਂ ਦੇ ਸਮਰਪਣ 'ਤੇ ਬਹੁਤ ਮਾਣ ਹੈ। ਨਵੀਨਤਾ ਅਤੇ ਪ੍ਰਤਿਭਾ ਦੇ ਸ਼ਾਨਦਾਰ ਪ੍ਰਦਰਸ਼ਨ ਵਿੱਚ, ਸਰਕਾਰੀ ਬਹੁਤਕਨੀਕੀ ਖੂਨੀਮਾਜਰਾ ਨੇ ਲਗਾਤਾਰ ਤੀਜੇ ਸਾਲ ਪੀ ਜੀ ਐਸ ਸੀ ਦੁਆਰਾ ਆਯੋਜਿਤ ਇਨੋਟੈਕ ਮੁਕਾਬਲੇ ਵਿੱਚ ਚੋਟੀ ਦੇ ਸਨਮਾਨ ਹਾਸਲ ਕੀਤੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਪੀ ਟੀ ਆਈ ਐਸ ਪੰਜਾਬ ਦੁਆਰਾ ਆਯੋਜਿਤ ਰਾਜ ਪੱਧਰੀ ਟੈਕ ਫੈਸਟ ਵਿੱਚ ਉਪ ਜੇਤੂ ਟਰਾਫੀ ਹਾਸਲ ਕੀਤੀ।

# ਤਿੰਨ ਰੋਜ਼ਾ ਨੇਚਰ ਕੈਂਪ 'ਚ ਖੇਡ ਵਿਭਾਗ ਦੇ ਬੱਚਿਆਂ ਨੇ ਉਤਸ਼ਾਹ ਨਾਲ ਲਿਆ ਭਾਗ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਅਦਾਹ ਫਾਊਂਡੇਸ਼ਨ ਵੱਲੋਂ ਹਸ਼ਿਆਰਪੁਰ ਵਿਖੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਸਟੇਟ ਨੋਡਲ ਏਜੰਸੀ) ਅਤੇ ਮਨਿਸਟਰੀ ਆਫ ਇਨਵਾਇਰਮੈਂਟ, ਫੋਰੈਸਟ ਐਂਡ ਕਲਾਈਮੇਟ ਚੇਂਜ, ਭਾਰਤ ਸਰਕਾਰ ਦੀ



ਮਦਦ ਨਾਲ ਤਿੰਨ ਦਿਨਾਂ ਅਤੇ ਦੋ ਰਾਤਾਂ ਦਾ ਨੇਚਰ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਖੇਡ ਵਿਭਾਗ ਦੇ ਬੱਚਿਆਂ ਵੱਲੋਂ ਉਤਸ਼ਾਹ ਨਾਲ ਭਾਗ ਲਿਆ ਗਿਆ ਅਤੇ ਵਾਤਾਵਰਣ ਦੀ ਸਿੱਖਿਆ ਅਤੇ ਸੰਭਾਲ ਵੱਲ ਇਕ ਕਦਮ ਵਧਾਇਆ। ਇਸ ਨੇਚਰ ਜਾਗਰੂਕਤਾ ਕੈਂਪ ਵਿਚ ਬੱਚਿਆਂ ਨੂੰ ਵੱਖ-ਵੱਖ ਸਥਾਨਾਂ 'ਤੇ ਕਈ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਵਿਚ ਨਾਰਾ ਫੋਰੈਸਟ, ਚੌਹਾਲ ਫੋਰੈਸਟ, ਬਰੋਟੀ ਫੋਰੈਸਟ ਵਿਚ ਹਾਈਕਿੰਗ, ਟ੍ਰੈਕਿੰਗ ਕਰਵਾਈ ਗਈ। ਇਸ ਦੌਰਾਨ ਬੱਚਿਆਂ ਨੂੰ ਵੱਖ-ਵੱਖ ਜੰਗਲੀ ਜਾਨਵਰਾਂ, ਦਰੱਖਤਾਂ, ਪੌਦਿਆਂ ਬਾਰੇ ਟ੍ਰੇਨਿੰਗ ਦਿੱਤੀ ਗਈ। ਇਸ ਤੋਂ ਬਾਅਦ ਬੱਚਿਆਂ ਨੂੰ ਪੌਸ਼ਟਿਕ ਆਹਾਰ ਵੀ ਦਿੱਤਾ ਗਿਆ। ਇਸ ਤੋਂ ਇਲਾਵਾ ਬੱਚਿਆਂ ਦੇ ਪੇਂਟਿੰਗ ਮੁਕਾਬਲੇ, ਕਪੈਸਟੀ ਬਿਲਡਿੰਗ ਖੇਡਾਂ, ਸਾਡਾ ਪਲੈਨਟ ਤੇ ਡਾਕੂਮੈਂਟਰੀ, ਡੀ.ਜੇ ਨਾਈਟ, ਬੋਟਿੰਗ, ਜੰਗਲਾਂ ਅਤੇ ਜੰਗਲੀ ਜਾਨਵਰਾਂ ਦੀ ਮਹੱਤਤਾ ਬਾਰੇ ਸੈਸ਼ਨ, ਸੋਲਿਡ ਵੇਸਟ ਮੈਨੇਜਮੈਂਟ ਦਾ ਸੈਸ਼ਨ, ਸਕ੍ਰਿਪਟ ਪਲੇਅ, ਜੰਗਲ ਸਫਾਰੀ ਆਦਿ ਕਾਫੀ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਤਿੰਨ ਰੋਜ਼ਾ ਕੈਂਪ ਦੇ ਅਖੀਰ ਵਿਚ ਬੱਚਿਆਂ ਨੂੰ ਈਕੋ ਫਰੈਂਡਲੀ ਜੂਟ ਬੈਗ, ਸੀਡ ਪੇਪਰ ਡਾਇਰੀਆਂ, ਸੀਡ ਪੇਪਰ ਪੈਨ, ਸਰਟੀਫਿਕੇਟ ਅਤੇ ਹੋਰ ਵੀ ਕਾਫੀ ਇਨਾਮ ਦਿੱਤੇ ਗਏ। ਕੈਂਪ ਦੀ ਸਮਾਪਤੀ ਤੋਂ ਬਾਅਦ ਬੱਚਿਆਂ ਦੀ ਫੀਡ ਬੈਕ ਵੀ ਲਈ ਗਈ। ਇਸ ਕੈਂਪ ਵਿਚ ਬੱਚਿਆਂ ਦੀ ਸਹਾਇਤਾ ਅਤੇ ਮਾਰਗ ਦਰਸ਼ਨ ਲਈ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ, ਬਾਸਕਟਬਾਲ ਕੋਚ ਅਮਨਦੀਪ ਕੌਰ, ਫੈਂਸਿੰਗ ਕੋਚ ਰੇਖਾ, ਵਾਲੀਬਾਲ ਕੋਚ ਪਰਵਿੰਦਰ ਕੌਰ ਅਤੇ ਅਥਲੈਟਿਕ ਕੋਚ ਸੁਖਵਿੰਦਰ ਕੌਰ ਨੇ ਸ਼ਿਰਕਤ ਕੀਤੀ।

# ਠੱਕਰਵਾਲ ਮੌਜੋਮਜਾਰਾ ਵਿਖੇ ਹੋਲੇ ਮਹੱਲੇ ਸਮਾਗਮ ਸੰਬੰਧੀ ਪੋਸਟਰ ਰਿਲੀਜ਼

ਮੇਹਟੀਆਣਾ ਸਿੰਘ ਭੁੰਗਰਨੀ)

ਪਿੰਡ ਠੱਕਰਵਾਲ ਮੌਜੋਮਜਾਰਾ ਵਿਖੇ ਗੁਰਦੁਆਰਾ ਤੱਪ ਸਥਾਨ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਡੇਰੇ ਵੱਲੋਂ ਹੋਲਾ ਮਹੱਲਾ ਮਨਾਉਣ ਸਬੰਧੀ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ ਦੀ ਅਗਵਾਈ ਪੋਸਟਰ ਰਿਲੀਜ਼ ਕੀਤੇ ਗਏ। ਇਸ ਮੌਕੇ ਬਾਬਾ ਗੁਰਪ੍ਰੀਤ ਸਿੰਘ ਗੋਪੀ, ਬਾਬਾ ਸਰਬਜੀਤ ਸਿੰਘ ਸਾਬੀ ਨੇ ਦੱਸਿਆ ਕਿ ਹੋਲੇ ਮਹੱਲੇ ਸਮਾਗਮ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਕੀਤੀ ਗਈ ਹੈ। 25 ਮਾਰਚ ਨੂੰ ਹੋਲੇ ਮਹੱਲੇ ਵਾਲੇ ਦਿਨ ਮਹਾਨ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ਤੇ ਨਿਰਮਲਾ ਸੰਤ ਮੰਡਲ ਪੰਜਾਬ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਸਵੇਰੇ 10 ਵਜੇ ਬੈਲ ਗੱਡੀ ਦੀਆਂ ਦੌੜਾਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 25 ਮਾਰਚ ਨੂੰ ਬੜੀ ਧੂਮਧਾਮ ਨਾਲ ਹੋਲੇ ਮਹੱਲੇ ਮੌਕੇ ਰਾਤ ਨੂੰ ਮਹਾਨ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਪ੍ਰਧਾਨ ਨਿਰਮਲ ਸੰਤ ਮੰਡਲ ਪੰਜਾਬ, ਸੰਤ ਬਾਬਾ ਅਜੀਤ



ਸਿੰਘ ਇੰਗਲੈਂਡ, ਸੰਤ ਬਾਬਾ ਜਸਵੰਤ ਖੇੜਾ, ਦਵਿੰਦਰ ਸਿੰਘ ਕਨੇਡਾ, ਗੁਰਦੇਵ ਕੌਰ ਕਨੇਡਾ, ਬੀਬੀ ਬਖਸ਼ੀਸ਼ ਕੌਰ, ਇੰਦਰਜੀਤ ਕੌਰ , ਗੁਰਬਖਸ਼ ਸਿੰਘ ਮਰੀਲਾ, ਬੀਬੀ ਬਲਬੀਰ ਕੌਰ, ਸਰਬਜੀਤ ਸਿੰਘ ਸਾਬੀ, ਗੁਰਪ੍ਰੀਤ ਸਿੰਘ ਗੋਪੀ, ਹਰਜੀਤ ਕੌਰ, ਸਤਵੀਰ ਕੌਰ, ਦੀਦਾਰ ਸਿੰਘ, ਸਤਵਿੰਦਰ ਕੌਰ, ਦਰਸ਼ਨ ਸਿੰਘ ਰਾਜਾ, ਸੁਦਰਸ਼ਨ ਸਿੰਘ, ਰਣਵੀਰ ਸਿੰਘ, ਸਰਵਣ ਸਿੰਘ ਗ੍ਰੰਥੀ ਆਦਿ ਹਾਜ਼ਰ ਸਨ।

# ਸਾਦੇ ਰਹੋ ਤੇ ਕਿਤਾਬਾਂ ਵਰਗੇ ਬਣੋ : ਰਾਜਪਾਲ

**17 ਮਹਿਲਾਵਾਂ ਸਨਮਾਨਤ**

**ਮੋਹਾਲੀ, ( ਗੁਰਜੀਤ ਬਿੱਲਾ )**

ਅੱਜ ਹਰ ਖੇਤਰ ਵਿੱਚ ਔਰਤਾਂ ਤੇ ਪੁਰਸ਼ਾਂ ਦਾ 50-50 ਯੋਗਦਾਨ ਹੈ, ਔਰਤ ਦਾ ਦੇਵੀ ਦੇ ਰੂਪ 'ਚ ਸਨਮਾਨ ਹੈ ਤੇ ਸਾਡੇ ਮਹਾਨ ਸੰਸਕ੍ਰਿਤੀ ਵਾਲੇ ਮੁਲਕ ਵਿੱਚ ਔਰਤ ਨੂੰ ਸ਼ਕਤੀ ਵਜੋਂ ਦੇਖਿਆ ਜਾਂਦਾ ਹੈ। ਔਰਤ ਤੋਂ ਹੀ ਸਮਾਜ ਨੂੰ ਸ਼ਕਤੀ ਮਿਲਦੀ ਹੈ, ਇਤਿਹਾਸ ਵਿੱਚ ਝਾਂਸੀ ਕੀ ਰਾਣੀ ਲਕਸ਼ਮੀ ਬਾਈ ਸਮੇਤ ਅਨੇਕਾਂ ਮਹਾਨ ਔਰਤਾਂ ਦੀਆਂ ਉਦਾਹਰਨਾਂ ਹਨ, ਮਹਾਰਜਾ ਰਣਜੀਤ ਸਿੰਘ ਦੀ ਮਹਾਰਾਣੀ ਜਿੰਦ ਕੌਰ ਦੀਆਂ ਪ੍ਰਾਪਤੀਆਂ ਨੂੰ ਕਿਵੇਂ ਭੁਲਾ ਦਿਆਂਗੇ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਨੇ ਮੋਹਾਲੀ ਕਲੱਬ ਵਿਖੇ ਦਿਸ਼ਾ ਇੰਡੀਅਨ ਅਵਾਰਡ ਦੌਰਾਨ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਬਨਵਾਰੀ ਲਾਲ ਪੁਰੋਹਿਤ, ਰਾਜਪਾਲ ਪੰਜਾਬ ਅਤੇ ਯੂਟੀ ਪ੍ਰਸ਼ਾਸਕ ਵੱਲੋਂ ਹਾਜ਼ਰ ਦਰਸ਼ਕਾਂ ਨੂੰ ਸੰਬੋਧਨ ਕਰਦੇ ਹੋਏ ਕੀਤਾ ਗਿਆ । ਜ਼ਿਕਰਯੋਗ ਹੈ ਕਿ ਵੱਖ-ਵੱਖ ਖੇਤਰਾਂ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੀਆਂ ਉੱਤਮ ਔਰਤਾਂ ਲਈ ਸੀਨੀਅਰ ਪੱਤਰਕਾਰ ਤੇ ਸਮਾਜ ਸੇਵੀ ਹਰਦੀਪ ਕੌਰ ਪ੍ਰਧਾਨ ਦਿਸ਼ਾ ਵੂਮੈਨ ਵੈਲਫੇਅਰ ਟਰੱਸਟ (ਰਜਿ) ਪੰਜਾਬ ਵੱਲੋਂ ਹਰ ਸਾਲ ਦਿਸ਼ਾ ਇੰਡੀਅਨ ਐਵਾਰਡ ਦਾ ਆਯੋਜਨ ਕੀਤਾ ਜਾਂਦਾ ਹੈ । ਇਸੇ ਲੜੀ ਤਹਿਤ ਟਰੱਸਟ ਵੱਲੋਂ ਕਰਵਾਇਆ ਗਿਆ ਇਹ ਚੌਥਾ ਐਵਾਰਡ ਸਮਾਰੋਹ ਸੀ । ਜਿਸ ਦੇ ਅੰਤਰਗਤ ਪੰਜਾਬ ਦੇ ਰਾਜਪਾਲ ਵੱਲੋਂ ਦਿਸ਼ਾ ਇੰਡੀਅਨ ਐਵਾਰਡ ਨਾਲ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੀਆਂ 17 ਮਹਿਲਾਵਾਂ ਅਤੇ ਵੱਖ ਵੱਖ ਖੇਤਰਾਂ ਵਿੱਚ ਆਪਣਾ ਯੋਗਦਾਨ ਪਾਉਣ ਵਾਲੇ 4 ਪੁਰਸ਼ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ।ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੀਆਂ ਨਾਮੀ ਸ਼ਖਸੀਅਤਾਂ ਨੂੰ ਸਨਮਾਨਿਤ ਕਰਨ ਤੋਂ ਬਾਅਦ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਗਵਰਨਰ ਬਨਵਾਰੀ ਲਾਲ ਪੁਰੋਹਿਤ ਨੇ ਦਿਸ਼ਾ ਟਰੱਸਟ ਦੇ ਕੰਮਾਂ ਨੂੰ ਸਰਾਹਿਆ। ਪੁਰਸਕਾਰ ਪ੍ਰਾਪਤ ਕਰਨ ਵਾਲੇ ਸਾਰੇ ਆਵਾਰਡੀਜ ਨੂੰ ਪੰਜਾਬ ਦੇ ਹੀਰੇ ਕਹਿਕੇ ਵਧਾਈ ਦਿੱਤੀ ਅਤੇ ਕਿਹਾ ਕਿ ਪੁਰਸਕਾਰ ਹਾਸਲ ਕਰਨ ਵਾਲੇ ਸਾਰੇ ਹੀਰੇ ਆਪਣੇ ਕੰਮਾਂ ਤੇ ਸੇਵਾਵਾਂ ਨਾਲ ਦੁਨੀਆ 'ਚ ਚਮਕਣਗੇ। ਪੁਰਸਕਾਰ ਹਾਸਲ ਕਰਨ ਵਾਲੇ ਹੀਰਿਆਂ ਨੂੰ ਗਵਰਨਰ ਨੇ ਸਭ ਨੂੰ ਆਪਣੀ ਸ਼ਕਤੀ ਭਾਰਤ ਦੀ ਸੇਵਾ 'ਚ ਲਗਾਉਣ ਦਾ ਸੁਨੇਹਾ ਦਿੱਤਾ ਤਾਂਕਿ ਮੁਲਕ ਨੂੰ ਵਿਸ਼ਵ ਗੁਰੂ ਬਣਾ ਸਕੀਏ। ਧੀਆਂ ਨੂੰ ਖਾਸ ਤੇ ਖੂਬਸੂਰਤ ਸੁਨੇਹਾ ਦਿੱਤਾ ਇਮਾਨਦਾਰ ਬਣਨਾ ਹੈ ਤਾਂ ਸਾਦੇ ਰਹੋ ਤੇ ਕਿਤਾਬ ਵਰਗੇ ਬਣੋ ਜਿਸਦੇ ਅਲਫਾਜ ਸਦੀਆਂ ਪੁਰਾਣੀ ਹੋਣ ਦੇ ਬਾਵਜੂਦ ਵੀ ਨਹੀਂ ਬਦਲਦੇ।ਹਰਦੀਪ ਕੌਰ ਦਾ ਮੰਨਣਾ ਹੈ ਕਿ ਮਹਿਲਾ ਸਸ਼ਕਤੀਕਰਨ ਦਿਖਾਵੇ ਦੀ ਬਜਾਏ ਵਿਹਾਰਕ ਹੋਣਾ ਚਾਹੀਦਾ ਹੈ । ਜਿਸ ਦੇ ਚਲਦੇ ਹੋਏ ਟਰੱਸਟ ਪ੍ਰਧਾਨ ਹਰਦੀਪ ਕੌਰ ਦੀ ਅਗਵਾਈ ਹੇਠ 'ਜਾਗ ਭੈਣੇ ਜਾਗ' ਮੁਹਿੰਮ ਦੇ ਤਹਿਤ ਔਰਤਾਂ ਨੂੰ ਆਪਣੀ ਹੱਕਾਂ ਅਤੇ ਕਰਤਵਾਂ ਦੇ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ ਅਤੇ ਦਿਸ਼ਾ ਰੁਜ਼ਗਾਰ ਮੁਹਿੰਮ ਦੇ ਅੰਤਰਗਤ 194 ਕੁੜੀਆਂ ਨੂੰ ਰੁਜ਼ਗਾਰ ਮਿਲਿਆ ਹੈ ਜੋ ਸਮੁੱਚੇ ਸਮਾਜ ਨੂੰ ਨਾਰੀ ਸਸ਼ਕਤੀਕਰਨ ਦਾ ਸੰਦੇਸ਼ ਦਿੰਦਾ ਹੈ । ਪਦਮ ਸ਼੍ਰੀ ਐਵਾਰਡੀ ਜਗਜੀਤ ਸਿੰਘ ਦਰਦੀ ਅਤੇ ਮੈਡਮ ਜਗਜੀਤ ਕੌਰ ਦਰਦੀ ਵੱਲੋਂ ਔਰਤਾਂ ਨੂੰ ਆਪਣੀ ਅੰਦਰੂਨੀ ਸ਼ਕਤੀ ਪਹਿਚਾਨਣ ਲਈ ਪ੍ਰੇਰਿਤ ਕੀਤਾ ਗਿਆ। ਇਸ ਦੌਰਾਨ ਜੱਸੀ ਸੋਹੀਆਂ ਵਾਲਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਬਤੌਰ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ । ਹੋਰਨਾਂ ਤੋਂ ਇਲਾਵਾ ਇਸ ਪ੍ਰੋਗਰਾਮ ਵਿੱਚ ਮਨਜੀਤ ਸਿੰਘ ਐਗਜੀਕਿਉਟਿਵ ਚੇਅਰਮੈਨ ਦੁਆਬਾ ਗਰੁੱਪ , ਉੱਘੇ ਸਮਾਜ ਸੇਵੀ ਹਰਜੀਤ ਸਿੰਘ ਸੱਭਰਵਾਲ, ਜਸਪਾਲ ਸਰਪੰਚ ਜੀਰਕਪੁਰ, ਜਸਵਿੰਦਰ ਸਿੰਘ , ਦੀਪ ਮੀਡੀਆ ਰਿਲੇਸ਼ਨ ਦੇ ਡਾਇਰੈਕਟਰ ਗਗਨਦੀਪ ਸਿੰਘ ਵਿਰਕ , ਗੁਰਮੇਲ ਸਿੰਘ ਦਾਰਾ ਲੋਹਗੜ , ਐਨ ਐਸ ਐਨ ਗਰੁੱਪ ਤੋਂ ਨਵਜੀਤ ਕੌਰ ਅਤੇ ਸ਼ੁਬੀ ਤੋਂ ਇਲਾਵਾ ਲਗਭਗ ਭਾਰੀ ਗਿਣਤੀ ਵਿੱਚ ਪੂਰੇ ਪੰਜਾਬ ਭਰ ਤੋਂ ਮਹਿਲਾਵਾਂ ਹਾਜ਼ਰ ਸਨ।

## ਮੁੱਖਲਿਆਣਾ ਵਿਖੇ ਸਾਲਾਨਾ ਕ੍ਰਿਕਟ ਟੂਰਨਾਮੈਂਟ ਕਰਵਾਇਆ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)**

ਪਿੰਡ ਮੁੱਖਲਿਆਣਾ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕ੍ਰਿਕਟ ਸਪੋਰਟਸ ਕਲੱਬ (ਰਜਿ:) ਮੁੱਖਲਿਆਣਾ ਵਲੋਂ ਸਾਲਾਨਾ 14ਵਾਂ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ 'ਚ ਪੰਜਾਬ ਦੀਆਂ 64 ਟੀਮਾਂ ਨੇ ਹਿੱਸਾ ਭਾਗ ਲਿਆ। ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 31000 ਰੁਪਏ, ਦੂਜੇ ਸਥਾਨ 'ਤੇ ਆਉਣ ਵਾਲੀ ਨੂੰ ਹਜ਼ਾਰ ਰੁਪਏ, ਤੀਜੇ ਅਤੇ ਚੌਥੇ ਸਥਾਨ ਤੇ ਆਉਣ ਵਾਲੀ ਨੂੰ 5100 ਰੁਪਏ ਪੰਜਵੇਂ ਅਤੇ ਅੱਠਵੇਂ ਸਥਾਨ 'ਤੇ ਆਉਣ ਵਾਲੀ ਨੂੰ 2100 ਰੁਪਏ ਨਗਦ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।ਪਹਿਲੇ ਸਥਾਨ 'ਤੇ ਲੁਧਿਆਣਾ ਦੀ ਟੀਮ, ਦੂਜੇ ਸਥਾਨ 'ਤੇ ਮਹਿਮੋਵਾਲ, ਤੀਜੇ ਸਥਾਨ 'ਤੇ ਸਰਹਾਲ ਮੰਡੀ, ਚੌਥੇ ਸਥਾਨ 'ਤੇ ਮਾਜੀ ਦੀ ਟੀਮ ਜੇਤੂ ਰਹੀ।ਉਨ੍ਹਾਂ ਦੱਸਿਆ ਕਿ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਸੁਖਦੇਵ ਸਿੰਘ ਏਐਸਆਈ, ਜਸਵਿੰਦਰ ਸਿੰਘ ਮੁੱਖਲਿਆਣਾ, ਚੰਦਨ ਲੱਕੀ, ਮਿੰਟੂ ਪੰਜਾਬ ਪੁਲਸ, ਪ੍ਰਿਤਪਾਲ ਸਿੰਘ, ਦਿਲਬਾਗ ਸਿੰਘ ਨੇ ਜੇਤੂਆਂ ਨੂੰ ਇਨਾਮਾਂ ਦੀ ਕੀਤੀ। ਇਸ ਮੌਕੇ ਕਲੱਬ ਪ੍ਰਧਾਨ ਤਾਰਨਜੀਤ ਸਿੰਘ ਪੰਜਾਬ ਪੁਲਸ, ਬਾਬਾ ਜੁਗਰਾਜ ਸਿੰਘ ਗੁੰਥੀ, ਰਮਨਦੀਪ ਸਿੰਘ, ਹਰਪ੍ਰੀਤ ਸਿੰਘ ਕਨੇਡਾ, ਜਸਵਿੰਦਰ ਸਿੰਘ, ਸਿਮਰਨ, ਪ੍ਰੀਤ, ਬਨੀ, ਬਿੰਦਰ, ਜੋਤੀ, ਬੱਬੂ ਭਾਜੀ, ਜੱਗੀ ਰੂਬਲ, ਪ੍ਰਭਾ, ਜਗਜੀਤ ਰਾਜਾ, ਹਰਮਿੰਦਰ ਜੈਲਾ, ਮਨਵੀਰ ਸਿੰਘ ਮੁੱਖਲਿਆਣਾ, ਗੀਤੀ, ਆਸ਼ੂ, ਗੁਰਪ੍ਰੀਤ, ਦਲਜੀਤ, ਕੁਲਵਿੰਦਰ, ਜਿੰਦ ਪੰਡੋਰੀ ਯੂਐਸਏ, ਅੰਮ੍ਰਿਤ ਪਾਲ ਸਿੰਘ ਸਰਪੰਚ ਪੰਡੋਰੀ ਕੱਦ, ਅਮਨਦੀਪ ਸਿੰਘ ਭੁੰਗਰਨੀ, ਸੰਨੀ ਕਨੇਡਾ, ਪਿਤਪਾਲ ਸਿੰਘ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

## ਨੇਤਰਦਾਨ ਸੰਸਥਾ ਨੇ 25ਵਾਂ ਸਥਾਪਨਾ ਦਿਵਸ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਨੇਤਰਦਾਨ ਸੰਸਥਾ ਹੁਸ਼ਿਆਰਪੁਰ ਜੋ ਕਿ ਪਿਛਲੇ 24 ਸਾਲਾਂ ਤੋਂ ਨੇਤਰਹੀਣਾਂ ਦੀ ਹਨੇਰੀ ਜ਼ਿੰਦਗੀ ਨੂੰ ਰੋਸ਼ਨ ਕਰ ਰਹੀ ਹੈ ਵੱਲੋਂ ਆਪਣਾ 25ਵਾਂ ਸਥਾਪਨਾਂ ਦਿਵਸ ਆਪਣੇ ਦਫਤਰ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਮਨਾਇਆ ਗਿਆ।ਸੰਸਥਾ ਦੇ ਪ੍ਰਧਾਨ ਮਨਮੋਹਣ ਸਿੰਘ ਨੇ ਦੱਸਿਆ ਕਿ 2000 ਵਿੱਚ ਹੋਲੀ ਵਾਲੇ ਦਿਨ ਇਹ ਸੰਸਥਾ ਹੋਂਦ ਵਿੱਚ ਆਈ ਸੀ ਅਤੇ ਹੁਣ ਤੱਕ 1100 ਤੋਂ ਵੱਧ ਕੋਰਨੀਆ ਬਲਾਇੰਡ ਲੋਕਾਂ ਦੀ ਹਨੇਰੀ ਜ਼ਿੰਦਗੀ ਵਿੱਚ ਰੋਸ਼ਨੀ ਭਰ ਚੁੱਕੀ ਹੈ ਅਤੇ ਇਸ ਗਿਣਤੀ ਵਿੱਚ ਲਗਾਤਾਰ ਵਾਧਾ ਜਾਰੀ ਹੈ।ਸੰਸਥਾ ਦੇ ਸਰਪ੍ਰਸਤ ਪ੍ਰੋ. ਬਹਾਦਰ ਸਿੰਘ ਸੁਨੇਤ ਨੇ ਦੱਸਿਆ ਕਿ ਇਸ ਲੰਮੇ ਸਮੇ ਦੌਰਾਨ ਸਿਹਤ ਵਿਭਾਗ ਪੰਜਾਬ ਨੇ ਸਾਡੀ ਹਰ ਸੰਭਵ ਮਦਦ ਕੀਤੀ ਅਤੇ ਵੱਖ-ਵੱਖ ਸਮੇਂ ਦੌਰਾਨ ਸਿਵਲ ਸਰਜਨ ਹੁਸ਼ਿਆਰਪੁਰ, ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਹੁਸ਼ਿਆਰਪੁਰ ਅਤੇ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਸਹਾਇਤਾ ਨਾਲ ਸੰਸਥਾ ਨੇ ਇੰਨਾ ਲੰਬਾ ਪੈਂਡਾ ਤਹਿ ਕੀਤਾ ਹੈ। ਇਸ ਦੌਰਾਨ ਬਲਜੀਤ ਸਿੰਘ ਪਨੇਸਰ, ਹਰਭਜਨ ਸਿੰਘ, ਮੈਡਮ ਰਚਨਾ ਕੌਰ, ਮੈਡਮ ਸੰਤੋਸ਼ ਸੈਣੀ, ਬਹਾਦਰ ਸਿੰਘ ਸਿੱਧੂ, ਗੁਰਪਾਲ ਸਿੰਘ, ਗੁਰਪ੍ਰੀਤ ਸਿੰਘ, ਮੈਡਮ ਜਤਿੰਦਰ ਕੌਰ ਅਤੇ ਭਾਈ ਬਰਿੰਦਰ ਸਿੰਘ ਮਸੀਤੀ ਵੀ ਹਾਜ਼ਰ ਸਨ।



## ਗੋਇਨਕਾ ਇੰਟਰਨੈਸ਼ਨਲ ਸਕੂਲ 'ਚ ਗ੍ਰੈਜੂਏਸ਼ਨ ਸੈਰੇਮਨੀ

**ਕਪੂਰਥਲਾ, (ਹਨੀ)** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਵਿਖੇ ਗ੍ਰੈਜੂਏਸ਼ਨ ਸੈਰੇਮਨੀ ਦਾ ਆਯੋਜਨ ਕੀਤਾ ਗਿਆ ਜੋ ਗੋਇਨਕਨ ਸਬ ਜੂਨੀਅਰ ਵਿੰਗ ਤੋਂ ਜੂਨੀਅਰ ਗੋਇਨਕਨ ਵਿੰਗ ਅਤੇ ਜੂਨੀਅਰ ਗੋਇਨਕਨ ਵਿੰਗ ਤੋਂ ਸੀਨੀਅਰ ਗੋਇਨਕਨ ਵਿੰਗ ਵਿੱਚ ਦਾਖਲ ਹੋਏ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਰਿਹਾ।ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਮੁੱਖ ਮਹਿਮਾਨ ਅਤੇ ਸਕੱਤਰ ਪਰਮਿੰਦਰ ਕੌਰ ਸਮਾਗਮ ਵਿੱਚ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਅਤੇ ਦੀਪ ਜਲਾ ਕੇ ਕੀਤੀ ਗਈ।ਇਸ ਤੋਂ ਬਾਅਦ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਜਿਵੇਂ ਪੱਛਮੀ ਡਾਂਸ, ਭੰਗੜਾ ਆਦਿ ਪੇਸ਼ ਕੀਤਾ ਗਿਆ।ਉਪਰੰਤ ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ, ਸਕੱਤਰ ਪਰਮਿੰਦਰ ਕੌਰ ਅਤੇ ਸਕੂਲ ਦੀ ਪ੍ਰਿੰਸੀਪਲ ਡਾ. ਪਵਲਜੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਡਿਗਰੀਆਂ ਦੇ ਕੇ ਸਨਮਾਨਿਤ ਕੀਤਾ ਗਿਆ।ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕੀਤੀ ਅਤੇ ਸਮਾਗਮ ਵਿਚ ਸ਼ਿਰਕਤ ਕਰਨ ਲਈ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕੀਤਾ।



## ਅਕਾਲ ਗਲੈਕਸੀ ਕਾਨਵੈਂਟ ਸਕੂਲ ਦਾ ਨਵਾਂ ਸੈਸ਼ਨ ਆਰੰਭ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**

ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਅਗਵਾਈ ਹੇਠ



ਨਵੇਂ ਸੈਸ਼ਨ ਦੇ ਆਰੰਭ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਸਕੂਲ ਪ੍ਰੈਜ਼ੀਡੈਂਟ ਗੁਰਦੀਪ ਸਿੰਘ ਜੱਜ , ਵਾਈਸ ਪ੍ਰੈਜ਼ੀਡੈਂਟ ਕੁਲਵਿੰਦਰ ਸਿੰਘ ਜੱਜ , ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ ਅਤੇ ਅਸਿਸਟੈਂਟ ਮੈਨੇਜਿੰਗ ਡਾਇਰੈਕਟਰ ਪ੍ਰਗਟ ਸਿੰਘ ਜੱਜ ਵੱਲੋਂ ਖਾਸ ਤੌਰ 'ਤੇ ਸ਼ਿਰਕਤ ਕੀਤੀ ਗਈ । ਪਾਠ ਉਪਰੰਤ ਸੰਗੀਤ ਅਧਿਆਪਕ ਹਰਦੀਪ ਸਿੰਘ ਅਤੇ ਰਾਜਨ ਵਿਰਦੀ ਦੀ ਅਗਵਾਈ ਹੇਠ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਕੀਤੇ ਗਏ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਗਈ। ਪਾਠ ਦੇ ਭੋਗ ਉਪਰੰਤ ਲੰਗਰ ਪ੍ਰਸ਼ਾਦ ਸੰਗਤ ਵਿੱਚ ਵਰਤਾਇਆ ਗਿਆ । ਸਕੂਲ ਦੇ ਮੈਨੇਜਿੰਗ ਡਾਇਰੈਕਟਰ ਦੁਆਰਾ ਸਮੂਹ ਸਟਾਫ ਅਤੇ ਮਾਪਿਆਂ ਨੂੰ ਚੰਗਾ ਨਤੀਜਾ ਆਉਣ ਲਈ ਵਧਾਈ ਦਿੱਤੀ ਅਤੇ ਦੱਸਿਆ ਕਿ ਹੁਣ ਤੱਕ ਸਕੂਲ ਦੀ ਪੂਰੀ ਕੋਸ਼ਿਸ਼ ਰਹੀ ਹੈ ਕਿ ਉਹ ਬੱਚਿਆਂ ਨੂੰ ਉੱਤਮ ਵਿੱਦਿਆ ਪ੍ਰਦਾਨ ਕਰਨ ਤਾਂ ਜੋ ਸਾਰੇ ਵਿਦਿਆਰਥੀ ਆਪਣੇ ਜੀਵਨ ਵਿੱਚ ਇੱਕ ਚੰਗਾ ਮੁਕਾਮ ਹਾਸਿਲ ਕਰ ਸਕਣ। ਅਧਿਆਪਕਾ ਮੈਡਮ ਰਜਵੰਤ ਕੌਰ ਦੁਆਰਾ ਸਟੇਜ ਸੰਚਾਲਕਾ ਦੀ ਭੂਮਿਕਾ ਨਿਭਾਈ ਗਈ।

## ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਰਾਜ ਪੱਧਰ 'ਤੇ ਕੰਟਰੋਲ ਰੂਮ ਸਥਾਪਤ

**ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**—ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਚੋਣਾਂ ਨਾਲ ਸਬੰਧਿਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਜਾਂ ਸ਼ਿਕਾਇਤ ਦਰਜ ਕਰਵਾਉਣ ਜਿਵੇਂ ਕਿ ਕਾਲਾ ਧਨ, ਹਵਾਲਾ ਰਾਸ਼ੀ, ਨਗਦੀ, ਸੋਨੇ ਜਾਂ ਚਾਂਦੀ ਦੇ ਬਿਸਕੁਟ ਆਦਿ ਲਈ ਸੂਬਾਈ ਹੈੱਡ-ਕੁਆਰਟਰ ਵਿਖੇ ਬੀ ਪੀ ਯੂ ਆਫ਼ਿਸ, ਚੰਡੀਗੜ੍ਹ (ਕਮਰਾ ਨੰਬਰ ਜੀ-02, ਗਰਾਊਂਡ ਫਲੋਰ, ਆਯਕਰ ਭਵਨ, ਸੈਕਟਰ 17 ਈ, ਚੰਡੀਗੜ੍ਹ) ਵਿਖੇ ਵਿਸ਼ੇਸ਼ ਟੋਲ ਫਰੀ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜੋ 24 ਘੰਟੇ ਖੁੱਲਾ ਰਹੇਗਾ।

ਡਿਪਟੀ ਕਮਿਸ਼ਨਰ -ਕਮ-ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਸੂਬਾ ਪੱਧਰ 'ਤੇ ਸਥਾਪਤ ਕੀਤੇ ਗਏ ਕੰਟਰੋਲ ਰੂਮ 'ਤੇ ਚੋਣਾਂ ਨਾਲ ਸਬੰਧਿਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਜਾਂ ਸ਼ਿਕਾਇਤ ਦਰਜ ਕਰਵਾਉਣ ਟੋਲ-ਫਰੀ ਨੰਬਰ 1800-180-2141 ਅਤੇ ਮੋਬਾਈਲ ਨੰਬਰ 7589166713 ਸਥਾਪਿਤ ਕੀਤਾ ਗਿਆ ਹੈ, ਜਿਸ ਰਾਹੀਂ ਜਿੱਥੇ ਕੋਈ ਵੀ ਵਿਅਕਤੀ ਲੋਕ ਸਭਾ ਦੀਆਂ ਆਮ ਚੋਣਾਂ ਦੇ ਸਬੰਧ ਵਿੱਚ, ਜ਼ਿਲ੍ਹੇ ਦੇ ਅੰਦਰ ਨਕਦੀ, ਸਰਾਫਾ ਅਤੇ ਹੋਰ ਕੀਮਤੀ ਚੀਜ਼ਾਂ ਦੀ ਸ਼ੱਕੀ ਆਵਾਜਾਈ/ਵੰਡਣ ਬਾਰੇ ਆਮਦਨ ਕਰ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ ਅਤੇ ਕੋਈ ਵੀ ਜਾਣਕਾਰੀ ਦੇ ਸਕਦਾ ਹੈ। ਇਸ ਤੋਂ ਇਲਾਵਾ ਚੋਣ ਜ਼ਾਬਤੇ ਦੀ ਉਲੰਘਣਾਂ ਜਾਂ ਚੋਣਾਂ ਸਬੰਧੀ ਕਿਸੇ ਜਾਣਕਾਰੀ ਲਈ ਇਨ੍ਹਾਂ ਨੰਬਰਾਂ ਉੱਪਰ ਸੰਪਰਕ ਕੀਤਾ ਜਾ ਸਕਦਾ ਹੈ। ਇਹ ਕੰਟਰੋਲ ਰੂਮ ਆਦਰਸ਼ ਚੋਣ ਜ਼ਾਬਤੇ ਦੇ ਪੂਰੇ ਸਮੇਂ ਦੌਰਾਨ, ਭਾਵ, ਆਮ ਚੋਣਾਂ 2024 ਦੀ ਘੋਸ਼ਣਾ ਦੀ ਮਿਤੀ ਤੋਂ ਚੋਣਾਂ ਖਤਮ ਹੋਣ ਤੱਕ ਕਾਰਜਸ਼ੀਲ ਰਹੇਗਾ।

## ਰਾਜਪਾਲ ਦੀ ਸੰਪਾਦਿਤ ਕਿਤਾਬ 'ਤੇ ਵਿਚਾਰ ਚਰਚਾ 17 ਅਪ੍ਰੈਲ ਨੂੰ



**ਸ਼ਾਹਕੋਟ (ਗਿਆਨ ਸੈਦਪੁਰੀ)**

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸ਼ਾਹਕੋਟ ਦੀ ਮੀਟਿੰਗ ਸਥਾਨਕ ਅੱਪੂ ਆਰਟ ਪ੍ਰੈਸ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆ ਨੇ ਕੀਤੀ। ਮੀਟਿੰਗ ਵਿੱਚ 23 ਮਾਰਚ ਨੂੰ ਕੌਮੀ ਮੁਕਤੀ ਲਹਿਰ ਦੇ ਸ਼ਹੀਦਾ ਅਤੇ ਇਨਕਲਾਬੀ ਕਵੀ ਅਵਤਾਰ ਪਾਸ਼ ਤੇ ਉਸ ਦੇ ਮਿੱਤਰ ਹੰਸ ਰਾਜ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਤਲਵੰਡੀ ਸਲੇਮ ਵਿਖੇ ਕੀਤੇ ਜਾ ਰਹੇ ਸਮਾਗਮ ਵਿੱਚ ਸ਼ਾਮਲ ਹੋਣ ਸਬੰਧੀ ਵਿਚਾਰ ਵਟਾਂਦਰਾ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਉੱਥੇ ਭਰਵੀਂ ਹਾਜ਼ਰੀ ਨੂੰ ਯਕੀਨੀ ਬਣਾਇਆ ਜਾਵੇਗਾ।6 ਅਤੇ 7 ਅਪ੍ਰੈਲ ਨੂੰ ਸੁਸਾਇਟੀ ਦੀ ਹੋ ਰਹੀ ਸਾਲਾਨਾ ਇੱਕਤਰਤਾ ਬਾਰੇ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। 17 ਅਪ੍ਰੈਲ ਨੂੰ ਰਾਜਪਾਲ ਦੀ ਸੰਪਾਦਿਤ ਕਿਤਾਬ ਇਲਮ ਤੋਂ ਇਖ਼ਲਾਕ ਤੱਕ 'ਤੇ ਵਿਚਾਰ ਚਰਚਾ ਕੀਤੀ ਜਾਵੇਗੀ। ਧਾਰਾ 295 ਅਤੇ 295 ਏ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਦੇ ਮੰਤਵ ਨਾਲ ਲੀਫਲੈਟ ਵੰਡਿਆ ਜਾਵੇਗਾ। ਪੰਜਾਬ ਸਟੂਡੈਂਟ ਯੂਨੀਅਨ ਦੀਆਂ ਆਗੂ ਨੇਹਾ ਅਤੇ ਬਿਅੰਤ ਦਾ ਐਕਸੀਡੈਂਟ ਹੋ ਗਿਆ ਸੀ। ਇਕਾਈ ਵੱਲੋਂ ਉਨ੍ਹਾਂ ਦੀ ਮਾਲੀ ਸਹਾਇਤਾ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਸੁਖਵਿੰਦਰ ਬਾਗਪੁਰ, ਅਮਨ ਬਾਗਪੁਰ, ਪਾਲ ਬਾਗਪੁਰ, ਬਿੱਟੂ ਰੂਪੈਵਾਲੀ, ਦੇਸ ਰਾਜ ਜਾਫਰਵਾਲ, ਗਿਆਨ ਸੈਦਪੁਰੀ ਹਾਜ਼ਰ ਸਨ।

## ਵੈਕਸੀਨ ਕੋਲਡ ਚੇਨ ਘੋਗਰਾ ਦਾ ਨਿਰੀਖਣ

**ਹੁਸ਼ਿਆਰਪੁਰ, (ਬਲਬਰ ਸਿੰਘ ਸੈਣੀ)**- ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੀਮਾ ਗਰਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੀ ਐਚ ਸੀ ਘੋਗਰਾ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਤਹਿਤ ਉਪਕਾਰ ਸਿੰਘ ਵੈਕਸੀਨ ਕੋਲਡ ਚੇਨ ਮੈਨੇਜਰ ਵੱਲੋਂ ਵੈਕਸੀਨ ਕੋਲਡ ਚੇਨ ਦਾ ਲਗਾਤਾਰ ਨਿਰੀਖਣ ਕੀਤਾ ਗਿਆ।



ਇਸ ਮੌਕੇ ਵੈਕਸੀਨ ਕੋਲਡ ਚੇਨ ਦੇ ਮੈਨੇਜਰ ਉਪਕਾਰ ਸਿੰਘ ਨੇ ਦੱਸਿਆ ਕਿ ਇੱਕ ਵਿਸ਼ੇਸ਼ ਪ੍ਰੋਗਰਾਮ ਤਹਿਤ ਸੈਕਟਰ ਘੋਗਰਾ ਵਿੱਚ ਵੈਕਸੀਨ ਕੋਲਡ ਚੇਨ ਦਾ ਲਗਾਤਾਰ ਨਿਰੀਖਣ ਕੀਤਾ ਗਿਆ ਅਤੇ ਵੈਕਸੀਨ ਦੀ ਸਾਂਭ-ਸੰਭਾਲ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਕੋਲਡ ਚੇਨ ਟੈਕਨੀਸ਼ੀਅਨ ਮਨਮੋਹਨ ਸਿੰਘ ਨੇ ਆਈ ਐਲ ਆਰ ਅਤੇ ਡੀਪ ਫ੍ਰੀਜ਼ਰ ਦਾ ਚੈਕਅੱਪ ਕੀਤਾ ਅਤੇ ਉਨ੍ਹਾਂ ਦਾ ਤਾਪਮਾਨ ਚੈੱਕ ਕੀਤਾ।ਇਸ ਮੌਕੇ ਪ੍ਰਮੋਦ ਗਿੱਲ, ਐਲ ਐਚ ਵੀ ਘੋਗਰਾ ਪ੍ਰੋਮਿਲਾ ਕੁਮਾਰੀ ਅਤੇ ਹੈਲਥ ਇੰਸਪੈਕਟਰ ਰਾਜੇਸ਼ ਕੁਮਾਰ ਹਾਜ਼ਰ ਸਨ।

# ਚਿੱਟੀ ਵੇਈਂ 'ਚ ਵਗਣ ਲੱਗਾ ਸਾਫ਼ ਪਾਣੀ




**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਵਿਸ਼ਵ ਜਲ ਦਿਵਸ ਦੀ ਪੂਰਵ ਸੰਧਿਆ 'ਤੇ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੁਆਬੇ ਦੇ ਲੋਕਾਂ ਨੂੰ ਉਸ ਵੇਲੇ ਵੱਡਾ ਤੋਹਫਾ ਦਿੱਤਾ ਜਦੋਂ ਸਿੰਬਲੀ ਪਿੰਡ ਤੋਂ ਚਿੱਟੀ ਵੇਈ ਵਿੱਚ ਨਹਿਰ ਦਾ ਸਾਫ਼ ਪਾਣੀ ਛੱਡਿਆ ਗਿਆ। ਦੁਆਬੇ ਦੀ ਸਾਹ ਰਗ ਅਖਵਾਉਂਦੀ ਚਿੱਟੀ ਵੇਈ ਵਿੱਚ ਸਾਫ਼ ਪਾਣੀ ਵੱਗਣ ਨਾਲ ਇਸ ਖਿੱਤੇ ਵਿੱਚ ਧਰਤੀ ਹੇਠਲਾ ਪਾਣੀ ਉਪਰ ਆਵੇਗਾ। ਉਹਨਾਂ ਕਿਹਾ ਕਿ ਲੰਬੇਂ ਸਮੇਂ ਤੋਂ ਸੋਚਿਆ ਸੁਫਨਾ ਸੱਚ ਹੋ ਗਿਆ ਹੈ। ਸਾਫ਼ ਪਾਣੀ ਛੱਡਣ ਵਾਸਤੇ 08 ਮਈ 2023 ਨੂੰ ਮਹਾਂਪੁਰਖਾਂ ਦੀ ਹਾਜ਼ਰੀ ਵਿੱਚ ਰੈਗੂਲੇਟਰ ਬਣਾਉਣ ਦਾ ਨੀਂਹ ਪੱਥਰ ਰੱਖਿਆ ਸੀ। ਕਰੀਬ 9 ਮਹੀਨਿਆਂ ਬਾਅਦ ਦੁਆਬੇ ਦੇ ਲੋਕਾਂ ਦਾ ਸੁਫਨਾ ਸਕਾਰ ਹੋਇਆ ਜਦੋਂ ਚਿੱਟੀ ਵੇਈ ਵਿੱਚ ਸਾਫ਼ ਪਾਣੀ ਛੱਡ ਦਿੱਤਾ ਹੈ। ਡਰੇਨੇਜ਼ ਵਿਭਾਗ ਦੇ ਨਿਗਰਾਨ ਇੰਜੀ. ਗੁਰਪਿੰਦਰ ਸਿੰਘ ਅਤੇ ਐਕਸੀਅਨ ਦਵਿੰਦਰ ਸਿੰਘ ਨੇ ਦੱਸਿਆ ਕਿ ਚਿੱਟੀ ਵੇਂਈ ਵਿੱਚ ਪਾਣੀ ਛੱਡਣ ਦੀ ਸ਼ੁਰੂਆਤ 20 ਕਿਊਸਿਕ ਪਾਣੀ ਛੱਡ ਕੀਤੀ ਗਈ ਹੈ। ਇਸਨੂੰ ਹੌਲੀ ਹੌਲੀ ਵਧਾਇਆ ਜਾਵੇਗਾ।ਇਲਾਕਾ ਵਾਸੀਆਂ ਤੇ ਖਾਸਕਰ ਕਿਸਾਨਾਂ ਵੱਲੋਂ ਸੰਤ ਸੀਚੇਵਾਲ ਵੱਲੋ ਦਿੱਤੀ ਗਈ ਇਸ ਇਤਿਹਾਸਿਕ ਸੌਗਾਤ ਲਈ ਉਹਨਾਂ ਦਾ ਧੰਨਵਾਦ ਕੀਤਾ ਗਿਆ। ਅਗਾਂਹਵਧੂ ਕਿਸਾਨਾਂ ਗੁਰਵਿੰਦਰ ਸਿੰਘ ਬੋਪਾਰਾਏ, ਤੇਗਾ ਸਿੰਘ, ਪਿਆਰਾ ਸਿੰਘ, ਲਖਵਿੰਦਰ ਸਿੰਘ ਤੇ ਹੋਰਾਂ ਨੇ ਕਿਹਾ ਕਿ ਸੰਤ ਸੀਚੇਵਾਲ ਵੱਲੋਂ ਪਿਛਲੇ 10 ਸਾਲਾਂ ਤੋਂ ਚਿੱਟੀ ਵੇਂਈ ਵਿੱਚ ਸਾਫ਼ ਪਾਣੀ ਵੱਗਦਾ ਕਰਨ ਦੇ ਯਤਨ ਕੀਤੇ ਜਾ ਰਹੇ ਸੀ। ਹੁਣ ਉਹਨਾਂ ਦੇ ਰਾਜ ਸਭਾ ਮੈਂਬਰ ਬਣਨ ਤੋਂ ਬਾਅਦ ਪਿੰਡ ਸਿੰਬਲੀ ਵਿਖੇ ਬਣੇ ਰੈਗੂਲੇਟਰ ਲਈ ਆਪਣੇ ਅਖਤਿਆਰੀ ਫੰਡਜ਼ ਵਿੱਚੋਂ ਪਹਿਲੀ ਗ੍ਰਾਂਟ 1 ਕਰੋੜ 19 ਲੱਖ ਰੁਪਏ ਜਾਰੀ ਕੀਤੀ ਤੇ ਆਪਣੇ ਅਖਤਿਆਰੀ ਫੰਡਜ਼ ਦਾ ਦਾ ਵੱਡਾ ਹਿੱਸਾ ਪਾਣੀਆਂ ਦੀਆਂ ਸਾਂਭ ਸੰਭਾਲ ਲਈ ਖਰਚਿਆ ਹੈ।

## ਸਿੱਧੂ ਮੂਸੇਵਾਲ ਦੇ ਪਰਵਾਰ 'ਚ ਨਵਜੰਮੇ ਬੱਚੇ ਬਾਰੇ ਜਾਣਕਾਰੀ ਮੰਗਣੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ : ਖੁਣ-ਖੁਣ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਕੇਂਦਰ ਦੀ ਨਰਿੰਦਰ ਮੋਦੀ ਵੱਲੋਂ ਮਰਹੂਮ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਪਰਵਾਰ ਵਿੱਚ ਨਵ ਜੰਮੇ ਬੱਚੇ ਬਾਰੇ ਜਾਣਕਾਰੀ ਮੰਗਣਾ ਇਹਨਾਂ ਦੀ ਬਿਮਾਰ ਮਾਨਸਿਕਤਾ ਤੇ ਜ਼ਾਲਮਾਨਾ ਕਾਰਵਾਈ ਹੈ, ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਰਦਾਰ ਗੁਰਦੀਪ ਸਿੰਘ ਖੁਣ ਖੁਣ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਟੀ ਦੀ ਇੱਕ ਵਿਸ਼ੇਸ਼ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਇਸ ਸਮੇਂ ਖੁਣ ਖੁਣ ਨੇ ਕਿਹਾ ਕਿ ਪਰਵਾਰ ਵਿੱਚ ਨਵ ਜੰਮੇ ਬੱਚੇ ਦੇ ਰੂਪ ਵਿੱਚ ਖੁਸ਼ੀਆਂ ਤੇ ਖੇੜਿਆਂ ਦਾ ਵਾਸਾ ਹੋਇਆ ਹੈ, ਪਰ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਦੀ ਨਲਾਇਕੀ ਕਾਰਨ ਉਹਨਾਂ ਨੂੰ ਵੱਡਾ ਦੁੱਖ ਸਹਿਣਾ ਪੈ ਰਿਹਾ ਹੈ। ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਸਰਕਾਰਾਂ ਦੀ ਇਸ ਘਨਾਉਣੀ ਕਾਰਵਾਈ ਦਾ ਸਖਤ ਵਿਰੋਧ ਕਰਨਗੇ ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ, ਮਾਸਟਰ ਕੁਲਦੀਪ ਸਿੰਘ ਮਸੀਤੀ, ਪਰਮਿੰਦਰ ਸਿੰਘ ਖਾਲਸਾ ਮਕੇਰੀਆਂ, ਸਤਵੰਤ ਸਿੰਘ ਮਰਾਦਪੁਰ, ਕਰਨੈਲ ਸਿੰਘ ਲਵਲੀ, ਸੁਖਵਿੰਦਰ ਸਿੰਘ ਹੁਸੈਨਪੁਰ, ਪ੍ਰਿਤਪਾਲ ਸਿੰਘ ਮੁਰਾਦਪੁਰ, ਗੁਰਦੇਵ ਸਿੰਘ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

## ਐਨ ਆਰ ਆਈ ਜਸਕਰਨ ਸਿੰਘ ਯੂ ਕੇ ਦਾ ਸਨਮਾਨ

**ਗੁਰਾਇਆ (ਬਿੰਦਰ ਸੁੰਮਨ)**

ਪਿੰਡਾਂ ਦੇ ਵਿਕਾਸ ਲਈ ਜਿੱਥੇ ਮੌਕੇ ਦੀਆਂ ਸਰਕਾਰਾਂ ਵਲੋਂ ਪਿੰਡਾਂ ਦੇ ਵਿਕਾਸ ਕੰਮਾਂ ਵਿੱਚ ਆਪਣਾ ਯੌਗਦਾਨ ਪਾ ਰਹੀਆਂ ਹਨ, ਉਥੇ ਪਿੰਡ ਦੇ ਐਨ ਆਰ ਵੀਰ ਵੀ ਆਪਣੇ ਪਿੰਡਾਂ ਦੇ ਵਿਕਾਸ ਕੰਮਾਂ ਲਈ ਆਪਣਾ ਵੱ ਡ ਮੁ ੱਲ ਾ ਯੋਗਦਾਨ ਪਾ ਰਹੇ ਹਨ, ਪਿੰਡ ਢੰਡਾ ਦੇ ਐਨ ਆਰ ਵੀਰ ਜਸਕਰਨ ਸਿੰਘ ਯੂ ਕੇ ਵਲੋਂ ਗੰਦੇ ਪਾਣੀ ਦੇ ਵਿਕਾਸ ਲਈ ਟਰੀਟਮੈਂਟ ਲਾਉਣ ਲਈ ਲੱਖਾਂ ਰੁਪਏ ਖਰਚ ਕੇ ਟਰੀਟਮੈਂਟ ਸਿਸਟਿਮ ਲਗਾਇਆ ਗਿਆ। ਪਿੰਡ ਦੇ ਵਿਕਾਸ ਲਈ ਲੱਖਾਂ ਰੁਪਏ ਖਰਚ ਕਰਨ 'ਤੇ ਪਿੰਡ ਦੇ ਪਤਵੰਤੇ ਸੱਜਣਾ ਵੱਲੋਂ ਜਸਕਰਨ ਸਿੰਘ ਯੂਕੇ ਦਾ ਸਨਮਾਨ ਕੀਤਾ ਗਿਆ, ਇਸ ਮੌਕੇ ਜਸਕਰਨ ਸਿੰਘ ਯੂਕੇ ਨੇ ਕਿਹਾ ਕਿ ਭਾਵੇ ਅਸੀਂ ਵਿਦੇਸ਼ਾ ਵਿੱਚ ਰਹਿ ਰਹੇ ਹਾਂ ਪਰ ਸਾਨੂੰ ਪਿੰਡ ਦੀ ਮਿੱਟੀ ਨਾਲ ਮੋਹ ਹੈ, ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਵੀ ਪਿੰਡ ਦੇ ਵਿਕਾਸ ਕੰਮਾਂ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਇਸ ਮੌਕੇ ਬਿੰਦਰ ਸੁੰਮਨ ਨੇ ਕਿਹਾ ਕਿ ਪਿੰਡ ਦੇ ਐਨ ਆਰ ਵੀਰਾਂ ਦੇ ਸਹਿਯੋਗ ਨਾਲ ਪਿੰਡ ਦੇ ਵਿਕਾਸ ਕੰਮ



ਵੱਡੀ ਪੱਧਰ 'ਤੇ ਕਰਵਾਏ ਗਏ ਹਨ, ਜਸਕਰਨ ਸਿੰਘ ਯੂਕੇ ਪਿਛਲੇ ਲੰਮੇ ਸਮੇਂ ਤੋਂ ਸਿਹਤ ਸਹੂਲਤਾਂ ਵਾਸਤੇ ਸਿਵਲ ਹਸਪਤਾਲ ਢੰਡਾ ਵਿੱਚ ਦਵਾਈ ਦੇ ਰਹੇ ਹਨ। ਇਸ ਮੌਕੇ ਸੰਤੋਖ ਸਿੰਘ ਯੂਕੇ, ਤਰਸੇਮ ਸਿੰਘ ਯੂਕੇ, ਗੁਰਨੇਕ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਅਵਤਾਰ ਲਾਲ ਪੰਚ, ਦਲਜੀਤ ਸਿੰਘ, ਬਿੰਦਰ ਸੁੰਮਨ ਤੋ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

## ਵਿੱਦਿਅਕ ਸੰਸਥਾਵਾਂ 'ਚ ਚਲਾਈ ਵੋਟਰ ਜਾਗਰੂਕਤਾ ਮੁਹਿੰਮ

**ਜਲੰਧਰ, (ਸੁਰਿੰਦਰ ਕੁਮਾਰ)** ਇੱਕ ਵਿਸ਼ਾਲ ਮੁਹਿੰਮ ਚਲਾ ਕੇ ਨੌਜਵਾਨ ਵੋਟਰਾਂ ਵਿੱਚ ਵੋਟ ਦੇ ਅਧਿਕਾਰ ਪ੍ਰਤੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨ ਦੇ ਮਕਸਦ ਨਾਲ ਸਿਸਟਮੈਟਿਕ ਵੋਟਰਜ਼ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ (ਸਵੀਪ) ਪ੍ਰੋਗਰਾਮ ਤਹਿਤ ਜਲੰਧਰ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਗਈ।ਇਸ ਮੁਹਿੰਮ ਤਹਿਤ ਸਕੂਲਾਂ, ਕਾਲਜਾਂ ਵਿੱਚ ਕੈਂਪਸ ਅੰਬੈਸਡਰਾਂ ਵੱਲੋਂ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਸੰਦੇਸ਼ ਦਿੱਤਾ ਗਿਆ ਤਾਂ ਜੋ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਜਾਗਰੂਕ ਕੀਤਾ ਜਾ ਸਕੇ।ਕੈਂਪਸ ਅੰਬੈਸਡਰਾਂ ਨੇ ਹੱਥਾਂ ਵਿੱਚ ਸਲੋਗਨਾਂ ਵਾਲੇ ਪੋਸਟਰ ਫੜ ਕੇ ਨੌਜਵਾਨਾਂ ਨੂੰ ਲੋਕਤੰਤਰ ਦੇ ਸਭ ਤੋਂ ਵੱਡੇ ਤਿਉਹਾਰ ਵਿੱਚ ਆਪਣੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੀ ਦੇਸ਼ ਵਿੱਚ 70 ਫੀਸਦੀ ਤੋਂ ਵੱਧ ਪੋਲਿੰਗ ਹਾਸਲ ਕਰਨ ਦਾ ਮਿਸ਼ਨ ਸ਼ੁਰੂ ਕੀਤਾ ਗਿਆ ਹੈ। ਇਸ ਮੁਹਿੰਮ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਵਿਦਿਆਰਥੀਆਂ ਨੂੰ ਆਪਣੇ ਘਰਾਂ ਤੇ ਸੁਸਾਇਟੀਆਂ ਵਿੱਚ ਜਾ ਕੇ ਜਾਗਰੂਕਤਾ ਪੈਦਾ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।ਇਸ ਤੋਂ ਪਹਿਲਾਂ ਨੌਜਵਾਨਾਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਦੀ ਸਹੁੰ ਵੀ ਚੁਕਾਈ ਗਈ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਓਰੀਐਂਟੇਸ਼ਨ ਸਮਾਗਮ



**ਕਪੂਰਥਲਾ, (ਹਨੀ)**-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਕਿੰਡਰ ਗਾਰਡਨ ਵਿੰਗ ਵੱਲੋਂ ਨਵੇਂ ਸੈਸ਼ਨ ਵਿੱਚ ਆਉਣ ਵਾਲੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਲਈ ਓਰੀਅਨ ਟੇਸ਼ਨ ਸਮਾਗਮ ਦਾ ਆਯੋਜਨ ਕੀਤਾ ਗਿਆ ।ਜਿਸ ਵਿੱਚ ਦਾਖਲਾ ਲੈਣ ਵਾਲੇ ਨਵੇਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਕੂਲ ਦੇ ਨਿਯਮਾਂ, ਯੂਨੀਫਾਰਮ ਅਤੇ ਫੋਨਿਕ ਸਾਊਂਡ ਉਚਾਰਨ ਸੰਬੰਧੀ ਜਾਣਕਾਰੀ ਦਿੱਤੀ ਗਈ ।ਨਵੇਂ ਆਏ ਵਿਦਿਆਰਥੀ ਆਪਣੇ ਮਾਪਿਆਂ ਨਾਲ ਪ੍ਰੋਗਰਾਮ ਦਾ ਹਿੱਸਾ ਬਣੇ।ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਕਿਹਾ ਕਿ ਜਿਸ ਸੋਚ ਨਾਲ ਮਾਪਿਆਂ ਨੇ ਸਾਡੇ ਅਦਾਰੇ ਪ੍ਰਤੀ ਆਪਣਾ ਵਿਸ਼ਵਾਸ ਦਿਖਾਇਆ ਹੈ, ਅਸੀਂ ਸੌ ਫੀਸਦੀ ਉਹਨਾਂ ਵੱਲੋਂ ਦੇਖੇ ਸੁਪਨਿਆਂ ਨੂੰ ਪੂਰਾ ਕਰਾਂਗੇ।ਉਨ੍ਹਾਂ ਕਿਹਾ ਕਿ ਅਦਾਰਾ ਮੈਨੇਜਿੰਗ ਕਮੇਟੀ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਦੀ ਅਗਵਾਈ ਵਿੱਚ ਨਵੀਆਂ ਬੁਲੰਦੀਆਂ ਨੂੰ ਛੂ ਰਿਹਾ ਹੈ, ਜੋ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ।

# ਡਾ. ਬੀ ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਨੇ ਮਨਾਇਆ ਕਾਂਸ਼ੀ ਰਾਮ ਦਾ ਜਨਮ ਦਿਵਸ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ ਵਲੋਂ ਬਹੁਜਨ ਸਮਾਜ ਪਾਰਟੀ, ਬਾਮਸੇਫ ਅਤੇ ਡੀ.ਐਸ. ਫੋਰ ਦੇ ਸੰਸਥਾਪਕ ਸਵ. ਕਾਂਸ਼ੀ ਰਾਮ ਦਾ ਜਨਮ ਦਿਨ ਡਾ. ਬੀ.ਆਰ. ਅੰਬੇਡਕਰ ਪਾਰਕ ਹਦੀਆਬਾਦ ਫਗਵਾੜਾ ਵਿਖੇ ਉਤਸ਼ਾਹ ਨਾਲ ਮਨਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਰਮੇਸ਼ ਕੌਲ ਅਤੇ ਪ੍ਰਧਾਨ ਸੀਤਾ ਕੌਲ ਦੀ ਅਗਵਾਈ ਹੇਠ ਆਯੋਜਿਤ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਬਸਪਾ ਦੇ ਕੌਮੀ ਜਨਰਲ ਸਕੱਤਰ ਧਰਮਵੀਰ ਅਸ਼ੋਕ ਅਤੇ ਸਾਬਕਾ ਕੌਮੀ ਉਪ ਪ੍ਰਧਾਨ ਜੈ ਪ੍ਰਕਾਸ਼ ਸ਼ਾਮਲ ਹੋਏ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਭੰਤੇ ਸਾਹਿਬਾਨ ਤੋਂ ਇਲਾਵਾ ਐਨ ਆਰ ਆਈ ਮਦਨ ਲਾਲ ਸਰੋਆ ਯੂ.ਕੇ. ਗੁਰਦਿਆਲ ਬੋਧ ਯੂ.ਕੇ. ਅਤੇ ਬਲਵਿੰਦਰ ਰਤਨ ਸਿਡਨੀ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਜਿੱਥੇ ਸਾਹਿਬ ਕਾਂਸ਼ੀ ਰਾਮ ਅਤੇ ਵਿਸ਼ਵ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਤਸਵੀਰਾਂ 'ਤੇ ਫੁੱਲਮਾਲਾਵਾਂ ਭੇਟ ਕੀਤੀਆਂ ਗਈਆਂ ਉੱਥੇ ਹੀ ਸਵ. ਕਾਂਸ਼ੀ ਰਾਮ ਦੇ ਜਨਮ ਦਿਨ ਦੀ ਖੁਸ਼ੀ ਵਿਚ ਕੇਕ ਵੀ ਕੱਟਿਆ ਗਿਆ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਸੰਜੀਵ ਭੌਰਾ, ਐਡਵੋਕੇਟ ਵਿਜੇ ਬੱਧਣ, ਵਿਸ਼ਾਲ ਖਹਿਰਾ, ਪੀ.ਡੀ. ਸ਼ਾਂਤ, ਲਲਿਤ ਕੁਮਾਰ ਅੰਬੇਡਕਰ ਆਦਿ ਨੇ ਆਪਣੇ ਵਢਮੁੱਲੇ ਵਿਚਾਰਾਂ ਰਾਹੀਂ ਸਾਹਿਬ ਕਾਂਸ਼ੀ ਰਾਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਮੁੱਖ ਮਹਿਮਾਨ ਧਰਮਵੀਰ ਅਸ਼ੋਕ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਜਿੱਥੇ ਸਮਾਜ ਦੇ ਦੱਬੇ ਕੁਚਲੇ ਅਤੇ ਪਿਛੜੇ ਸਮਾਜ ਨੂੰ ਸੰਵਿਧਾਨ ਵਿਚ ਬਰਾਬਰਤਾ ਦਾ ਅਧਿਕਾਰ ਲੈ ਕੇ ਦਿੱਤਾ ਸੀ ਉੱਥੇ ਹੀ ਸਾਹਿਬ ਕਾਂਸ਼ੀ ਰਾਮ ਨੇ ਬਸਪਾ, ਬਾਮਸੇਫ ਅਤੇ ਡੀ.ਐਸ. ਫੋਰ ਦਾ ਗਠਨ ਕਰਕੇ ਦਲਿਤ ਸਮਾਜ ਦੇ ਆਤਮ ਸਨਮਾਨ ਨੂੰ ਜਗਾਉਣ ਦਾ ਕੰਮ ਕੀਤਾ। ਇਸ ਮੌਕੇ ਬੱਚਿਆਂ ਨੇ ਕੋਰੀਉਗ੍ਰਾਫੀ ਅਤੇ ਮਿਸ਼ਨਰੀ ਗਾਇਕਾਂ ਮਲਕੀਤ ਬਬੇਲੀ, ਅਮਰਜੀਤ ਕੌਲ, ਰਾਣਾ ਦਲਵਾਨ ਨੇ ਕਵਿਤਾ ਤੇ ਜੋਸ਼ੀਲੇ ਗੀਤਾਂ ਰਾਹੀਂ ਸਾਹਿਬ ਕਾਂਸ਼ੀ ਰਾਮ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਯਾਦ ਕੀਤਾ। ਡਾ. ਅੰਬੇਡਕਰ ਸਪੋਰਟਸ ਕੱਲਬ ਹਦੀਆਬਾਦ ਦੀ ਟੀਮ ਨੂੰ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ। ਅਖੀਰ ਵਿਚ ਮੰਚ ਦਾ ਸੰਚਾਲਨ ਕਰਦਿਆਂ ਸੁਸਾਇਟੀ ਦੇ ਚੇਅਰਮੈਨ ਰਮੇਸ਼ ਕੌਲ ਨੇ ਸਮੂਹ ਪਤਵੰਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਰਿਆਤ ਬਾਹਰਾ 'ਵਰਸਿਟੀ ਵੱਲੋਂ ਰਾਸ਼ਟਰੀ ਗਣਿਤ ਦਿਵਸ 'ਤੇ ਦੋ ਰੋਜ਼ਾ ਵਰਕਸ਼ਾਪ

**ਮੋਹਾਲੀ, (ਗੁਰਜੀਤ ਬਿੱਲਾ)**

ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ ਸਾਇੰਸਿਜ਼ ਵੱਲੋਂ ਰਾਸ਼ਟਰੀ ਗਣਿਤ ਦਿਵਸ ਦੇ ਸਬੰਧ ਵਿੱਚ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਨੂੰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਅਤੇ ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ ਵੱਲੋਂ ਸਪਾਂਸਰ ਕੀਤਾ ਗਿਆ। ਇਸ ਦੌਰਾਨ 400 ਤੋਂ ਵੱਧ ਵਿਦਿਆਰਥੀਆਂ ਨੇ ਵੱਖ-ਵੱਖ ਸਮਾਗਮਾਂ ਅਤੇ ਮੁਕਾਬਲਿਆਂ ਵਿੱਚ ਹਿੱਸਾ ਲਿਆ।ਇਸ ਸਮਾਗਮ ਦੀ ਸ਼ੁਰੂਆਤ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਰੋਜ਼ਾਨਾ ਜੀਵਨ ਵਿੱਚ ਗਣਿਤ ਦੀ ਵਿਹਾਰਕ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਵਿਦਿਆਰਥੀਆਂ ਨੂੰ ਇਸ ਵਿਸ਼ੇ ਪ੍ਰਤੀ ਆਪਣਾ ਉਤਸ਼ਾਹ ਬਣਾਈ ਰੱਖਣ ਦੀ ਅਪੀਲ ਕੀਤੀ। ਡਾ. ਪਰਵਿੰਦਰ ਸਿੰਘ, ਵਾਈਸ-ਚਾਂਸਲਰ ਨੇ ਵਿਦਿਆਰਥੀਆਂ ਦੀ ਚਤੁਰਾਈ ਅਤੇ ਖੋਜ ਭਰਪੂਰ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ।ਇਸ ਮੌਕੇ ਐਮਸੀਐਮ ਡੀਏਵੀ, ਚੰਡੀਗੜ੍ਹ ਤੋਂ ਸੇਵਾਮੁਕਤ ਪ੍ਰੋਫੈਸਰ ਡਾ. ਨੀਲਾ ਪਵਾਰ ਵੱਲੋਂ ਮਾਹਿਰ ਸੂਝ ਸਾਂਝੀ ਕੀਤੀ ਗਈ, ਜਿਨ੍ਹਾਂ ਨੇ ਗਣਿਤ ਦੇ ਇਤਿਹਾਸਕ ਉਪਯੋਗਾਂ, ਖਾਸ ਕਰਕੇ ਆਰਕੀਟੈਕਚਰ ਅਤੇ ਮੂਰਤੀ ਕਲਾ ਵਿੱਚ ਗਣਿਤ ਦੀ ਵਿਆਖਿਆ ਕੀਤੀ। ਡਾ. ਸੁਚੇਤਾ ਦੱਤ, ਪੀਈਸੀ ਦੀ ਇੱਕ ਪ੍ਰੋਫੈਸਰ, ਨੇ ਇਸ ਬਾਰੇ ਗੱਲ ਕੀਤੀ ਕਿ ਕਿਵੇਂ ਕੋਡਿੰਗ ਅਤੇ ਗੁਪਤ ਕੋਡ (ਕ੍ਰਿਪਟੋਗ੍ਰਾਫੀ) ਕੰਪਿਊਟਰ ਨੈਟਵਰਕਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦੇ ਹਨ ਅਤੇ ਇਹ ਕਿਵੇਂ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਚੁਸਤ ਬਣਾਉਣ ਵਿੱਚ ਮਹੱਤਵਪੂਰਨ ਹਨ। ਯੂਨੀਵਰਸਿਟੀ ਸਕੂਲ ਆਫ ਸਾਇੰਸਿਜ਼ ਦੇ ਡੀਨ, ਪ੍ਰੋ. ਮਨੋਜ ਬਾਲੀ ਨੇ ਗਣਿਤ ਵਿੱਚ ਰਾਮਾਨੁਜਨ ਦੇ ਮਹੱਤਵਪੂਰਨ ਯੋਗਦਾਨਾਂ ਨੂੰ ਉਜਾਗਰ ਕੀਤਾ, ਜਿਸ ਵਿੱਚ ਉਨ੍ਹਾਂ ਦੀ ਮੁਢਲੀ ਖੋਜ ਅਤੇ ਮੋਢੀ ਫਾਰਮੂਲੇ ਸ਼ਾਮਲ ਹਨ, ਜੋ ਆਧੁਨਿਕ ਖੋਜਕਰਤਾਵਾਂ ਨੂੰ ਪ੍ਰੇਰਿਤ ਕਰਦੇ ਰਹਿੰਦੇ ਹਨ। ਇਸ ਵਰਕਸ਼ਾਪ ਦੀ ਸਮਾਪਤੀ ਈਵੈਂਟ ਦੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਨਾਲ ਹੋਈ, ਜਿਸ ਨਾਲ ਵਿਦਿਆਰਥੀਆਂ ਵਿੱਚ ਭਾਗੀਦਾਰੀ ਅਤੇ ਪ੍ਰੇਰਣਾ ਦੀ ਭਾਵਨਾ ਪੈਦਾ ਹੋਈ।



## ਪੀ ਸੀ ਐਮ ਐਸ ਡੀ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ

**ਜਲੰਧਰ ( ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਐਮ.ਕਾਮ. ਸਮੈਸਟਰ ਤੀਜੇ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਖੁਸ਼ੀ ਮਲਹੋਤਰਾ ਨੇ 550 ਵਿੱਚੋਂ 442 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਚੌਥਾ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਸੰਸਥਾ ਦਾ ਨਾਂਅ ਰੌਸ਼ਨ ਕਰਨ ਵਾਲੀ ਵਿਦਿਆਰਥਣ ਨੂੰ ਵਧਾਈ ਦਿੱਤੀ।



## ਨਿਹੰਗ ਬਾਬਾ ਰਸੂਲਪੁਰ ਨੇ ਰਾਸ਼ਨ ਦੇ ਟਰੱਕ ਅਯੁੱਧਿਆ ਭੇਜੇ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਦੁਨੀਆ ਭਰ ਦੇ ਸ਼ਰਧਾਲੂਆਂ ਦੀ ਸੇਵਾ ਕਰਨ ਦਾ ਕਰਮ ਅਤੇ ਸਮਰਪਣ ਦੀ ਭਾਵਨਾ ਨਾਲ ਨਿਹੰਗ ਬਾਬਾ ਹਰਜੀਤ ਸਿੰਘ ਰਸੂਲਪੁਰ ਅਤੇ ਭਾਜਪਾ ਦੇ ਸੀਨੀਅਰ ਆਗੂ ਵਿਨੀਤ ਜੋਸ਼ੀ ਨੇ ਪਿਛਲੇ ਦੋ ਮਹੀਨਿਆਂ ਤੋਂ ਅਯੁੱਧਿਆ ਰਾਮ ਮੰਦਿਰ ਵਿੱਚ ਨਿਰੰਤਰ ਜਾਰੀ ਲੰਗਰ ਸੇਵਾ ਲਈ ਚੰਡੀਗੜ੍ਹ ਤੋਂ ਇੱਕ ਵਾਰ ਫਿਰ ਲੱਖਾਂ ਦਾ ਰਾਸ਼ਨ ਨਾਲ ਭਰੇ ਟਰੱਕ ਰਵਾਨਾ ਕੀਤੇ। ਵਰਣਨਯੋਗ ਹੈ ਕਿ ਬਾਬਾ ਹਰਜੀਤ ਸਿੰਘ ਰਸੂਲਪੁਰ ਨਿਹੰਗ ਬਾਬਾ ਫਕੀਰ ਸਿੰਘ ਦੇ ਅੱਠਵੇਂ ਵੰਸ਼ਜ ਹਨ ਜਿਨ੍ਹਾਂ ਨੇ 1885 ਵਿਚ ਬਾਬਰੀ ਢਾਂਚੇ 'ਤੇ ਕਬਜ਼ਾ ਕਰਕੇ ਹਵਨ ਕੀਤਾ ਸੀ। ਨਿਹੰਗ ਬਾਬਾ ਫਕੀਰ ਸਿੰਘ ਖਾਲਸਾ ਦੀ ਭਗਵਾਨ ਰਾਮ ਪ੍ਰਤੀ ਸ਼ਰਧਾ ਅਤੇ ਵਿਸ਼ਵ ਭਰ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਸੇਵਾ ਲਈ ਨਿਹੰਗ ਬਾਬਾ ਹਰਜੀਤ ਸਿੰਘ ਰਸੂਲਪੁਰ ਵੱਲੋਂ ਬੀਤੀ 14 ਜਨਵਰੀ ਤੋਂ ਅਯੁੱਧਿਆ ਦੇ ਪ੍ਰਮੋਦਵਨ ਇਲਾਕੇ ਦੇ ਸ਼੍ਰੀ ਚਾਰ ਧਾਮ ਮੰਦਿਰ ਵਿਖੇ ਵਿਸ਼ਵ ਭਰ ਤੋਂ ਸੰਗਤਾਂ ਦੀ ਲੰਗਰ ਸੇਵਾ ਕੀਤੀ ਜਾ ਰਹੀ ਹੈ।ਚੰਡੀਗੜ੍ਹ ਦੇ ਸੈਕਟਰ 26 ਸਥਿਤ ਅਨਾਜ ਮੰਡੀ ਤੋਂ ਰਾਸ਼ਨ ਦੇ ਟਰੱਕ ਅਯੁੱਧਿਆ ਲਈ ਰਵਾਨਾ ਕਰਦੇ ਹੋਏ ਨਿਹੰਗ ਬਾਬਾ ਹਰਜੀਤ ਸਿੰਘ ਰਸੂਲਪੁਰ ਨੇ ਦੱਸਿਆ ਕਿ ਅਯੁੱਧਿਆ ਰਾਮ ਮੰਦਰ ਦੇ ਦਰਸ਼ਨਾਂ ਲਈ ਦੇਸ਼-ਵਿਦੇਸ਼ ਤੋਂ ਪਹੁੰਚ ਰਹੇ ਸ਼ਰਧਾਲੂਆਂ ਲਈ 24 ਘੰਟੇ ਲੰਗਰ ਸੇਵਾ ਜਾਰੀ ਰੱਖਣ ਲਈ ਚੰਡੀਗੜ੍ਹ ਤੋਂ ਦੁਬਾਰਾ ਇਕ ਵਾਰ ਫਿਰ ਕਰਿਆਨੇ ਦਾ ਸਮਾਨ ਭੇਜਿਆ ਗਿਆ ਹੈ।ਸਿੱਖ ਗੁਰੂਆਂ ਵਲੋਂ ਸ਼ੁਰੂ ਕੀਤੀ ਗਈ ਲੰਗਰ ਸੇਵਾ ਸਮਾਨਤਾ ਅਤੇ ਭਾਈਚਾਰੇ ਦਾ ਪ੍ਰਤੀਕ ਹੈ ਅਤੇ ਇਹ ਜ਼ਰੂਰੀ ਹੈ ਕਿ ਅਸੀਂ ਇਸ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖੀਏ।



# ਕਿਰਤੀ ਕਿਸਾਨ ਯੂਨੀਅਨ ਨੇ ਕੀਤਾ ਜ਼ੋਰਦਾਰ ਮੁਜਾਹਰਾ, ਪੁਲਸ ਵਿਰੁੱਧ ਕਾਰਵਾਈ ਦੀ ਕੀਤੀ ਮੰਗ

**ਜਲੰਧਰ (ਕੇਸਰ)**

ਕਿਰਤੀ ਕਿਸਾਨ ਯੂਨੀਅਨ ਨੇ ਬੀਤੀ 11 ਮਾਰਚ ਨੂੰ ਜਲੰਧਰ ਪੁਲਸ ਵਲੋਂ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਯੂਨੀਅਨ ਦੇ ਸੂਬਾਈ ਦਫਤਰ ਤੇ ਰੇਡ ਕਰਕੇ ਦਫਤਰ ਦੀ ਤਲਾਸ਼ੀ ਲੈਣ,ਦਫਤਰ ਸਟਾਫ ਨਾਲ ਦੁਰਵਿਹਾਰ ਕਰਕੇ ਹਿਰਾਸਤ ਵਿਚ ਲੈਣ ਅਤੇ ਦਫਤਰ ਦੀ ਤਾਲਾਬੰਦੀ ਕਰਨ ਵਿਰੁੱਧ ਜਲੰਧਰ ਵਿਖੇ ਜ਼ੋਰਦਾਰ ਮੁਜ਼ਾਹਰਾ ਕਰਕੇ ਇਸ ਕਾਰਵਾਈ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਯੂਨੀਅਨ ਦੀ ਅਗਵਾਈ ਹੇਠ ਪਹਿਲਾਂ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਵਿੱਚ ਇੱਕਠੇ ਹੋਏ ਕਿਸਾਨਾਂ ਨੇ ਰੈਲੀ ਕੀਤੀ, ਮਗਰੋਂ ਡਿਪਟੀ ਕਮਿਸ਼ਨਰ ਜਲੰਧਰ ਦੇ ਦਫਤਰ ਤੱਕ ਮੁਜ਼ਾਹਰਾ ਕਰਕੇ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਅਤੇ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਪੰਜਾਬ ਸਰਕਾਰ ਨੂੰ ਸਵਾਲ ਪੁੱਛਿਆ ਕਿ ਕੀ ਕਿਰਤੀ ਕਿਸਾਨ ਯੂਨੀਅਨ ਕੋਈ ਬੈਨ ਜੱਥੇਬੰਦੀ ਹੈ? ਉਨ੍ਹਾਂ ਕਿਹਾ ਕਿ ਯੂਨੀਅਨ ਦੇ ਦਫਤਰ ਦੀ ਤਾਲਾਬੰਦੀ ਕਰਨ ਅਤੇ ਅੰਦਰ ਵੜਕੇ ਤਲਾਸ਼ੀ ਲੈਣਾ ਜਲੰਧਰ ਪੁਲਸ ਦੀ ਭੜਕਾਹਟ ਭਰੀ ਗੈਰ ਕਾਨੂੰਨੀ ਅਤੇ ਫਾਸ਼ੀ ਹਰਕਤ ਹੈ। ਅਜਿਹੀਆਂ ਕੋਝੀਆਂ ਹਰਕਤਾਂ ਯੂਨੀਅਨ ਵਲੋਂ ਕਿਸਾਨੀ ਮੰਗਾਂ ਖਾਤਰ,ਭਾਰਤ ਪਾਕਿਸਤਾਨ ਵਪਾਰ ਪੰਜਾਬ ਦੇ ਸੜਕੀ ਲਾਂਘਿਆਂ ਰਾਹੀਂ ਖੋਲ੍ਹੇ ਜਾਣ ਦੀ ਮੰਗ ਅਤੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਉਠਾਈ ਜਾ ਰਹੀ ਆਵਾਜ਼ ਨੂੰ ਚੁੱਪ ਕਰਾਉਣ ਲਈ ਕੀਤੀਆਂ ਜਾ ਰਹੀਆਂ ਹਨ। ਸੂਬਾ ਮੀਤ ਪ੍ਰਧਾਨ ਜਤਿੰਦਰ ਸਿੰਘ ਛੀਨਾ ਅਤੇ ਸੂਬਾ ਆਗੂ



ਸਤਬੀਰ ਸਿੰਘ ਸੁਲਤਾਨੀ ਨੇ ਕਿਹਾ ਕਿ ਜੱਥੇਬੰਦੀ ਦੇ ਦਫਤਰ ਨੂੰ ਉਸ ਸਮੇਂ ਨਿਸ਼ਾਨਾ ਬਣਾਇਆ ਗਿਆ ਜਦੋਂ ਯੂਨੀਅਨ ਦਾ ਹਰ ਮੈਂਬਰ ਸੰਯੁਕਤ ਕਿਸਾਨ ਮੋਰਚਾ ਵਲੋਂ ਦਿੱਲੀ ਵਿਖੇ ਕੀਤੀ ਜਾ ਰਹੀ ਮਹਾਂਪੰਚਾਇਤ ਦੀਆਂ ਤਿਆਰੀਆਂ ਵਿੱਚ ਰੁੱਝਿਆ ਹੋਇਆ ਸੀ।ਕਿਸਾਨ ਆਗੂਆਂ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਪੁਲਸ ਯੂਨੀਅਨ ਦੇ ਦਫਤਰ ਦੇ ਅੰਦਰ ਵੜੀ ਹੈ ਅਤੇ ਤਾਲਾਬੰਦੀ ਵਰਗੀ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ ਜਿਸ ਨੂੰ ਚੁੱਪ ਕਰਕੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸੂਬਾ ਪ੍ਰੈਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ ਅਤੇ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਨੇ ਆਰ ਐਸ ਐਸ ਵਲੋਂ ਕਿਸਾਨੀ ਸੰਘਰਸ਼ ਨੂੰ ਵੱਖਵਾਦੀ, ਦਹਿਸ਼ਤਗਰਦ ਅਤੇ ਅਰਾਜਕ ਲੋਕਾਂ ਦਾ ਸੰਘਰਸ਼ ਦੱਸਣ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਅੰਗਰੇਜ਼ ਸਾਮਰਾਜ ਦੀ ਚਾਕਰੀ ਕਰਨ ਅਤੇ ਦੇਸ਼ ਨੂੰ ਫਿਰਕੂ ਲੀਹਾਂ ਤੇ ਵੰਡਣ ਵਾਲੇ ਆਰ ਐਸ ਐਸ ਨੂੰ ਇਹ ਗੱਲ ਕਦੀ ਸਮਝ ਨਹੀਂ ਆ ਸਕਦੀ ਕਿ ਪੰਜਾਬ ਅਤੇ ਦੇਸ਼ ਦੇ ਕਿਸਾਨਾਂ ਦਾ ਸਾਮਰਾਜ-ਕਾਰਪੋਰੇਟ ਵਿਰੋਧੀ ਸੰਘਰਸ਼ਾਂ ਦਾ ਲੰਮਾ ਅਤੇ ਸ਼ਾਨਾਮੱਤਾ ਇਤਿਹਾਸ ਰਿਹਾ ਹੈ। ਉਨ੍ਹਾਂ ਆਰ ਐਸ ਐਸ ਦੇ ਮਤੇ ਨੂੰ ਫਿਰਕੂ ਧਰੁਵੀਕਰਨ ਕਰਨ ਦੇ ਮਕਸਦ ਨਾਲ ਪਾਸ ਕੀਤਾ ਮਤਾ ਦੱਸਦਿਆਂ ਇਸ ਕਿਸਾਨ ਵਿਰੋਧੀ ਮਤੇ ਲਈ ਆਰ ਐਸ ਐਸ ਮੁਖੀ ਮੋਹਨ ਭਾਗਵਤ ਨੂੰ ਦੇਸ਼ ਦੇ ਕਿਸਾਨਾਂ ਤੋਂ ਮਾਫੀ ਮੰਗਣ ਦੀ ਮੰਗ ਕੀਤੀ।ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਕਸ਼ਮੀਰ ਸਿੰਘ ਅਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੁਖਜਿੰਦਰ ਸਿੰਘ, ਟਰੱਕ ਯੂਨੀਅਨ ਦੇ ਰਣਜੀਤ ਸਿੰਘ ਤੋਂ ਇਲਾਵਾ ਯੂਨੀਅਨ ਦੇ ਸੂਬਾਈ ਆਗੂਆਂ ਸੰਤੋਖ ਸਿੰਘ ਸੰਧੂ, ਹਰਦੀਪ ਕੌਰ ਕੋਟਲਾ, ਸੁਰਿੰਦਰ ਸਿੰਘ ਬੈਂਸ, ਬਲਵਿੰਦਰ ਸਿੰਘ ਭੁੱਲਰ, ਤਰਸੇਮ ਸਿੰਘ ਬੰਨਾਮੱਲ, ਸੁਖਚੈਨ ਸਿੰਘ, ਚਮਕੌਰ ਸਿੰਘ ਰੋਡੇ , ਨਛੱਤਰ ਸਿੰਘ ਤਰਨਤਾਰਨ, ਭੁਪਿੰਦਰ ਸਿੰਘ ਵੜੈਚ ਨੇ ਵੀ ਸੰਬੋਧਨ ਕੀਤਾ।

## ਨਵਾਂਸ਼ਹਿਰ ਦੇ ਰੇਹੜੀ ਵਰਕਰ ਅੱਜ ਹੜਤਾਲ ਕਰਕੇ ਪਹੁੰਚਣਗੇ ਖਟਕੜ ਕਲਾਂ

**ਨਵਾਂਸ਼ਹਿਰ (ਮਨੋਜ ਲਾਡੀ)**- ਰੇਹੜੀ ਵਰਕਰਜ਼ ਯੂਨੀਅਨ ਨਵਾਂਸ਼ਹਿਰ ਦੇ ਕਾਮੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 23 ਮਾਰਚ ਨੂੰ ਹੜਤਾਲ ਕਰਕੇ ਖੱਟਕੜ ਕਲਾਂ ਪਹੁੰਚਣਗੇ।ਇਸ ਸੰਬੰਧੀ ਸਥਾਨਕ ਬਾਰਾਦਰੀ ਬਾਗ ਵਿਖੇ ਯੂਨੀਅਨ ਦੀ ਮੀਟਿੰਗ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਨੇ ਦੱਸਿਆ ਕਿ ਯੂਨੀਅਨ ਨੇ 23 ਮਾਰਚ ਨੂੰ ਮੁਕੰਮਲ ਹੜਤਾਲ ਕਰਨ ਦਾ ਫੈਸਲਾ ਕੀਤਾ ਹੈ।ਇਸ ਦਿਨ ਜੇਕਰ ਕੋਈ ਰੇਹੜੀ ਵਰਕਰ ਰੇਹੜੀ ਲਾਕੇ ਯੂਨੀਅਨ ਦੇ ਫੈਸਲੇ ਦੀ ਉਲੰਘਣਾ ਕਰੇਗਾ ਤਾਂ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।ਉਹਨਾਂ ਕਿਹਾ ਕਿ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇਸ਼ ਦੇ ਆਜਾਦੀ ਸੰਗਰਾਮ ਦੇ ਮਹਾਨ ਸ਼ਹੀਦ ਹਨ।ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਅਸੀਂ 23 ਮਾਰਚ ਨੂੰ ਖੱਟਕੜ ਕਲਾਂ ਪਹੁੰਚ ਕੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕਰੀਏ।ਉਹਨਾਂ ਦੱਸਿਆ ਕਿ ਉਹਨਾਂ ਦਾ ਕਾਫਲਾ 23 ਮਾਰਚ ਨੂੰ ਸਵੇਰੇ 9 ਵਜੇ ਪੈਟਰੋਲ ਪੰਪ ਬੰਗਾ ਰੋਡ ਨਵਾਂਸ਼ਹਿਰ ਤੋਂ ਖੱਟਕੜ ਕਲਾਂ ਲਈ ਰਵਾਨਾ ਹੋਵੇਗਾ।

## ਸੰਗਰੂਰ 'ਚ ਨਕਲੀ ਸ਼ਰਾਬ ਨਾਲ 8 ਲੋਕਾਂ ਦੀ ਮੌਤ 'ਤੇ ਚੀਮਾ ਵੱਲੋਂ ਦੁੱਖ ਪ੍ਰਗਟ

**ਚੰਡੀਗੜ੍ਹ (ਕ੍ਰਿਸ਼ਨ ਗਰਗ)** -ਆਮ ਆਦਮੀ ਪਾਰਟੀ (ਆਪ) ਦੇ ਆਗੂ ਅਤੇ ਦਿੜ੍ਹਬਾ ਦੇ ਵਿਧਾਇਕ ਹਰਪਾਲ ਸਿੰਘ ਚੀਮਾ ਨੇ ਸੰਗਰੂਰ ਦੇ ਗੁੱਜਰਾਂ (ਦਿੜਬਾ) ਵਿੱਚ ਨਕਲੀ ਸ਼ਰਾਬ ਪੀਣ ਕਾਰਨ ਅੱਠ ਵਿਅਕਤੀਆਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪਰਵਾਰਾਂ ਦੇ ਨਾਲ ਹੈ।ਚੀਮਾ ਨੇ ਕਿਹਾ ਕਿ ਇਨ੍ਹਾਂ ਮੌਤਾਂ ਲਈ ਜ਼ਿੰਮੇਵਾਰ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਪੁਲਸ ਨੇ ਇਸ ਗੈਰ-ਕਾਨੂੰਨੀ ਸ਼ਰਾਬ ਦੇ ਕਾਰੋਬਾਰ ਕਰਨ ਵਾਲੇ ਲੋਕਾਂ ਨੂੰ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਹੈ ਅਤੇ 302 ਦੇ ਤਹਿਤ ਮਾਮਲਾ ਵੀ ਦਰਜ ਕਰ ਲਿਆ ਹੈ, ਸਰਕਾਰ ਉਨ੍ਹਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਨੂੰ ਯਕੀਨੀ ਬਣਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇੱਕ ਕਮੇਟੀ ਵੀ ਬਣਾਈ ਗਈ ਹੈ ਜੋ 72 ਘੰਟਿਆਂ ਵਿੱਚ ਆਪਣੀ ਰਿਪੋਰਟ ਦੇਵੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀ ਇਸ ਪ੍ਰਤੀ ਜ਼ੀਰੋ ਟੋਲਰੈਂਸ ਨੀਤੀ ਹੈ, ਉਨ੍ਹਾਂ ਨੇ ਨਕਲੀ ਸ਼ਰਾਬ ਦਾ ਸੇਵਨ ਕਰਨ ਤੋਂ ਬਾਅਦ ਹਸਪਤਾਲ ਵਿੱਚ ਦਾਖਲ ਹੋਏ ਲੋਕਾਂ ਦੇ ਜਲਦੀ ਠੀਕ ਹੋਣ ਦੀ ਵੀ ਕਾਮਨਾ ਕੀਤੀ।

23-MAR-PAGE-10.qxd 3/22/2024 9:19 PM Page 1



# ਆਗਾਮੀ ਚੋਣਾਂ 'ਚ ਯੂਥ ਵਿੰਗ ਨਿਭਾਵੇਗਾ ਅਹਿਮ ਭੂਮਿਕਾ : ਕਾਕਾ ਬਰਾੜ

■ ਵਿਧਾਇਕ ਕਾਕਾ ਬਰਾੜ ਨੇ ਯੂਥ ਕੋਆਰਡੀਨੇਟਰ ਰੌਬਿਨ ਵੜਿੰਗ ਦਾ ਕੀਤਾ ਸਨਮਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬੀਤੇ ਦਿਨੀਂ ਆਮ ਆਦਮੀ ਪਾਰਟੀ ਵੱਲੋਂ ਜਾਰੀ ਕੀਤੀਆਂ ਗਈਆਂ ਲਿਸਟਾਂ ਵਿੱਚ ਹਲਕਾ ਯੂਥ ਕੋਆਰਡੀਨੇਟਰ ਲਗਾਏ ਗਏ ਰੌਬਿਨ ਵੜਿੰਗ ਦੇ ਗ੍ਰਹਿ ਵਿਖੇ ਪਹੁੰਚ ਕੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਸਨਮਾਨਤ ਕੀਤਾ।ਇਸ ਮੌਕੇ ਮਾਰਕਿਟ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ ਲੁਬਾਣਿਆਂਵਾਲੀ ਸਮੇਤ ਪਿੰਡ ਦੀ ਟੀਮ ਹਾਜ਼ਰ ਸੀ।ਇਸ ਮੌਕੇ ਬੋਲਦਿਆਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਬੀਤੇ ਦਿਨੀਂ ਪਾਰਟੀ ਵੱਲੋਂ ਵੱਖ ਵੱਖ ਵਿੰਗਾਂ ਦੇ ਅਹੁਦੇਦਾਰਾਂ ਦੀਆਂ ਲਿਸਟਾਂ ਜਾਰੀ ਕੀਤੀਆਂ ਗਈਆਂ, ਜਿਸ ਵਿੱਚ ਹਲਕਾ ਕੋਆਰਡੀਨੇਟਰ ਨਿਯੁਕਤ ਕੀਤੇ ਗਏ, ਜਿਸ ਵਿੱਚ ਪਿੰਡ ਵੜਿੰਗ ਦੇ ਆਪ ਆਗੂ ਬਲਦੇਵ ਸਿੰਘ ਦੇ ਬੇਟੇ ਰੌਬਿਨ ਵੜਿੰਗ ਨੂੰ ਯੂਥ ਦੀ ਵਾਂਗਡੋਰ ਸੰਭਾਲੀ ਗਈ।ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੀ ਯੂਥ ਟੀਮ ਗਠਿਤ ਕੀਤੀ ਜਾਵੇਗੀ, ਜੋ ਲੋਕ ਸਭਾ ਚੋਣਾਂ 'ਚ ਅਹਿਮ ਰੋਲ ਅਦਾ ਕਰੇਗੀ।ਇਸ ਮੌਕੇ ਰੌਬਿਨ ਵੜਿੰਗ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੇ ਪਾਰਟੀ ਹਾਈਕਮਾਂਡ ਦੀ ਸੀਨੀਅਰ ਲੀਡਰਸ਼ਿਪ ਤੋਂ ਇਲਾਵਾ ਹਲਕੇ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਵਿਸ਼ਵਾਸ ਦੁਆਇਆ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।ਉਨ੍ਹਾਂ ਆਖਿਆ ਕਿ ਯੂਥ ਵਿੰਗ ਲੋਕ ਸਭਾ ਚੋਣਾਂ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਵੇਗਾ।ਇਸ ਮੌਕੇ ਵਾਈਸ ਪ੍ਰਧਾਨ ਸ਼ਮਸ਼ੇਰ ਸਿੰਘ ਵੜਿੰਗ, ਬਲਦੇਵ ਸਿੰਘ ਵੜਿੰਗ, ਸੀਨੀਅਰ ਆਗੂ ਧਰਮਜੀਤ ਸਿੰਘ ਵੜਿੰਗ, ਹਰਮੰਦਰ ਸਿੰਘ ਵੜਿੰਗ, ਰੇਸ਼ਮ ਸਿੰਘ, ਸੁੱਖਾ ਸਿੰਘ, ਯੂਥ ਆਗੂ ਰਾਜਵਿੰਦਰ ਸਿੰਘ ਗੋਲੂ, ਜਗਦੀਪ ਸਿੰਘ ਢਿੱਲੋਂ, ਗਗਨ ਜਿੰਦਲ, ਕਾਲੂ ਸੇਠ, ਕੰਗ ਮਰਾੜ ਆਦਿ ਹਾਜ਼ਰ ਸਨ।

# ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਚੋਣਾਂ ਸੰਬੰਧੀ ਰੈਲੀ



**ਰਾਜਪੁਰਾ (ਰਮੇਸ਼ ਕਟਾਰੀਆ)** ਇੱਥੋਂ ਦੇ ਸ਼ਹਾਵਲਪੁਰ ਭਵਨ ਵਿਖੇ ਆਮ ਆਦਮੀ ਪਾਰਟੀ ਵੱਲੋਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਸਬੰਧੀ ਵੱਡੀ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਪਾਰਟੀ ਉਮੀਦਵਾਰ ਡਾਕਟਰ ਬਲਬੀਰ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ।ਪਟਿਆਲਾ ਹਲਕੇ ਵਿੱਚ ਰਾਜਪੁਰਾ ਵਿਧਾਨ ਸਭਾ ਦੀ ਵਿਧਾਇਕ ਸ਼੍ਰੀਮਤੀ ਨੀਨਾ ਮਿੱਤਲ ਦੀ ਅਗਵਾਈ ਵਿੱਚ ਭਾਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਉਨ੍ਹਾ ਕਿਹਾ ਕਿ ਪਟਿਆਲਾ ਹਲਕੇ ਦੀਆਂ ਕਈ ਹਸਪਤਾਲਾਂ ਨੂੰ ਅੱਪਗ੍ਰੇਡ ਕਰ ਦਿੱਤਾ ਗਿਆ ਹੈ, ਜਿਸ ਨਾਲ ਸਿਹਤ ਸੇਵਾਵਾਂ ਵਿੱਚ ਕਾਫੀ ਸੁਧਾਰ ਹੋਇਆ ਹੈ।ਉਨ੍ਹਾ ਇਸ ਗੱਲ ਦਾ ਖੰਡਨ ਕੀਤਾ ਕਿ ਮੇਰੀ ਟਿਕਟ ਕੱਟ ਦਿੱਤੀ ਗਈ ਹੈ।ਮੈਂ ਚਟਾਨ ਵਾਂਗ ਚੋਣ ਮੈਦਾਨ ਵਿੱਚ ਡਟਿਆ ਹੋਇਆ ਹਾਂ।ਇਸ ਮੌਕੇ ਵਿਧਾਇਕ ਸ੍ਰੀਮਤੀ ਨੀਨਾ ਮਿੱਤਲ ਨੇ ਵੀ ਪਾਰਟੀ ਲਈ ਵੋਟਾਂ ਮੰਗੀਆਂ। ਇਸ ਮੌਕੇ ਕੁਆਰਡੀਨੇਟਰ ਸ਼ਾਮ ਸੁੰਦਰ ਵਧਵਾ, ਵਿਜੈ ਮੈਨਰੋ, ਜੈਟਸ ਗਰੁੱਪ ਦੇ ਪ੍ਰਧਾਨ ਗਗਨ ਖੁਰਾਣਾ ਸ਼ੰਟੀ, ਰੋਟਰੀ ਕਲੱਬ ਦੇ ਪ੍ਰਧਾਨ ਦੀਪੀ, ਨਗਰ ਕੌਂਸਲ ਦੇ ਮੀਤ ਪ੍ਰਧਾਨ ਰਾਜੇਸ਼ ਕੁਮਾਰ, ਅਮਰਿੰਦਰ ਪਾਲ ਮਿਰੀ, ਰਮੇਸ਼ ਕੁਮਾਰ ਪਾਹਵਾ ਦੇ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।

# ਪੁਲਸ ਵੱਲੋਂ 'ਕਾਸੋ ਆਪ੍ਰੇਸ਼ਨ' ਤਹਿਤ ਲੰਬੀ 'ਚ ਸਰਚ ਅਭਿਆਨ

**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)** ਸਥਾਨਕ ਪੁਲਸ ਵੱਲੋਂ ਸਬ ਡਵੀਜ਼ਨ ਲੰਬੀ ਵਿਖੇ 'ਕਾਸੋ ਆਪ੍ਰੇਸ਼ਨ' ਤਹਿਤ ਸਰਚ ਅਭਿਆਨ ਚਲਾਇਆ ਗਿਆ। ਇਹ ਸਰਚ ਅਭਿਆਨ ਸ. ਫਤਿਹ ਸਿੰਘ ਬਰਾੜ ਡੀ.ਐੱਸ.ਪੀ. (ਲੰਬੀ) ਦੀ ਅਗਵਾਈ ਵਿੱਚ ਐੱਸ ਆਈ ਰਣਜੀਤ ਸਿੰਘ ਮੁੱਖ ਅਫਸਰ ਥਾਣਾ ਕਬਰਵਾਲਾ, ਇੰਸਪੈਕਟਰ ਬਿਕਰਮਜੀਤ ਸਿੰਘ ਮੁੱਖ ਅਫਸਰ ਥਾਣਾ ਲੰਬੀ, ਐੱਸ ਆਈ ਬਲਰਾਜ ਸਿੰਘ ਮੁੱਖ ਅਫਸਰ ਥਾਣਾ ਕਿੱਲਿਆਂਵਾਲੀ, ਏ.ਐੱਸ.ਆਈ. ਸ਼ਵਿੰਦਰ ਸਿੰਘ ਇੰਚਾਰਜ ਚੌਂਕੀ ਪੰਨੀਵਾਲਾ, ਏ.ਐੱਸ.ਆਈ. ਹੰਸ ਰਾਜ ਇੰਚਾਰਜ ਚੌਂਕੀ ਭਾਈ ਕਾ ਕੇਰਾ ਤੇ 100 ਦੇ ਕਰੀਬ ਪੁਲਸ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਵੱਖ ਵੱਖ ਟੀਮਾਂ ਬਣਾ ਕੇ ਡਵੀਜ਼ਨ ਲੰਬੀ ਦੇ ਪਿੰਡਾਂ ਤੇ ਕਸਬਿਆਂ ਅੰਦਰ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਮੌਕੇ ਸ. ਫਤਿਹ ਸਿੰਘ ਬਰਾੜ ਡੀ.ਐੱਸ.ਪੀ. (ਲੰਬੀ) ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦਿਆਂ ਪੁਲਸ ਵੱਲੋਂ ਸਬ ਡਵੀਜ਼ਨ ਲੰਬੀ ਦੇ ਪਿੰਡਾਂ/ਕਸਬਿਆਂ ਅੰਦਰ ਸਰਚ ਕੀਤਾ ਗਿਆ। ਇਸ ਸਰਚ ਆਪ੍ਰੇਸ਼ਨ ਦੌਰਾਨ ਏਰੀਏ ਨੂੰ ਨਾਕਾ ਬੰਦੀ ਕਰ ਬਾਹਰ ਤੇ ਅੰਦਰ ਆਉਣ ਵਾਲੇ ਰਸਤਿਆਂ ਨੂੰ ਸੀਲ ਕੀਤਾ ਗਿਆ ਅਤੇ ਜਿਨ੍ਹਾਂ ਵਿਅਕਤੀਆਂ 'ਤੇ ਪਹਿਲਾਂ ਹੀ ਮੁਕੱਦਮੇ ਦਰਜ ਹਨ ਅਤੇ ਜਿਨ੍ਹਾਂ ਦੇ ਕ੍ਰੀਮੀਨਲ ਰਿਕਾਰਡ ਹਨ, ਉਨ੍ਹਾਂ ਘਰਾਂ/ਥਾਵਾਂ 'ਤੇ ਪੁਲਸ ਵੱਲੋਂ ਰੇਡ ਕਰ ਸਰਚ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਡੀ.ਐੱਸ.ਪੀ. ਨੇ ਦੱਸਿਆ ਕਿ ਇਸ ਕਾਸੋ ਪ੍ਰੋਗਰਾਮ ਤਹਿਤ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਵੱਖ ਵੱਖ ਥਾਣਿਆਂ ਵਿੱਚ 7 ਮੁਕੱਦਮੇ ਦਰਜ ਕਰ 2 ਕਿੱਲੋ ਅਫੀਮ, 240 ਨਸ਼ੀਲੀਆਂ ਗੋਲੀਆਂ, 20 ਗ੍ਰਾਮ ਹੈਰੋਇਨ, 2000 ਲਿਟਰ ਲਾਹਣ ਤੇ 18 ਬੋਤਲਾਂ ਨਜਾਇਜ਼ ਸ਼ਰਾਬ ਸਮੇਤ 7 ਦੋਸ਼ੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਡੀ.ਐੱਸ.ਪੀ. ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਤੁਹਾਡੇ ਨਜ਼ਦੀਕ ਕੋਈ ਨਸ਼ੇ ਵੇਚਣ ਦਾ ਕੰਮ ਕਰਦਾ ਹੈ ਤਾਂ ਇਸ ਦੀ ਜਾਣਕਾਰੀ ਸਾਨੂੰ ਸਾਡੇ ਹੈਲਪ ਲਾਇਨ ਨੰਬਰ 8054942100 'ਤੇ ਜਾਣਕਾਰੀ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।



ਸਬ ਡਵੀਜ਼ਨ ਲੰਬੀ ਵਿਖੇ ਕਾਸੋ ਆਪ੍ਰੇਸ਼ਨ ਤਹਿਤ ਘਰਾਂ ਦੀ ਤਲਾਸ਼ੀ ਲੈਂਦੇ ਹੋਏ ਪੁਲਸ ਅਧਿਕਾਰੀ ਤੇ ਕਰਮਚਾਰੀ।

## ਕਾਤਰਾਂ

### ਹਰਬੰਸ ਸਿੰਘ ਨਮਿੱਤ ਅੰਤਮ ਅਰਦਾਸ ਭਲਕੇ



**ਕੋਟਕਪੂਰਾ (ਰਛਪਾਲ ਭੁੱਲਰ)**-ਸਤਨਾਮ ਸਿੰਘ ਬੱਧਣ ਤੇ ਗੁਰਮੀਤ ਸਿੰਘ ਬੱਧਣ ਦੇ ਪਿਤਾ ਸ੍ਰ. ਹਰਬੰਸ ਸਿੰਘ ਬੱਧਣ ਸੇਵਾ ਮੁਕਤ ਬੀਈਪੀਓ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ, ਦੀ ਅੰਤਮ ਅਰਦਾਸ ਐਤਵਾਰ 24 ਮਾਰਚ ਨੂੰ ਗੁਰਦੁਆਰਾ ਸਾਹਿਬ ਮਾਤਾ ਦਇਆ ਕੌਰ ਜੀ ਫਰੀਦਕੋਟ ਰੋਡ ਕੋਟਕਪੂਰਾ ਵਿਖੇ ਹੋਵੇਗੀ।

### ਨੌਜਵਾਨ ਦੀ ਸੜਕ ਹਾਦਸੇ 'ਚ ਮੌਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੀਤੀ ਦੇਰ ਸ਼ਾਮ ਇੱਥੋਂ ਦੇ ਨੌਜਵਾਨ ਗੁਰਪ੍ਰੀਤ ਸਿੰਘ (34) ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਗੁਰਪ੍ਰੀਤ ਸਿੰਘ ਕੁਝ ਕੁ ਮਹੀਨੇ ਪਹਿਲਾਂ ਹੀ ਸਾਊਦੀ ਅਰਬ ਤੋਂ ਆਇਆ ਸੀ ਤੇ ਉਹ ਕੱਲ੍ਹ ਦੇਰ ਸ਼ਾਮ ਪਿੰਡ ਕਕਰਾਲਾ ਤੋਂ ਆਪਣੇ ਘਰ ਮਾਛੀਵਾੜਾ ਵੱਲ ਨੂੰ ਮੋਟਰਸਾਈਕਲ 'ਤੇ ਸਵਾਰ ਹੋ ਕੇ ਆ ਰਿਹਾ ਸੀ। ਰਸਤੇ ਵਿੱਚ ਪਿੰਡ ਸਹਿਜੋ ਮਾਜਰਾ ਨੇੜੇ ਇੱਕ ਸਾਈਕਲ ਸਵਾਰ ਨੂੰ ਬਚਾਉਂਦੇ ਹੋਏ ਉਸ ਦਾ ਮੋਟਰਸਾਈਕਲ ਹਾਦਸਾਗ੍ਰਸਤ ਹੋ ਗਿਆ ਤੇ ਚਾਲਕ ਗੁਰਪ੍ਰੀਤ ਸਿੰਘ ਸਿਰ ਦੇ ਭਾਰ ਸੜਕ 'ਤੇ ਜਾ ਗਿਰਿਆ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਮ੍ਰਿਤਕ ਆਪਣੇ ਪਿੱਛੇ ਪਤਨੀ ਤੇ 11 ਸਾਲਾ ਬੱਚਾ ਛੱਡ ਗਿਆ।

### ਘਰ 'ਚੋਂ ਨਗਦੀ ਤੇ ਗਹਿਣੇ ਚੋਰੀ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ਹਿਰ ਵਿੱਚ ਇੱਕ ਘਰ ਵਿੱਚੋਂ ਰਾਤ ਸਮੇਂ ਚੋਰਾਂ ਨੇ ਇੱਕ ਚੋਰ ਨਗਦੀ ਤੇ ਸੋਨਾ ਚੋਰੀ ਕਰ ਲਿਆ।ਇਸ ਸਬੰਧੀ ਸੂਚਨਾ ਮਿਲਣ 'ਤੇ ਪੁਲਸ ਨੇ ਚੋਰਾਂ ਦੀ ਭਾਲ ਸ਼ੁਰੂ ਕਰਦਿਆਂ ਛੇਤੀ ਹੀ ਚੋਰਾਂ ਨੂੰ ਫੜ ਲੈਣ ਦਾ ਦਾਅਵਾ ਕੀਤਾ ਹੈ।ਜਾਣਕਾਰੀ ਦਿੰਦਿਆਂ ਸ਼ਹਿਰ ਦੇ ਵਾਰਡ ਨੰਬਰ 15 ਦੇ ਵਸਨੀਕ ਬਲਵਿੰਦਰ ਸਿੰਘ ਨੇ ਦੱਸਿਆ ਉਹ ਕੱਪੜੇ ਦੀ ਦੁਕਾਨ 'ਤੇ ਨੌਕਰੀ ਕਰਦਾ ਹੈ। ਕੁੱਝ ਦਿਨਾਂ ਤੋਂ ਉਸ ਦੀ ਪਤਨੀ ਬੱਚਿਆਂ ਸਮੇਤ ਪੇਕੇ ਗਈ ਹੋਈ ਸੀ ਤਾਂ ਬੀਤੀ ਦਿਨ ਸ਼ਾਮ ਨੂੰ ਉਹ ਵੀ ਉਨ੍ਹਾਂ ਨੂੰ ਲੈਣ ਲਈ ਸਹੁਰੇ ਪਿੰਡ ਹਰਿਆਉ ਚਲਾ ਗਿਆ, ਜਦੋਂ ਉਹ ਸਵੇਰ ਸਮੇਂ ਆਪਣੇ ਘਰ ਵਾਪਸ ਆਇਆ ਤਾਂ ਘਰ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ ਤੇ ਕਮਰੇ ਅੰਦਰ ਸਾਮਾਨ ਖਿੱਲਰਿਆ ਪਿਆ ਸੀ ਅਤੇ ਪਤਨੀ ਦੇ ਗਹਿਣੇ ਤੇ ਨਗਦੀ ਨਾਲ ਲੱਗਦੇ ਮਕਾਨ ਲੈਣ ਲਈ ਲਿਆਂਦੇ ਤਿੰਨ ਲੱਖ 70 ਹਜ਼ਾਰ ਰੁਪਏ ਗਾਇਬ ਸਨ ਤੇ ਕਰੀਬ 7 ਤੋਲੇ ਸੋਨੇ ਦੇ ਚੋਰੀ ਹੋਏ ਗਹਿਣਿਆਂ ਸਮੇਤ ਕਰੀਬ 7 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।

### ਠੇਕਿਆਂ ਦੀ ਨਿਲਾਮੀ ਮੁਅੱਤਲ

**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ)**-ਦਫ਼ਤਰ ਸਹਾਇਕ ਕਮਿਸ਼ਨਰ (ਆਬਕਾਰੀ) ਬਠਿੰਡਾ ਰੇਂਜ ਬਠਿੰਡਾ ਦੇ ਬੁਲਾਰੇ ਨੇ ਦੱਸਿਆ ਕਿ ਬਠਿੰਡਾ ਰੇਂਜ ਅਧੀਨ ਪੈਂਦੇ ਜ਼ਿਲ੍ਹੇ (ਬਠਿੰਡਾ-1, ਬਠਿੰਡਾ-2 ਤੇ ਮਾਨਸਾ) ਦੀ ਸਾਲ 2024-25 ਲਈ ਹੋਣ ਵਾਲੇ ਠੇਕਿਆਂ ਦੀ ਨਿਲਾਮੀ 22 ਮਾਰਚ 2024 ਨੂੰ ਰੱਖੀ ਗਈ ਸੀ।ਦਫ਼ਤਰ ਸਹਾਇਕ ਕਮਿਸ਼ਨਰ (ਆਬਕਾਰੀ) ਬਠਿੰਡਾ ਰੇਂਜ ਬਠਿੰਡਾ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਨਿਲਾਮੀ ਅਗਲੇ ਹੁਕਮਾਂ ਤੱਕ ਮੁਅੱਤਲ ਕੀਤੀ ਜਾਂਦੀ ਹੈ।

### ਮੁਹਾਲੀ ਰੋਸ ਮੁਜ਼ਾਹਰੇ ਲਈ ਆਪ ਵਰਕਰਾਂ ਦਾ ਜਥਾ ਰਵਾਨਾ

**ਕੋਟਕਪੂਰਾ (ਰਛਪਾਲ ਭੁੱਲਰ)**-ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਅਤੇ ਕੇਂਦਰ ਸਰਕਾਰ ਦੀਆਂ ਤਾਨਾਸ਼ਾਹੀ ਨੀਤੀਆਂ ਖਿਲਾਫ ਮੁਹਾਲੀ ਵਿਖੇ ਰੋਸ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਲਈ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਢਿੱਲਵਾਂ, ਮਨਪ੍ਰੀਤ ਸਿੰਘ ਧਾਲੀਵਾਲ, ਗੁਰਮੀਤ ਸਿੰਘ ਚੇਅਰਮੈਨ ਤੇ ਸੁਖਵੰਤ ਸਿੰਘ ਪੱਕਾ ਜ਼ਿਲ੍ਹਾ ਯੂਥ ਪ੍ਰਧਾਨ ਦੀ ਅਗਵਾਈ ਹੇਠ ਕਾਫ਼ਿਲਾ ਕੋਟਕਪੂਰਾ ਤੋਂ ਰਵਾਨਾ ਹੋਇਆ। ਇਸ ਮੌਕੇ ਮੇਹਰ ਸਿੰਘ ਚਾਨੀ, ਮਨਜੀਤ ਸ਼ਰਮਾ, ਅਮਰੀਕ ਸਿੰਘ ਡੱਗੋ ਰੁਮਾਣਾ, ਮਿੰਟੂ ਗਿੱਲ, ਇੰਦਰਜੀਤ ਸਿੰਘ ਨਿਆਮੀਵਾਲਾ, ਬੱਬੀ ਵਾਂਦਰ ਜਟਾਣਾ, ਬੂਟਾ ਸਿੰਘ ਢਿੱਲੋਂ, ਐੱਸ ਪੀ ਪੇਂਟਰ, ਪ੍ਰਗਟ ਸਿੰਘ ਵਾਂਦਰ ਜਟਾਣਾ, ਡਾਕਟਰ ਜਗਸੀਰ ਸਿੰਘ, ਪਰਮਿੰਦਰ ਸਿੰਘ ਪਿੰਦਾ, ਸੁਖਦੇਵ ਸਿੰਘ ਕੂਕਾ, ਸਤਪਾਲ ਮਲਿਕ, ਜਿੰਪਾ ਭਾਣਾ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਅਹੁਦੇਦਾਰ ਹਾਜ਼ਰ ਸਨ।

# ਨਸ਼ਾ ਤਸਕਰਾਂ 'ਤੇ ਕਾਨੂੰਨੀ ਸ਼ਿਕੰਜਾ ਕੱਸੇ ਪੁਲਸ : ਦਰਸ਼ਨ ਕਾਂਗੜਾ

■ ਪੀੜਤ ਪਰਵਾਰਾਂ ਨੂੰ 50-50 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ



**ਸੰਗਰੂਰ (ਪ੍ਰਵੀਨ ਸਿੰਘ)**-ਬੀਤੇ ਦਿਨੀਂ ਜ਼ਿਲ੍ਹਾ ਸੰਗਰੂਰ ਦੇ ਪਿੰਡ ਗੁੱਜਰਾਂ ਵਿਖੇ ਜ਼ਹਿਰੀਲੀ ਸ਼ਰਾਬ ਪੀਣ ਨਾਲ 8 ਲੋਕਾਂ ਦੀ ਮੌਤ ਹੋਣ ਤੇ 12 ਲੋਕਾਂ ਦੀ ਹਾਲਤ ਗੰਭੀਰ ਹੋਣ 'ਤੇ ਸਾਰੇ ਪਿੰਡ ਵਿੱਚ ਮਾਤਮ ਛਾਇਆ ਹੋਇਆ ਹੈ।ਇਸ ਲਪੇਟ ਵਿੱਚ ਆਏ ਸਾਰੇ ਹੀ ਵਿਅਕਤੀ ਗਰੀਬ ਤੇ ਦਲਿਤ ਭਾਈਚਾਰੇ ਨਾਲ ਸਬੰਧਤ ਦੱਸੇ ਜਾਂਦੇ ਹਨ, ਜਿਸ ਸਬੰਧੀ ਦੇਸ਼ ਦੀ ਪ੍ਰਸਿੱਧ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ (ਭਾਰਤ) ਵੱਲੋਂ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਨੂੰ 50-50 ਲੱਖ ਰੁਪਏ ਮੁਆਵਜ਼ਾ ਤੇ ਇੱਕ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਹੈ, ਜਿਸ ਸਬੰਧੀ ਗੱਲਬਾਤ ਕਰਦਿਆਂ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਨੇ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਘਟਨਾ ਹੈ, ਜਿਸ 'ਤੇ ਮਿਸ਼ਨ ਗਹਿਰਾ ਦੁੱਖ ਪ੍ਰਗਟ ਕਰਦਾ ਹੈ। ਉਨ੍ਹਾ ਕਿਹਾ ਕਿ ਬੇਸ਼ੱਕ ਪੁਲਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਵਿੱਢੀ ਹੋਈ ਹੈ, ਪ੍ਰੰਤੂ ਅਜੇ ਵੀ ਪਿੰਡਾਂ ਤੇ ਦਲਿਤ ਬਸਤੀਆਂ ਵਿੱਚ ਖੁੱਲੇਆਮ ਹਰ ਤਰ੍ਹਾਂ ਦੇ ਨਸ਼ੇ ਵਿੱਕ ਰਹੇ ਹਨ, ਜੋ ਭਾਰੀ ਚਿੰਤਾ ਦਾ ਵਿਸ਼ਾ ਹੈ।ਉਨ੍ਹਾ ਕਿਹਾ ਕਿ ਪੁਲਸ ਪ੍ਰਸ਼ਾਸਨ ਨੂੰ ਨਸ਼ਾ ਤਸਕਰਾਂ ਖਿਲਾਫ਼ ਹੋਰ ਸ਼ਿਕੰਜਾ ਕੱਸਣ ਦੀ ਲੋੜ ਹੈ ਤਾਂ ਜੋ ਕੀਮਤੀ ਜਾਨਾਂ ਬਚਾਈਆਂ ਜਾ ਸਕਣ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਜੋ ਲੋਕ ਇਸ ਜ਼ਹਿਰੀਲੀ ਸ਼ਰਾਬ ਦੀ ਲਪੇਟ ਵਿੱਚ ਆਏ ਹਨ, ਉਹ ਸਾਰੇ ਹੀ ਗਰੀਬ ਤੇ ਦਲਿਤ ਸਮਾਜ ਨਾਲ ਸੰਬੰਧਤ ਹਨ, ਜਿਨ੍ਹਾਂ ਦੀ ਮੌਤ ਨਾਲ ਪਰਿਵਾਰ ਦੀ ਹਾਲਤ ਬਹੁਤ ਹੀ ਮਾੜੀ ਹੋ ਗਈ ਹੈ।

ਉਹ ਸਰਕਾਰ ਤੋਂ ਮੰਗ ਕਰਦੇ ਹਨ ਕਿ ਮ੍ਰਿਤਕਾਂ ਦੇ ਪਰਿਵਾਰ ਨੂੰ 50-50 ਲੱਖ ਰੁਪਏ ਮੁਆਵਜ਼ਾ, ਪਰਿਵਾਰ ਦੇ ਇੱਕ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਤੇ ਇਸ ਘਟਨਾ ਨੂੰ ਅੰਜਾਮ ਪਹੁੰਚਾਉਣ ਵਾਲੇ ਲੋਕਾਂ ਖਿਲਾਫ ਕਤਲ ਤੇ ਐੱਸ ਸੀ, ਐੱਸ ਟੀ ਐਕਟ ਤਹਿਤ ਕੇਸ ਦਰਜ ਕਰਕੇ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ, ਜੋ ਵਿਅਕਤੀ ਜ਼ੇਰੇ ਇਲਾਜ ਹਨ, ਉਨ੍ਹਾਂ ਦੇ ਇਲਾਜ ਦਾ ਸਾਰਾ ਖਰਚਾ ਸਰਕਾਰ ਆਪਣੀ ਤਰਫੋਂ ਕਰੇ ਤੇ ਉਨ੍ਹਾਂ ਨੂੰ 50-50 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ।

# ਈ ਰਿਕਸ਼ਾ ਚਲਾਉਣ ਵਾਲਿਆਂ ਨੂੰ ਸਖਤ ਹਦਾਇਤਾਂ

**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੀਜਨਲ ਟਰਾਂਸਪੋਰਟ ਦਫਤਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਈ ਰਿਕਸ਼ਾ ਯੂਨੀਅਨ ਨੂੰ ਬੁਲਾ ਕੇ ਮੀਟਿੰਗ ਕੀਤੀ ਗਈ। ਇਸ ਦੌਰਾਨ ਰੀਜਨਲ ਟਰਾਂਸਪੋਰਟ ਅਫਸਰ ਡਾ. ਸਜੀਵ ਕੁਮਾਰ ਤੇ ਰੀਜਨਲ ਟਰਾਂਸਪੋਰਟ ਸਹਾਇਕ ਅਫਸਰ ਸ੍ਰੀ ਸਲਿੰਦਰ ਗੋਇਲ ਵੱਲੋਂ ਸਾਂਝੇ ਤੌਰ 'ਤੇ ਰਿਕਸ਼ਾ ਯੂਨੀਅਨ ਨੂੰ ਹਦਾਇਤਾਂ ਕੀਤੀਆਂ ਗਈਆਂ ਕਿ ਸ਼ਹਿਰ ਵਿੱਚ ਜੋ ਵੀ ਈ ਰਿਕਸ਼ਾ ਚੱਲ ਰਹੇ ਹਨ, ਉਨ੍ਹਾਂ ਕੋਲ ਡਰਾਈਵਿੰਗ ਲਾਇਸੰਸ ਤੇ ਹੋਰ ਜ਼ਰੂਰੀ ਦਸਤਾਵੇਜ਼ ਹੋਣੇ ਲਾਜ਼ਮੀ ਹਨ।ਇਸ ਤੋਂ ਇਲਾਵਾ ਅਪਾਹਜ ਵਿਅਕਤੀਆਂ ਜਾਂ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਵੱਲੋਂ ਸ਼ਹਿਰ ਵਿੱਚ ਕੋਈ ਵੀ ਈ ਰਿਕਸ਼ਾ ਨਾ ਚਲਾਇਆ ਜਾਵੇ ਤੇ ਸੜਕੀ ਨਿਯਮਾਂ ਦੀ ਪਾਲਣਾ ਕੀਤੀ ਜਾਵੇ।ਇਸ ਸਮੇਂ ਗੱਲਬਾਤ ਕਰਦਿਆਂ ਸ੍ਰੀ ਸਲਿੰਦਰ ਗੋਇਲ ਨੇ ਦੱਸਿਆ ਕਿ ਸ਼ਹਿਰ ਵਿੱਚ ਈ ਰਿਕਸ਼ਾ ਕਾਫੀ ਗਿਣਤੀ ਵਿੱਚ ਚੱਲ ਰਹੇ ਹਨ ਤੇ ਸੜਕੀ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ, ਜਿਸ ਕਰਕੇ ਸ਼ਹਿਰ ਵਿੱਚ ਟ੍ਰੈਫਿਕ ਦੀ ਕਾਫੀ ਸਮੱਸਿਆ ਆ ਰਹੀ ਹੈ।ਸੋ, ਇਸ ਗੱਲ ਨੂੰ ਮੱਦੇਨਜ਼ਰ ਰੱਖਦੇ ਹੋਏ ਅੱਜ ਈ ਰਿਕਸ਼ਾ ਯੂਨੀਅਨ ਵਾਲਿਆਂ ਨੂੰ ਲਾਇਸੰਸ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਜਲਦ ਹੀ ਸ਼ਹਿਰ ਵਿੱਚ ਈ ਰਿਕਸ਼ਾ ਦੀ ਜੋ ਪ੍ਰੇਸ਼ਾਨੀ ਚੱਲ ਰਹੀ ਹੈ, ਉਹ ਯੂਨੀਅਨ ਨਾਲ ਗੱਲਬਾਤ ਕਰਕੇ ਸੁਲਝਾਈ ਜਾਵੇਗੀ।ਇਸ ਮੌਕੇ ਈ ਰਿਕਸ਼ਾ ਯੂਨੀਅਨ ਪ੍ਰਧਾਨ ਦੀਪਕ ਕੁਮਾਰ, ਵਿੱਕੀ ਕੁਮਾਰ, ਅਭਿਸ਼ੇਕ, ਗੁਰਪ੍ਰੀਤ ਸਿੰਘ ਪ੍ਰਧਾਨ ਤੇ ਸਮੂਹ ਰੀਜਨਲ ਟਰਾਂਸਪੋਰਟ ਦਫਤਰ ਦੇ ਕਰਮਚਾਰੀ ਹਾਜ਼ਰ ਸਨ।

# ਮੋਦੀ ਸਰਕਾਰ ਦੇ ਸਭ ਝੂਠ ਦੇ ਪਾਏ ਪਰਦੇ ਸਾਹਮਣੇ ਆ ਰਹੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਇੰਡੀਆ ਮੁਲਕ ਵਿੱਚ ਜੋ ਆਮ ਜਨਤਾ ਵਿੱਚ ਪ੍ਰਚਲਤ ਪੂੰਜੀ ਹੈ, ਉਸ ਦਾ ਵੱਡਾ ਹਿੱਸਾ ਮੁਲਕ ਦੇ ਕੁਝ ਗਿਣਤੀ ਦੇ ਧਨਾਢਾਂ ਦੀਆਂ ਤਿਜੌਰੀਆਂ ਵਿੱਚ ਜਾਂ ਤਾਂ ਬੰਦ ਹੈ ਜਾਂ ਫਿਰ ਉਨ੍ਹਾਂ ਦੇ ਕਾਰੋਬਾਰਾਂ ਵਿੱਚ ਲੱਗਿਆ ਹੋਇਆ ਹੈ। 1% ਲੋਕ ਬਹੁਤ ਵੱਡੀ ਅਮੀਰੀ ਵਿੱਚ ਜ਼ਿੰਦਗੀ ਬਤੀਤ ਕਰ ਰਹੇ ਹਨ, ਜਦੋਂਕਿ 99% ਨਿਵਾਸੀ ਗਰੀਬੀ ਤੇ ਮੱਧਵਰਗੀ ਸਥਿਤੀ ਵਿੱਚ ਵਿਚਰ ਰਹੇ ਹਨ।ਬੇਸ਼ੱਕ ਮੋਦੀ ਹਕੂਮਤ ਤੇ ਉਨ੍ਹਾਂ ਦੇ ਪੱਖ ਵਿੱਚ ਪ੍ਰਚਾਰ ਕਰ ਰਿਹਾ ਮੀਡੀਆ ਇਥੇ ਹਰ ਤਰ੍ਹਾਂ ਦੀਆਂ ਦਰਪੇਸ਼ ਮੁਸ਼ਕਲਾਂ ਨੂੰ ਨਜ਼ਰ ਅੰਦਾਜ਼ ਕਰਕੇ ਸਮੁੱਚੇ ਮੁਲਕ ਨਿਵਾਸੀਆਂ ਦੀ ਤਰੱਕੀ ਤੇ ਅੱਛੇ ਜੀਵਨ ਦਾ ਪ੍ਰਚਾਰ ਕਰ ਰਹੇ ਹਨ, ਪਰ ਅਸਲੀਅਤ ਵਿੱਚ ਸਥਿਤੀ ਬਿਲਕੁਲ ਉਲਟ ਹੈ।ਬਹੁਤੇ ਲੋਕਾਂ ਕੋਲ ਆਪਣੇ ਰਹਿਣ ਲਈ ਮਕਾਨ, ਰੋਜ਼ੀ ਰੋਟੀ, ਪਹਿਨਣ ਲਈ ਕੱਪੜਾ ਆਦਿ ਦੀਆਂ ਮੁੱਢਲੀਆਂ ਸਹੂਲਤਾਂ ਵੀ ਪ੍ਰਾਪਤ ਨਹੀਂ ਹਨ।ਇਸ ਸੰਬੰਧੀ ਅਸੀਂ ਸਮੇਂ-ਸਮੇਂ ਮੁਲਕ ਦੇ ਵੱਖ-ਵੱਖ ਹਿੱਸਿਆਂ 'ਚੋਂ ਝੁੱਗੀਆਂ, ਝੌਂਪੜੀਆਂ ਤੇ ਬਹੁਤ ਹੀ ਤਰਸਯੋਗ ਸਥਿਤੀ ਵਿੱਚ ਜੀਵਨ ਬਤੀਤ ਕਰ ਰਹੇ ਨਿਵਾਸੀਆਂ ਦੀਆਂ ਤਸਵੀਰਾਂ ਵੀ ਪ੍ਰਕਾਸ਼ਤ ਕਰਦੇ ਰਹਿੰਦੇ ਹਾਂ, ਪਰ ਸਰਕਾਰ ਆਪਣੀਆਂ ਪ੍ਰਾਪਤੀਆਂ ਤੇ ਮੁਲਕ ਦੀ ਤਰੱਕੀ ਦਾ ਗੁੰਮਰਾਹਕੁਨ ਪ੍ਰਚਾਰ ਕਰਕੇ ਝੂਠ ਦਾ ਪਸਾਰਾ ਕਰ ਰਹੀ ਹੈ।

ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਐੱਮ ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅਖਬਾਰਾਂ ਵਿੱਚ ਵਰਲਡ ਇਨਇਕੁਐਲਿਟੀ ਲੈਬ ਵੱਲੋਂ ਦਿੱਤੀ ਗਈ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਅਤੇ ਇਥੋਂ ਦੀ ਅਸਲ ਸਥਿਤੀ ਬਾਰੀ ਜਾਣਕਾਰੀ ਦਿੰਦੇ ਹੋਏ ਪ੍ਰਗਟ ਕੀਤੇ।ਉਨ੍ਹਾ ਕਿਹਾ ਕਿ ਇਸ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਇੰਡੀਆ ਵਿੱਚ ਵਸਣ ਵਾਲੇ ਨਿਵਾਸੀਆਂ ਦੀ ਸਮਾਜਿਕ, ਮਾਲੀ ਹਾਲਤ ਅਤਿ ਤਰਸਯੋਗ ਹੈ, ਕਿਉਂਕਿ ਜੋ ਇਥੋਂ ਦੇ ਨਿਵਾਸੀਆਂ ਦੇ ਪੀਣ ਯੋਗ ਸਾਫ ਪਾਣੀ ਦੀ ਸਥਿਤੀ ਹੈ, ਉਹ ਹੋਰ ਵੀ ਅਤਿ ਖਰਾਬ ਹੈ, ਜਿਸ ਨਾਲ ਇਥੋਂ ਦੇ ਨਿਵਾਸੀਆਂ ਦੀਆਂ ਜ਼ਿੰਦਗਾਨੀਆਂ ਨਾਲ ਖਿਲਵਾੜ ਹੋ ਰਿਹਾ ਹੈ। ਵਾਤਾਵਰਣ, ਪ੍ਰਦੂਸ਼ਣ, ਗੰਦਗੀ ਦੀ ਸਥਿਤੀ ਹੋਰ ਵੀ ਗੰਭੀਰ ਬਣੀ ਹੋਈ ਹੈ।ਇਥੋਂ ਦੀਆਂ ਨਦੀਆਂ, ਨਹਿਰਾਂ ਤੇ ਦਰਿਆਵਾ ਦੇ ਪਾਣੀਆਂ ਵਿੱਚ ਵੱਡੇ ਸ਼ਹਿਰਾਂ ਦਾ ਕੂੜਾ ਕਰਕਟ, ਗੰਦ, ਮੱਲ-ਮੂਤਰ, ਫੈਕਟਰੀਆਂ ਦੇ ਤੇਜ਼ਾਬੀ ਪਾਣੀ ਸੁੱਟ ਕੇ ਸਮੁੱਚੇ ਵਾਤਾਵਰਣ ਤੇ ਫਸਲਾਂ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਇਨ੍ਹਾਂ ਨੇ ਕੇਵਲ ਸਮੁੱਚੇ ਮੁਲਕ ਵਿੱਚ ਹਿੰਦੂਵਾਦ ਤੇ ਕੱਟੜਤਾ ਨੂੰ ਹੀ ਉਤਸ਼ਾਹਤ ਕੀਤਾ ਹੈ।ਕਸ਼ਮੀਰੀਆਂ ਉਤੇ ਜਬਰ ਜ਼ੁਲਮ ਢਾਹ ਕੇ ਉਨ੍ਹਾਂ ਦੀ ਵਿਧਾਨਕ ਆਜ਼ਾਦੀ ਤਾਨਾਸ਼ਾਹੀ ਸੋਚ ਅਧੀਨ ਖਤਮ ਕਰ ਦਿੱਤੀ ਹੈ।ਚੋਣ ਕਮਿਸ਼ਨ ਦੀ ਨਿਰਪੱਖਤਾ ਵੀ ਕਾਇਮ ਨਹੀਂ ਰਹਿਣ ਦਿੱਤੀ।ਇਸ ਲਈ ਇਥੋਂ ਦੇ ਨਿਵਾਸੀਆਂ ਨੂੰ ਚਾਹੀਦਾ ਹੈ ਕਿ ਉਹ ਇਥੇ ਬਰਾਬਰਤਾ, ਇਨਸਾਫ਼, ਸੱਚ-ਹੱਕ ਦੇ ਸਿਧਾਂਤਾਂ ਤੇ ਨਿਯਮਾਂ ਨੂੰ ਲਾਗੂ ਕਰਨ ਲਈ ਕੱਟੜਵਾਦੀ ਲੋਕਾਂ ਨੂੰ ਹਕੂਮਤ ਤੋਂ ਪਾਸੇ ਕਰਕੇ ਸਮਾਜ ਪੱਖੀ ਸ਼ਖਸੀਅਤਾਂ ਤੇ ਪਾਰਟੀਆਂ ਦਾ ਰਾਜ ਭਾਗ ਲਿਆਂਦਾ ਜਾਵੇ।

# ਸਰਕਾਰਾਂ ਨੇ ਹਮੇਸ਼ਾ ਅਗਰਵਾਲ ਸਮਾਜ ਦੀ ਅਣਦੇਖੀ ਕੀਤੀ : ਸਿੰਗਲਾ

■ 'ਅਖਿਲ ਭਾਰਤੀ ਅਗਰਵਾਲ ਸੰਮੇਲਨ' ਦੀ ਸੂਬਾ ਪੱਧਰੀ ਬੈਠਕ



**ਲਹਿਰਾਗਾਗਾ (ਪਵਨ)**-ਦੇਸ਼ ਅੰਦਰ ਅਗਰਵਾਲ ਸਮਾਜ ਦੀਆਂ ਮੰਗਾਂ ਤੇ ਮੁਸ਼ਕਲਾਂ ਦੇ ਨਾਲ ਨਾਲ ਸੰਸਥਾ ਦੀਆਂ ਅਗਾਊਂ ਗਤੀਵਿਧੀਆਂ 'ਤੇ ਚਰਚਾ ਕਰਨ ਲਈ 'ਅਖਿਲ ਭਾਰਤੀ ਅਗਰਵਾਲ ਸੰਮੇਲਨ' ਦੀ ਇੱਕ ਸੂਬਾ ਪੱਧਰੀ ਬੈਠਕ ਪ੍ਰਧਾਨ ਸੁਰਿੰਦਰ ਅਗਰਵਾਲ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸੰਮੇਲਨ ਦੇ ਸੂਬਾ ਵਾਈਸ ਪ੍ਰਧਾਨ ਰਾਕੇਸ਼ ਸਿੰਗਲਾ ਤੇ ਸੈਕਟਰੀ ਤਰਸੇਮ ਚੰਦ ਸਿੰਗਲਾ ਖੱਦਰ ਭੰਡਾਰ ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਅਗਰਵਾਲ ਸਮਾਜ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਵਿਚਾਰ ਬੈਠਕ ਵਿੱਚ ਰੱਖੇ।ਇਸ ਉਪਰੰਤ ਵਿਸ਼ੇਸ਼ ਗੱਲਬਾਤ ਕਰਦਿਆਂ ਸ਼੍ਰੀ ਸਿੰਗਲਾ ਨੇ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਹਮੇਸ਼ਾ ਹੀ ਅਗਰਵਾਲ ਸਮਾਜ ਦੀ ਅਣਦੇਖੀ ਕੀਤੀ ਜਾਂਦੀ ਹੈ, ਜਿਸ ਦੇ ਚਲਦੇ ਅੱਜ ਸਮੇਂ ਦੀ ਜ਼ਰੂਰਤ ਹੈ ਕਿ ਸਮੁੱਚਾ ਅਗਰਵਾਲ ਸਮਾਜ ਆਪਣੇ ਨਿੱਜੀ ਮੁਫਾਦਾਂ ਤੋਂ ਉੱਪਰ ਉੱਠ ਕੇ ਅਖਿਲ ਭਾਰਤੀਯ ਅਗਰਵਾਲ ਸੰਮੇਲਨ ਦੇ ਝੰਡੇ ਹੇਠ ਇਕੱਠਾ ਹੋ ਕੇ ਆਪਣੇ ਹਿੱਤਾਂ ਦੀ ਰਾਖੀ ਕਰੇ। ਉਨ੍ਹਾ ਕਿਹਾ ਕਿ ਦੇਸ਼ ਤੇ ਵੱਖ-ਵੱਖ ਸੂਬਿਆਂ ਦੀ ਆਰਥਿਕਤਾ ਵਿੱਚ ਅਗਰਵਾਲ ਸਮਾਜ ਦਾ ਬਹੁਤ ਵੱਡਾ ਯੋਗਦਾਨ ਹੈ, ਬਾਵਜੂਦ ਇਸ ਦੇ ਸਰਕਾਰਾਂ ਅਗਰਵਾਲ ਸਮਾਜ ਦੀ ਬਿਹਤਰੀ ਲਈ ਕੁਝ ਨਹੀਂ ਕਰ ਰਹੀਆਂ। ਉਨ੍ਹਾ ਕਿਹਾ ਕਿ ਅਗਰਵਾਲ ਸਮਾਜ ਦਾ ਇੱਕ ਮੰਚ 'ਤੇ ਇਕੱਠਾ ਹੋਣਾ ਸਮੇਂ ਦੀ ਜ਼ਰੂਰਤ ਹੈ, ਦੂਜੇ ਪਾਸੇ ਸਰਕਾਰਾਂ ਤੋਂ ਉਮੀਦ ਨਾ ਰੱਖਦੇ ਹੋਏ ਸਾਨੂੰ ਅਗਰਵਾਲ ਸਮਾਜ ਦੀ ਬਿਹਤਰੀ ਲਈ ਮਹਾਰਾਜਾ ਅਗਰਸੈਨ ਜੀ ਵੱਲੋਂ ਦਿੱਤੇ ਸੰਦੇਸ਼ 'ਇੱਕ ਇੱਟ ਇੱਕ ਰੁਪਿਆ' 'ਤੇ ਚਲਦੇ ਹੋਏ ਗਰੀਬ ਤੇ ਜ਼ਰੂਰਤਮੰਦ ਅਗਰਵਾਲ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ, ਤਾਂ ਜੋ ਦੇਸ਼ ਦਾ ਕੋਈ ਵੀ ਅਗਰਵਾਲ ਪਰਿਵਾਰ ਗਰੀਬ ਜਾਂ ਜ਼ਰੂਰਤਮੰਦ ਨਾ ਰਹੇ।ਬੈਠਕ ਵਿੱਚ ਹਰੀਸ਼ ਅਗਰਵਾਲ ਫਿਰੋਜ਼ਪੁਰ, ਜਗਮੋਹਨ ਅਗਰਵਾਲ ਲੁਧਿਆਣਾ, ਅਨਿਲ ਜੈਨ ਮਲੇਰਕੋਟਲਾ, ਮਹਿਲਾ ਵਿੰਗ ਦੇ ਸੂਬਾ ਪ੍ਰਧਾਨ ਸਿਮਰਨ ਅਗਰਵਾਲ ਬਟਾਲਾ, ਅਸ਼ੋਕ ਕੁਮਾਰ ਜ਼ੀਰਾ, ਹੀਰਾ ਲਾਲ ਮਨੀ ਗੁਰਦਾਸਪੁਰ ਤੋਂ ਇਲਾਵਾ ਹੋਰਨਾਂ ਅਹੁਦੇਦਾਰਾਂ ਤੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।

# ਠੇਕਾ ਮੁਲਾਜ਼ਮ ਅੱਜ ਬਰਨਾਲਾ ਕਨਵੈਨਸ਼ਨ 'ਚ ਪਰਵਾਰਾਂ ਸਮੇਤ ਹੋਣਗੇ ਸ਼ਾਮਲ : ਜਗਰੂਪ ਸਿੰਘ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਜੀ ਐੱਚ ਟੀ ਪੀ ਠੇਕਾ ਮੁਲਾਜ਼ਮ ਯੂਨੀਅਨ ਆਜ਼ਾਦ ਲਹਿਰਾ ਮੁਹੱਬਤ ਵੱਲੋਂ ਥਰਮਲ ਗੇਟ 'ਤੇ ਮੀਟਿੰਗ ਕਰਨ ਉਪਰੰਤ ਪ੍ਰਧਾਨ ਜਗਰੂਪ ਸਿੰਘ ਤੇ ਜਰਨਲ ਸਕੱਤਰ ਜਗਸੀਰ ਸਿੰਘ ਭੰਗੂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੇ ਵੱਖ-ਵੱਖ ਮਿਹਨਤਕਸ਼ ਤਬਕਿਆਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਲੋਕ ਸਭਾ ਚੋਣਾਂ ਦੀ ਘੜਮੱਸ ਦੌਰਾਨ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਸਾਮਰਾਜੀ ਹੱਲੇ ਵਿਰੁੱਧ ਸਾਂਝੇ ਵਿਸ਼ਾਲ ਘੋਲ ਉਸਾਰਨ ਦਾ ਹੋਕਾ ਦੇਣ ਲਈ ਦਾਣਾ ਮੰਡੀ ਬਰਨਾਲਾ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਵਿਸ਼ਾਲ ਕਾਨਫਰੰਸ ਵਿੱਚ ਥਰਮਲ ਦੇ ਆਊਟਸੋਰਸਡ ਠੇਕਾ ਮੁਲਾਜ਼ਮ ਆਪਣੇ ਪਰਵਾਰਾਂ ਸਮੇਤ ਕਾਫ਼ਲੇ ਬੰਨ੍ਹ ਕੇ ਸ਼ਾਮਲ ਹੋਣਗੇ। ਆਗੂਆਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਦੇਸ਼ ਦੇ ਲੋਕਾਂ ਨੂੰ ਸਾਮਰਾਜੀ ਤੇ ਜਗੀਰੂ ਲੁੱਟ ਤੇ ਦਾਬੇ ਤੋਂ ਮੁਕਤ ਕਰਾਉਣ ਲਈ ਸ਼ਹਾਦਤਾਂ ਦਿੱਤੀਆਂ ਗਈਆਂ ਸਨ, ਪ੍ਰੰਤੂ 1947 ਤੋਂ ਬਾਅਦ ਰੰਗ ਬਦਲ-ਬਦਲ ਕੇ ਆਈਆਂ ਕੇਂਦਰੀ ਤੇ ਸੂਬਾਈ ਸਰਕਾਰਾਂ ਵੱਲੋਂ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਦੇਸ਼ ਦੇ ਕੁਦਰਤੀ ਸਰੋਤਾਂ ਤੇ ਕਿਰਤ-ਸ਼ਕਤੀ ਨੂੰ ਦੇਸੀ-ਵਿਦੇਸ਼ੀ ਬਹੁਕੌਮੀ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਲੋਕ-ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਲੋਕ-ਮਾਰੂ ਨੀਤੀਆਂ ਦਾ ਟਾਕਰਾ ਵੱਖ-ਵੱਖ ਤਬਕਿਆਂ ਦੇ ਸਾਂਝੇ ਵਿਸ਼ਾਲ ਤੇ ਸਿਰੜੀ ਘੋਲਾਂ ਦੇ ਰਾਹੀਂ ਹੀ ਕੀਤਾ ਜਾ ਸਕਦਾ ਹੈ।

ਇਸੇ ਤਹਿਤ 23 ਮਾਰਚ ਨੂੰ ਬਰਨਾਲਾ ਵਿਖੇ ਹੋ ਰਹੀ ਸਾਂਝੀ ਵਿਸ਼ਾਲ ਕਾਨਫਰੰਸ ਸ਼ਹੀਦਾਂ ਦੀ ਸਾਮਰਾਜ ਵਿਰੋਧੀ ਵਿਰਾਸਤ ਨੂੰ ਬੁਲੰਦ ਕਰਨ ਤੇ ਲੋਕ ਸਭਾ ਚੋਣਾਂ ਦੇ ਪਾਟਕ-ਪਾਊ ਤੇ ਭਰਮਾਊ ਮਾਹੌਲ ਦਰਮਿਆਨ ਹਕੀਕੀ ਲੋਕ ਮੁੱਦਿਆਂ ਨੂੰ ਉਭਾਰਨ ਲਈ ਕਿਰਤੀ ਲੋਕਾਂ ਦੀ ਸੰਘਰਸ਼ਸ਼ੀਲ ਤਾਕਤ ਨੂੰ ਹੋਰ ਉਭਾਰਨ ਸਮੇਤ ਲੋਕ-ਮੁੱਦਿਆਂ ਲਈ ਸਾਂਝੇ ਸੰਘਰਸ਼ਾਂ ਨੂੰ ਹੋਰ ਤੇਜ ਕਰਨ ਤੇ ਮੋਦੀ ਸਰਕਾਰ ਦੇ ਫਿਰਕੂ ਫਾਸ਼ੀ ਹੱਲੇ ਦਾ ਟਾਕਰਾ ਕਰਨ ਦਾ ਸੰਦੇਸ਼ ਦੇਣ ਦਾ ਜ਼ਰੀਆ ਵੀ ਬਣੇਗੀ।

# ਬਰਨਾਲਾ ਅੰਡਰ 23 ਟੀਮ ਦੀ ਪਹਿਲੇ ਮੈਚ 'ਚ ਸ਼ਾਨਦਾਰ ਜਿੱਤ



**ਬਰਨਾਲਾ (ਰਾਜਿੰਦਰ ਬਰਾੜ/ਰਾਕੇਸ਼ ਨੀਟਾ)**-ਹੁਨਰ ਤੇ ਦ੍ਰਿੜ੍ਹ ਇਰਾਦੇ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਬਰਨਾਲਾ ਕ੍ਰਿਕਟ ਟੀਮ ਨੇ ਅੰਡਰ 23 ਪੰਜਾਬ ਰਾਜ ਜ਼ਿਲ੍ਹਾ ਕ੍ਰਿਕਟ ਟੂਰਨਾਮੈਂਟ 2024-25 ਦੇ ਆਪਣੇ ਪਹਿਲੇ ਮੈਚ ਵਿੱਚ ਫ਼ਤਹਿਗੜ੍ਹ ਸਾਹਿਬ ਵਿਰੁੱਧ ਜਿੱਤ ਦਰਜ ਕੀਤੀ। ਬਰਨਾਲਾ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਤੇ ਪਹਿਲੀ ਪਾਰੀ ਵਿੱਚ 197 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਆਪਣੀ ਪਹਿਲੀ ਪਾਰੀ ਵਿੱਚ ਫਤਿਹਗੜ੍ਹ ਸਾਹਿਬ ਦੀ ਟੀਮ ਜਦੋਂ ਬੱਲੇਬਾਜ਼ੀ ਕਰਨ ਆਈ ਤਾਂ ਬਰਨਾਲਾ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਫਤਿਹਗੜ੍ਹ ਸਾਹਿਬ ਦੀ ਪੂਰੀ ਟੀਮ ਨੂੰ 50 ਦੌੜਾਂ 'ਤੇ ਹੀ ਆਊਟ ਕਰ ਲਿਆ, ਜਿਸ ਵਿੱਚ ਹਵਨੀਤ ਸਿੰਘ ਨੇ ਛੇ ਮਹੱਤਵਪੂਰਨ ਵਿਕਟਾਂ ਲਈਆਂ, ਜਿਸ ਦਾ ਸਮਰਥਨ ਦੀਪਮ ਸ਼ਰਮਾ ਨੇ ਕੀਤਾ, ਜਿਸ ਨੇ ਤਿੰਨ ਵਿਕਟਾਂ ਹਾਸਲ ਕੀਤੀਆਂ। ਪਹਿਲੀ ਪਾਰੀ ਦੀ ਬੜਤ ਤੋਂ ਬਾਅਦ ਬਰਨਾਲਾ ਟੀਮ ਨੇ ਫੋਲੋ-ਆਨ ਲਾਗੂ ਕੀਤਾ, ਜਿਸ ਨਾਲ ਫਤਿਹਗੜ੍ਹ ਸਾਹਿਬ ਨੂੰ ਬੱਲੇਬਾਜ਼ੀ ਦਾ ਇੱਕ ਹੋਰ ਮੌਕਾ ਮਿਲਿਆ। ਫਤਿਹਗੜ੍ਹ ਸਾਹਿਬ ਦੀ ਟੀਮ ਦੂਜੀ ਪਾਰੀ ਵਿੱਚ ਵੀ ਕੁਝ ਖਾਸ ਨਹੀਂ ਕਰ ਪਾਈ ਤੇ 162 ਦੌੜਾਂ ਬਣਾ ਕੇ ਹੀ ਆਲ ਆਊਟ ਹੋ ਗਈ। ਹਵਨੀਤ ਸਿੰਘ ਨੇ ਇੱਥੇ ਵੀ ਵਧੀਆ ਗੇਂਦਬਾਜ਼ੀ ਕਰਦੇ ਹੋਏ 4 ਵਿਕਟਾਂ ਲਈਆਂ ਤੇ ਦੀਪਮ ਸ਼ਰਮਾ ਨੇ ਫਿਰ ਤੋਂ ਤਿੰਨ ਵਿਕਟਾਂ ਹਾਸਲ ਕੀਤੀਆਂ, ਫਤਿਹਗੜ੍ਹ ਦੀ ਟੀਮ ਨੇ ਬਰਨਾਲਾ ਨੂੰ ਜਿੱਤਣ ਲਈ 18 ਦੌੜਾਂ ਦਾ ਟੀਚਾ ਦਿੱਤਾ, ਜਿਸ ਨੂੰ ਬਰਨਾਲਾ ਦੀ ਟੀਮ ਨੇ ਸਿਰਫ 3 ਓਵਰਾਂ ਵਿੱਚ ਹੀ ਪੂਰਾ ਕਰਕੇ ਸ਼ਾਨਦਾਰ ਜਿੱਤ ਹਾਸਲ ਕੀਤੀ। ਇਸ ਸ਼ਾਨਦਾਰ ਜਿੱਤ ਤੋਂ ਬਾਅਦ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਬਰਨਾਲਾ ਦੇ ਸੈਕਟਰੀ ਸ਼੍ਰੀ ਰੁਪਿੰਦਰ ਗੁਪਤਾ ਨੇ ਪੂਰੀ ਟੀਮ ਤੇ ਕੋਚ ਸਾਹਿਬਾਨ ਨੂੰ ਇਸ ਜਿੱਤ ਦੀ ਵਧਾਈ ਦਿੱਤੀ ਤੇ ਅਗਲੇ ਮੈਚ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਖੰਨਾ ਆੜ੍ਹਤੀ ਐਸੋਸੀਏਸ਼ਨ ਵੱਲੋਂ ਪ੍ਰਧਾਨ ਕੁੰਦਰਾ ਦਾ ਸਨਮਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਦੀ ਆੜ੍ਹਤੀ ਐਸੋਸੀਏਸ਼ਨ ਤੇ ਪੰਜਾਬ ਦੀਆਂ ਵੱਡੀਆਂ ਮੰਡੀਆਂ 'ਚ ਸ਼ੁਮਾਰ ਮਾਛੀਵਾੜਾ ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ, ਦੋਵੇਂ ਹੀ ਮਿਲ ਕੇ ਕਿਸਾਨਾਂ ਤੇ ਆੜ੍ਹਤੀਆਂ ਦੇ ਹਿੱਤਾਂ ਲਈ ਇੱਕਜੁੱਟ ਹੋ ਕੇ ਕੰਮ ਕਰਨਗੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾ ਤੇ ਖੰਨਾ ਐਸੋਸੀਏਸ਼ਨ ਦੇ ਪ੍ਰਧਾਨ ਹਰਬੰਸ ਸਿੰਘ ਰੋਸ਼ਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਨੌਜਵਾਨ ਮੋਹਿਤ ਕੁੰਦਰਾ ਪ੍ਰਧਾਨ ਬਣਨ ਉਪਰੰਤ ਖੰਨਾ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਹਰਬੰਸ ਸਿੰਘ ਰੋਸ਼ਾ ਨੂੰ ਮਿਲਣ ਲਈ ਪਹੁੰਚੇ, ਜਿੱਥੇ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁੰਦਰਾ ਨੇ ਕਿਹਾ ਕਿ ਦੋਵੇਂ ਹੀ ਜਥੇਬੰਦੀਆਂ ਦਾ ਮੁੱਖ ਮਕਸਦ ਆੜ੍ਹਤੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਲ ਨਾ ਆਉਣ ਦੇਣਾ ਹੈ, ਜਿਸ ਲਈ ਸਰਕਾਰ ਤੇ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰ ਉਹ ਹਮੇਸ਼ਾ ਯਤਨਸ਼ੀਲ ਰਹਿਣਗੇ।

# ਸੰਯੁਕਤ ਕਿਸਾਨ ਮੋਰਚਾ ਸ਼ਹਾਦਤ ਦਿਵਸ ਨੂੰ ਸਾਮਰਾਜ ਦੇ ਵਿਰੋਧ 'ਚ ਮਨਾਏਗਾ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਪਟਿਆਲਾ ਦੀ ਮੀਟਿੰਗ ਹਰਭਜਨ ਸਿੰਘ ਬੁੱਟਰ ਦੀ ਅਗਵਾਈ ਵਿੱਚ ਗੁਰਦਵਾਰਾ ਦੂਖ ਨਿਵਾਰਨ ਵਿਖੇ ਹੋਈ।ਮੀਟਿੰਗ ਵਿੱਚ 23 ਮਾਰਚ ਨੂੰ ਦਿੱਲੀ ਮਹਾਂਪੰਚਾਇਤ ਦੇ ਫੈਸਲੇ ਤਹਿਤ ਤਹਿਸੀਲ ਪੱਧਰ 'ਤੇ ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ ਉਨ੍ਹਾਂ ਦੇ ਸਿਧਾਂਤਾਂ ਨੂੰ ਕੇਂਦਰ ਸਰਕਾਰ ਰਾਹੀਂ ਉਲਟਫੇਰ ਅਮਲਾਂ ਵਿੱਚ ਸਾਮਰਾਜ ਦੀ ਸੇਵਾ ਕਰਨ ਲਈ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇਗਾ।ਇਸ ਨਾਲ ਹੀ ਕੇਂਦਰ ਸਰਕਾਰ ਦੇ ਭਗਵਾਂਕਰਨ ਦੇ ਏਜੰਡੇ ਤਹਿਤ ਧਾਰਮਿਕ ਜਨੂੰਨ ਰਾਹੀਂ ਫਿਰਕੂ ਜ਼ਹਿਰ ਫੈਲਾਅ ਕੇ ਹਿੰਦੂ ਵੋਟ ਬੈਂਕ ਪੱਕਾ ਕਰਨ ਨੂੰ ਦੇਸ਼ ਦੇ ਕਿਰਤੀ ਵਰਗ ਵਿੱਚ ਨੰਗਾ ਕੀਤਾ ਜਾਵੇਗਾ।ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਯਾਦ ਕਰਦਿਆਂ ਕਿਸਾਨਾਂ ਤੇ ਮਜ਼ਦੂਰਾਂ ਦੀ ਕਿਰਤ ਦਾ ਮੁੱਲ ਲੈਣ ਲਈ ਕਿਸਾਨ ਮੋਰਚਾ ਆਪਣੇ ਹੱਕੀ ਸੰਘਰਸ਼ ਨੂੰ ਅੱਗੇ ਵਧਾਉਂਦਿਆਂ ਕੇਂਦਰ ਸਰਕਾਰ ਦਾ ਵਧਵੇਂ ਰੂਪ ਵਿੱਚ ਤਿੱਖਾ ਵਿਰੋਧ ਜਾਰੀ ਰੱਖੇਗਾ। ਮੀਟਿੰਗ ਦੌਰਾਨ ਜਥੇਬੰਦਕ ਅਨੁਸ਼ਾਸਨ ਰੱਖਣ ਲਈ ਮਤਾ ਵੀ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਮੀਟਿੰਗ ਵਿੱਚ ਪਟਿਆਲਾ, ਨਾਭਾ, ਪਾਤੜਾ, ਘਨੌਰ, ਦੂਧਨ ਸਾਧਾਂ ਤਹਿਸੀਲਾਂ ਵਿੱਚ ਐਕਸ਼ਨ ਕਰਨ ਲਈ ਸਹਿਮਤੀ ਕੀਤੀ ਗਈ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਨਰਿੰਦਰ ਸਿੰਘ ਲੇਹਲਾਂ, ਧਰਮਪਾਲ ਸੀਲ, ਕੁਲਵੰਤ ਸਿੰਘ ਮੌਲਵੀਵਾਲਾ, ਗੁਰਬਚਨ ਸਿੰਘ ਕਨਸੂਹਾਂ, ਦਵਿੰਦਰ ਸਿੰਘ ਪੂਨੀਆ, ਪਵਨ ਸ਼ੋਗਲਪੁਰ, ਗੁਰਮੀਤ ਸਿੰਘ ਛੱਜੂਭੱਟ, ਗੁਰਚਰਨ ਸਿੰਘ ਪਰੌੜ, ਰਾਜ ਕਿਸ਼ਨ ਨੂਰਖੇੜੀਆਂ, ਇਕਬਾਲ ਸਿੰਘ ਮੰਡੌਲੀ, ਗੁਰਮੀਤ ਸਿੰਘ ਦਿੱਤੂਪੁਰ, ਗੁਰਦਰਸ਼ਨ ਸਿੰਘ ਖਾਸਪੁਰ, ਹਰਭਜਨ ਸਿੰਘ ਧੂਹੜ ਆਦਿ ਕਿਸਾਨ ਆਗੂ ਸ਼ਾਮਲ ਹੋਏ।

# ਵਿਦਿਆਰਥੀ ਹੱਕਾਂ ਦਾ ਘਾਣ ਕਰਨਾ ਬੰਦ ਕਰਕੇ ਕਾਲਜ ਕੈਂਪਸਾਂ 'ਚ ਲੋਕਤੰਤਰ ਬਹਾਲ ਕੀਤਾ ਜਾਵੇ : ਆਇਸਾ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੀ ਗੁਰੂ ਨਾਨਕ ਕਾਲਜ ਬੁਢਲਾਡਾ ਇਕਾਈ ਵੱਲੋਂ ਵਫ਼ਦ ਦੇ ਰੂਪ ਵਿੱਚ ਕਾਲਜ ਪ੍ਰਸ਼ਾਸਨ ਦੇ ਗੈਰ-ਜਮਹੂਰੀ ਰਵੱਈਏ ਖਿਲਾਫ ਮੁੱਖ ਮੰਤਰੀ ਪੰਜਾਬ ਤੇ ਡਿਪਟੀ ਕਮਿਸ਼ਨਰ ਮਾਨਸਾ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਗੁਰੂ ਨਾਨਕ ਕਾਲਜ ਬੁਢਲਾਡਾ ਦੀ ਇਕਾਈ ਦੇ ਪ੍ਰਧਾਨ ਅਮਰ ਡਸਕਾ, ਸਕੱਤਰ ਜਸਪ੍ਰੀਤ ਕੌਰ ਮੌੜ ਤੇ ਕਮੇਟੀ ਮੈਂਬਰ ਸਤਨਾਮ ਸਿੰਘ ਨੇ ਕਿਹਾ ਕਿ ਪੰਜਾਬ ਦੀ ਜਰਖੇਜ਼ ਧਰਤੀ 'ਤੇ ਸੰਵਾਦ ਦੀ ਮਹਾਨ ਪ੍ਰੰਪਰਾ ਨੂੰ ਉਚਾਈਆਂ ਤੱਕ ਲੈ ਜਾਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣੇ ਗੁਰੂ ਨਾਨਕ ਕਾਲਜ ਬੁਢਲਾਡਾ ਦੇ ਪ੍ਰਿੰਸੀਪਲ ਵਿਦਿਆਰਥੀਆਂ ਨੂੰ ਸੰਵਾਦ ਰਚਾ ਕੇ ਜਥੇਬੰਦ ਹੋਣ ਤੋਂ ਰੋਕਣ ਦਾ ਗੈਰ-ਜਮਹੂਰੀ ਕਾਰਜ ਕਰ ਰਹੇ ਹਨ।ਕਾਲਜ ਦੇ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਨਾਲ ਅਜਿਹਾ ਵਤੀਰਾ ਕਰਕੇ ਵਿਦਿਆਰਥੀਆਂ ਦੀ ਜਮਹੂਰੀਅਤ ਦਾ ਗਲਾ ਘੁੱਟਿਆ ਜਾ ਰਿਹਾ ਹੈ ਤੇ ਫਾਸ਼ੀਵਾਦ ਦਾ ਪੱਖ ਪੂਰਿਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਜੇਕਰ ਕਾਲਜ ਪ੍ਰਸ਼ਾਸਨ ਵੱਲੋਂ ਆਪਣੇ ਰਵੱਈਏ ਵਿੱਚ ਸੁਧਾਰ ਨਾ ਕੀਤਾ ਗਿਆ ਤਾਂ ਕਾਲਜ ਪ੍ਰਸ਼ਾਸਨ ਦੇ ਇਸ ਵਿਦਿਆਰਥੀ ਵਿਰੋਧੀ ਰਵੱਈਏ ਖਿਲਾਫ ਜਥੇਬੰਦੀ ਵੱਲੋਂ ਅਗਲੇ ਦਿਨਾਂ 'ਚ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਆਗੂਆਂ ਨੇ ਵਿਦਿਆਰਥੀਆਂ ਨੂੰ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਅਜਲਾਸ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ।ਇਸ ਮੌਕੇ ਵੱਡੀ ਗਿਣਤੀ ਵਿਦਿਆਰਥੀਆਂ ਨੇ ਸੰਘਰਸ਼ ਦਾ ਸਮਰਥਨ ਕੀਤਾ।

# ਪੰਜਾਬ ਨੂੰ ਕਰਜ਼ੇ ਦੀ ਦਲਦਲ 'ਚੋਂ ਕੱਢਣ ਲਈ ਕਾਂਗਰਸ ਨੂੰ ਜਿਤਾਉਣਾ ਜ਼ਰੂਰੀ : ਐਡਵੋਕੇਟ ਖੇੜੀ



ਗੱਲਬਾਤ ਸਮੇਂ ਸੂਬਾ ਕੋਆਰਡੀਨੇਟਰ ਐਡਵੋਕੇਟ ਜਸਵੀਰ ਸਿੰਘ ਖੇੜੀ ਪਾਰਟੀ ਆਗੂਆਂ ਨਾਲ।

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਦਲਾਅ ਦਾ ਝਾਂਸਾ ਦੇ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਨੇ ਬੀਤੇ ਦੋ ਸਾਲਾਂ 'ਚ ਕਈ ਸੌ ਕਰੋੜ ਦਾ ਕਰਜ਼ਾ ਲੈ ਕੇ ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਨੂੰ ਹੋਰ ਭਾਰੀ ਕਰ ਦਿੱਤਾ ਹੈ।ਪੰਜਾਬ ਨੂੰ ਕਰਜ਼ੇ ਦੀ ਦਲ-ਦਲ 'ਚੋਂ ਕੱਢਣ ਲਈ ਆਗਾਮੀ ਲੋਕ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਨੂੰ ਜਿਤਾਉਣਾ ਬੇਹੱਦ ਜ਼ਰੂਰੀ ਹੈ।ਇਹ ਪ੍ਰਗਟਾਵਾ ਪੰਜਾਬ ਪ੍ਰਦੇਸ਼ ਕਾਂਗਰਸ ਐੱਸ. ਸੀ. ਵਿੰਗ ਦੇ ਸੂਬਾ ਕੁਆਰਡੀਨੇਟਰ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਇੱਥੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ, ਪੰਜਾਬ 'ਚ ਰਹਿ ਕੇ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾ ਰਿਹਾ ਹੈ।ਇਸ ਸਰਕਾਰ ਸਮੇਂ ਸਿੱਧੂ ਮੂਸੇਵਾਲਾ ਸਮੇਤ ਕਈ ਨੌਜਵਾਨਾਂ ਦਾ ਕਤਲ ਹੋਇਆ, ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਡਿਬਰੂਗੜ੍ਹ ਦੀ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ।ਇੱਥੇ ਹੀ ਬੱਸ ਨਹੀਂ ਹੁਣ ਮਰਹੂਮ ਗਾਇਕ ਸਿੱਧੂ ਮੂਸੇਵਾਲੇ ਦੇ ਪਰਿਵਾਰ 'ਚ ਜਦੋਂ ਨਵੇਂ ਬੱਚੇ ਨੇ ਜਨਮ ਲਿਆ ਤਾਂ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਜੋ ਬਹੁਤ ਮੰਦਭਾਗੀ ਗੱਲ ਹੈ।ਖੇੜੀ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੂਸੇਵਾਲੇ ਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਤਾਂ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ 'ਚ ਸੂਬਾ ਪੱਧਰ 'ਤੇ ਸਰਕਾਰ ਵਿਰੁੱਧ ਸੰਘਰਸ਼ ਵਿੱਢਿਆ ਜਾਵੇਗਾ।ਉਨ੍ਹਾ ਸਪੱਸ਼ਟ ਕੀਤਾ ਕਿ ਜਿਸ ਵੀ ਉਮੀਦਵਾਰ ਨੂੰ ਪਾਰਟੀ ਹਾਈਕਮਾਂਡ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਬਣਾ ਕੇ ਭੇਜੇਗੀ, ਉਸ ਨੂੰ ਇੱਕਜੁੱਟਤਾ ਨਾਲ ਜਿਤਾ ਕੇ ਪਾਰਲੀਮੈਂਟ 'ਚ ਭੇਜਿਆ ਜਾਵੇਗਾ।ਇਸ ਸਮੇਂ ਸਰਬਜੀਤ ਸਿੰਘ ਆੜ੍ਹਤੀਆ, ਮਨਜੀਤ ਸਿੰਘ ਮਹਿਲ ਖੁਰਦ, ਨਿਰਮਲ ਸਿੰਘ ਨਿੰਮਾ, ਭਰਥ ਦਾਸ ਗੁਰਮ, ਅਮਰਜੀਤ ਸਿੰਘ ਮਹਿਲ ਖੁਰਦ, ਕਾਲਾ ਪੰਡੋਰੀ ਆਦਿ ਹਾਜ਼ਰ ਸਨ।

# ਹਾਰਵਰਡ ਕਾਨਵੈਂਟ ਸਕੂਲ ਨੇ ਨਰਸਰੀ ਤੋਂ ਤੀਜੀ ਕਲਾਸ ਦਾ ਨਤੀਜਾ ਐਲਾਨਿਆ

■ ਕਲਾਸ ਯੂ ਕੇ ਜੀ ਦੀ ਕਰਵਾਈ ਕਨਵੋਕੇਸ਼ਨ ਸੈਰੇਮਨੀ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਰਸਰੀ ਕਲਾਸ ਤੋਂ ਤੀਜੀ ਕਲਾਸ ਦਾ ਸਾਲਾਨਾ ਨਤੀਜਾ ਐਲਾਨਿਆ ਗਿਆ।ਇਸ ਦੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਮੈਡਮ ਅਨੀਲਾ ਨੇ ਦੱਸਿਆ ਕਿ ਸਕੂਲ ਦਾ ਨਤੀਜਾ 100 ਫੀਸਦੀ ਰਿਹਾ।ਇਸ ਸਮੇਂ ਦੌਰਾਨ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ, ਡਾਇਰੈਕਟਰ ਇੰਜ. ਜਗਦੀਪ ਸਿੰਘ ਬਰਾੜ ਤੇ ਪ੍ਰੈਜ਼ੀਡੈਂਟ ਮੈਡਮ ਨਵਜੋਤ ਕੌਰ ਬਰਾੜ, ਮੈਡਮ ਪਰਮਿੰਦਰ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਐਲਾਨੇ ਗਏ ਨਤੀਜੇ ਦੌਰਾਨ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।ਸਕੂਲ ਵੱਲੋਂ ਬੱਚਿਆਂ ਲਈ ਫਨ-ਪਿਕਨਿਕ ਦੇ ਨਾਲ ਹੀ ਯੂ.ਕੇ.ਜੀ. ਦੇ ਵਿਦਿਆਰਥੀਆਂ ਲਈ ਕਨਵੋਕੇਸ਼ਨ ਸੈਰੇਮਨੀ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਇਨਾਮਾਂ ਦੀ ਵੰਡ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ, ਡਾਇਰੈਕਟਰ ਇੰਜ. ਜਗਦੀਪ ਸਿੰਘ ਬਰਾੜ, ਪ੍ਰੈਜ਼ੀਡੈਂਟ ਮੈਡਮ ਨਵਜੋਤ ਕੌਰ ਬਰਾੜ, ਪ੍ਰਿੰਸੀਪਲ ਮੈਡਮ ਅਨੀਲਾ ਨੇ ਕੀਤੀ।ਡਾਇਰੈਕਟਰ ਇੰਜ. ਜਗਦੀਪ ਸਿੰਘ ਬਰਾੜ ਨੇ ਆਪਣੇ ਸੰਬੋਧਨ ਵਿੱਚ ਬੱਚਿਆਂ ਨੂੰ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ।ਉਨ੍ਹਾ ਬੱਚਿਆਂ ਨੂੰ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ ਤੇ ਮਾਪਿਆਂ ਦਾ ਇਸ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।ਨਾਲ ਹੀ ਉਨ੍ਹਾ ਨੇ ਜਾਣਕਾਰੀ ਦਿੱਤੀ ਕਿ ਸਕੂਲ ਵਿੱਚ ਨਵਾਂ ਸ਼ੈਸ਼ਨ 26 ਮਾਰਚ ਨੂੰ ਸ਼ੁਰੂ ਹੋਵੇਗਾ।ਇਸ ਸਮੇਂ ਸੀਨੀਅਰ ਕੋਆਰਡੀਨੇਟਰ ਧਰਮਦਾਸ ਸਿੰਘ, ਮਿਡਲ ਵਿੰਗ ਕੋਆਰਡੀਨੇਟਰ ਕਮਲਜੀਤ ਕੌਰ, ਪ੍ਰਾਇਮਰੀ ਵਿੰਗ ਕੋਆਰਡੀਨੇਟਰ ਗੀਤਾ ਸ਼ਰਮਾ, ਸਪੋਰਟਸ ਇੰਚਾਰਜ ਸੰਜੀਵ ਕੁਮਾਰ, ਐਕਟੀਵਿਟੀ ਇੰਚਾਰਜ ਸਰਿਤਾ ਸ਼ਰਮਾ ਸਮੇਤ ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਸ਼ਾਮਲ ਸੀ।

# ਭਾਰਤ-ਪਾਕਿ ਸਰਹੱਦ ਤੋਂ 500 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫ਼ਤਾਰ, ਇੱਕ ਫ਼ਰਾਰ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਖਾਲੜਾ ਪੁਲਸ ਤੇ ਬੀਐੱਸਐੱਫ਼ ਦੀ 103 ਬਟਾਲੀਅਨ ਨੇ ਸਾਂਝੇ ਸਰਚ ਅਭਿਆਨ ਦੌਰਾਨ ਪਾਕਿਸਤਾਨੀ ਤਸਕਰਾਂ ਵੱਲੋਂ ਕੰਡਿਆਲੀ ਤਾਰ ਉਪਰੋਂ ਡਰੋਨ ਰਾਹੀਂ ਭਾਰਤੀ ਸਰਹੱਦ ਨਜ਼ਦੀਕ ਪੈਂਦੇ ਪਿੰਡ ਡੱਲ ਅੰਦਰ ਸੁੱਟੀ 500 ਗ੍ਰਾਮ ਹੈਰੋਇਨ ਸਮੇਤ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਦਕਿ ਇੱਕ ਮੁਲਜ਼ਮ ਮੌਕੇ ਤੋਂ ਫ਼ਰਾਰ ਦੱਸਿਆ ਜਾ ਰਿਹਾ ਹੈ।ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਬ ਡਵੀਜ਼ਨ ਭਿੱਖੀਵਿੰਡ ਤੋਂ ਡੀਐੱਸਪੀ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਬੀਐੱਸਐੱਫ਼ ਦੇ ਕੰਪਨੀ ਕਮਾਂਡਰ ਵੱਲੋਂ ਖਾਲੜਾ ਪੁਲਸ ਨਾਲ ਸਾਂਝੀ ਕੀਤੀ ਗਈ ਗੁਪਤ ਸੂਚਨਾ ਦੇ ਆਧਾਰ 'ਤੇ 19 ਮਾਰਚ ਦੀ ਸਵੇਰ ਨੂੰ ਸਰਹੱਦ ਨਾਲ ਲੱਗਦੇ ਪਿੰਡ ਡੱਲ ਦੇ ਖੇਤਾਂ ਵਿੱਚ ਸਰਚ ਅਭਿਆਨ ਚਲਾਇਆ ਗਿਆ ਸੀ।ਡੀਐੱਸਪੀ ਨੇ ਦੱਸਿਆ ਕਿ ਜਦੋਂ ਪਾਕਿਸਤਾਨੀ ਡਰੋਨ ਰਾਹੀਂ ਭਾਰਤੀ ਸਰਹੱਦ ਅੰਦਰ ਸੁੱਟੀ ਗਈ ਹੈਰੋਇਨ ਦੀ ਖੇਪ ਨੂੰ ਚੁੱਕਣ ਲਈ ਤਿੰਨ ਨੌਜਵਾਨ ਪਿੰਡ ਡੱਲ ਦੇ ਖੇਤਾਂ ਵਿੱਚ ਆਏ ਤਾਂ ਪੁਲਸ ਪਾਰਟੀ ਵੀ ਮੌਕੇ 'ਤੇ ਪੁੱਜ ਗਈ, ਜਿਸ ਤੋਂ ਬਾਅਦ ਪੁਲਸ ਪਾਰਟੀ ਨੂੰ ਦੇਖ ਕੇ ਦੋ ਨੌਜਵਾਨ ਗੱਡੀ ਵਿੱਚ ਬੈਠ ਕੇ ਫ਼ਰਾਰ ਹੋ ਗਏ ਜਦਕਿ ਉਨ੍ਹਾਂ ਦਾ ਇੱਕ ਸਾਥੀ ਖੇਤਾਂ ਵਿੱਚ ਹੀ ਇੱਕ ਦਰੱਖਤ ਦੇ ਪਿੱਛੇ ਲੁਕ ਗਿਆ,ਜਿਸ ਨੂੰ ਪੁਲਸ ਨੇ ਕਾਬੂ ਕਰਕੇ ਜਦੋਂ ਉਸ ਦਾ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਜਗਰੂਪ ਸਿੰਘ ਪੁੱਤਰ ਸਕੱਤਰ ਸਿੰਘ ਵਾਸੀ ਮਾਣੋਚਾਹਲ ਦੱਸਿਆ।ਪੁਲਸ ਵੱਲੋਂ ਕੀਤੀ ਗਈ ਮੁੱਢਲੀ ਪੁੱਛਗਿੱਛ ਵਿੱਚ ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਨੇ ਦੱਸਿਆ ਕਿ ਉਸ ਦੇ ਫ਼ਰਾਰ ਹੋਏ ਸਾਥੀਆਂ 'ਚੋਂ ਇੱਕ ਦਾ ਨਾਂਅ ਜੇਪੀ ਪੁੱਤਰ ਨਾਮਲੂਮ ਵਾਸੀ ਵਾਂ ਥਾਣਾ ਸਦਰ ਤਰਨ ਤਾਰਨ ਹੈ ਤੇ ਦੂਜੇ ਦਾ ਨਾਂਅ ਦਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਮਾੜੀ ਗੌੜ ਸਿੰਘ ਹੈ।ਡੀਐੱਸਪੀ ਨੇ ਦੱਸਿਆ ਕਿ ਜਦੋਂ ਜਗਰੂਪ ਸਿੰਘ ਨੂੰ ਥਾਣੇ ਲਿਜਾ ਕੇ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਉਨ੍ਹਾਂ ਨੇ ਪਾਕਿਸਤਾਨ ਤੋਂ ਡਰੋਨ ਰਾਹੀਂ ਹੈਰੋਇਨ ਦੀ ਖੇਪ ਮੰਗਵਾਈ ਸੀ, ਜਿਸ ਨੂੰ ਚੁੱਕਣ ਲਈ ਉਹ ਖੇਤਾਂ ਵਿੱਚ ਆਏ ਸਨ।ਡੀਐੱਸਪੀ ਨੇ ਦੱਸਿਆ ਕਿ ਖਾਲੜਾ ਪੁਲਸ ਵੱਲੋਂ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਜਗਰੂਪ ਸਿੰਘ ਪੁੱਤਰ ਸਕੱਤਰ ਸਿੰਘ ਵਾਸੀ ਮਾਣੋਚਾਹਲ ਵੱਲੋਂ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਉਸ ਦੇ ਇੱਕ ਸਾਥੀ ਮੁਲਜ਼ਮ ਜੇਪੀ ਉਰਫ ਜਗਰੂਪ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਕੁਹਾੜਕਾ ਨੂੰ ਹਸਬ ਜ਼ਾਬਤਾ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਇਨ੍ਹਾਂ ਦੋਵਾਂ ਮੁਲਜ਼ਮਾਂ ਦੇ ਇੱਕ ਹੋਰ ਸਾਥੀ ਦਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਮਾੜੀ ਗੌੜ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਸ ਲਗਾਤਾਰ ਛਾਪੇਮਾਰੀ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਤਿੰਨਾਂ ਮੁਲਜ਼ਮਾਂ ਖਿਲਾਫ ਥਾਣਾ ਖਾਲੜਾ ਵਿੱਚ ਐੱਫਆਈਆਰ ਨੰਬਰ 30 ਧਾਰਾ 21/29/61/85 ਐੱਨਡੀਪੀਐੱਸ ਐਕਟ ਤੇ ਏਅਰ ਕਰਾਫਟ ਐਕਟ 10/11/12 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਮਾਂਡ ਹਾਸਲ ਕੀਤਾ ਗਿਆ ਹੈ ਕਿਉਂਕਿ ਇਨ੍ਹਾਂ ਪਾਸੋਂ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਜਮਹੂਰੀਅਤ ਤੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਕਿਰਤੀ ਜਮਾਤ ਨੂੰ ਲਾਮਬੰਦ ਹੋਣ ਦਾ ਸੱਦਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਪੰਜਾਬ ਭਰ ਵਿੱਚ ਜਮੂਹਰੀਅਤ ਤੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਅਤੇ ਆਪਣੀਆਂ ਮੰਗਾਂ ਲਈ ਜਨ ਸਮਰਥਨ ਜੁਟਾਉਣ ਵਾਸਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਦਿਹਾਤੀ ਮਜ਼ਦੂਰ ਸਭਾ ਦੀ ਭਰਵੀਂ ਮੀਟਿੰਗ ਸਭਾ ਦੇ ਆਗੂਆਂ ਕਾਕੂ ਗੁੱਝੇਪੀਰਿਆ, ਰੌਣਕੀ ਰਾਮ, ਪ੍ਰਭਪ੍ਰੀਤ ਸਿੰਘ ਤੇ ਗਾਇਕ ਗੁਰਪਾਲ ਗਿੱਲ ਸੈਦਪੁਰ ਦੀ ਸਾਂਝੀ ਪ੍ਰਧਾਨਗੀ ਹੇਠ ਪਿੰਡ ਗੁੱਝਾਪੀਰ ਵਿਖੇ ਹੋਈ! ਸਮੂਹ ਮਜ਼ਦੂਰ ਆਗੂਆਂ ਨੇ ਮੀਟਿੰਗ 'ਚ ਜ਼ੋਰਦਾਰ ਮੰਗ ਕੀਤੀ ਕਿ ਮਹਿੰਗਾਈ, ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਨੇ ਗਰੀਬਾਂ ਦਾ ਬੁਰਾ ਹਾਲ ਕੀਤਾ ਹੋਇਆ ਹੈ ਤੇ ਸਾਡੀ ਕਿਸੇ ਸਰਕਾਰੇ-ਦਰਬਾਰੇ ਸੁਣਵਾਈ ਨਹੀਂ ਹੋ ਰਹੀ। ਸਿਰਫ ਝੂਠੇ ਲਾਰੇ ਲਾਏ ਜਾ ਰਹੇ ਹਨ! ਉਨ੍ਹਾਂ ਅੱਗੇ ਕਿਹਾ ਕਿ ਜੇਕਰ ਅਸੀਂ ਮਜ਼ਦੂਰ ਤੇ ਕਿਸਾਨ ਇਕੱਠੇ ਹੋ ਕੇ ਸੰਘਰਸ਼ ਕਰਦੇ ਹਾਂ ਕਿ ਹਰ ਬਾਲਗ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਸਰਕਾਰੀ ਨੌਕਰੀ ਦੇਵੇ, ਮਨਰੇਗਾ ਸਕੀਮ 'ਚ ਕੰਮ ਸਾਰਾ ਸਾਲ ਦਿੱਤਾ ਜਾਵੇ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਡਾ. ਸਤਨਾਮ ਸਿੰਘ ਅਜਨਾਲਾ ਨੇ ਦੱਸਿਆ ਕਿ ਹੁਣੇ-ਹੁਣੇ ਦਿੱਲੀ ਵਿਖੇ ਸਫਲਤਾਪੂਰਵਕ ਸੰਪੰਨ ਹੋਈ ਕਿਸਾਨ-ਮਜ਼ਦੂਰ ਮਹਾਂ ਪੰਚਾਇਤ ਵਿੱਚ ਵੀ ਮਜ਼ਦੂਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਅਧਾਰ ਤੇ ਲਿਆ ਗਿਆ ਹੈ, ਜਿੱਥੇ ਫੈਸਲਾ ਕੀਤਾ ਗਿਆ ਕਿ ਕਿਸਾਨਾਂ-ਮਜ਼ਦੂਰਾਂ ਦੀਆਂ ਅਹਿਮ ਮੰਗਾਂ ਨੂੰ ਨਾ ਮੰਨਣ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਤੇ ਉਸਦੇ ਸਹਿਯੋਗੀਆਂ ਨੂੰ ਇਨ੍ਹਾਂ ਪਾਰਲੀਮੈਂਟ ਚੋਣਾਂ ਵਿੱਚ ਭਾਂਜ ਦਿੱਤੀ ਜਾਵੇ ਅਤੇ ਪਿੰਡਾਂ ਵਿੱਚ ਇਨ੍ਹਾਂ ਨੂੰ ਮੂੰਹ ਨਾ ਲਾਇਆ ਜਾਵੇ! ਡਾ. ਅਜਨਾਲਾ ਨੇ ਕਿਹਾਕਿ ਭਾਰਤ ਦੇ ਸਾਰੇ ਗਰੀਬ,ਭਾਵੇਂ ਕਿਸੇ ਵੀ ਜਾਤ, ਰੰਗ, ਧਰਮ ਜਾਂ ਕੌਮ ਦੇ ਹੋਣ, ਉਨ੍ਹਾਂ ਦੇ ਬਰਾਬਰ ਅਧਿਕਾਰ ਹੁੰਦੇ ਹਨ ! ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਨੌਜਵਾਨ ਆਗੂ ਹੈਪੀ, ਪ੍ਰਿੰਸ, ਸੂਰਜ, ਬੌਬੀ, ਜੈਮਸ ਮਸੀਹ, ਗੁਰਮੀਤ ਕੌਰ, ਬੀਬੀ ਸ਼ਾਂਤੀ ਤੇ ਹੋਰ ਬਹੁਤ ਸਾਰੇ ਨੌਜਵਾਨਾਂ, ਔਰਤਾਂ ਤੇ ਬਜ਼ੁਰਗਾਂ ਨੇ ਹਿੱਸਾ ਲਿਆ।

# ਸਵਿੰਦਰ ਸਿੰਘ ਭਾਗੋਵਾਲੀਆ ਦਾ ਭਲਕੇ ਐਵਾਰਡ ਨਾਲ ਸਨਮਾਨ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਨਾਮਵਰ ਲੋਕ ਗਾਇਕ ਅਮਰਜੀਤ ਸਿੰਘ ਗੁਰਦਾਸਪੁਰੀ ਦੀ ਯਾਦ ਵਿੱਚ ਦੂਸਰਾ ਸਭਿਆਚਾਰਕ ਯਾਦਗਾਰੀ ਮੇਲਾ ਪਿੰਡ ਉੱਦੋਵਾਲ਼ੀ ਦੇ ਵਾਸੀਆਂ ਤੇ ਗੁਰਦਾਸਪੁਰੀ ਦੇ ਪਰਿਵਾਰ ਵੱਲੋਂ 24 ਮਾਰਚ ਨੂੰ ਉੱਦੋਵਾਲੀ ਖੁਰਦ ਦੇ ਸਰਕਾਰੀ ਹਾਈ ਸਕੂਲ ਦੀ ਵਿਸ਼ਾਲ ਗਰਾਊਂਡ ਵਿੱਚ ਕਰਵਾਇਆ ਜਾ ਰਿਹਾ ਹੈ। ਮੇਲੇ ਦੇ ਪ੍ਰਬੰਧਕ ਤੇਜ ਬਿਕਰਮ ਸਿੰਘ ਰੰਧਾਵਾ, ਬਲਕਾਰ ਸਿੰਘ, ਡਾ. ਬਲਵਿੰਦਰ ਸਿੰਘ, ਕਾਮਰੇਡ ਸੁਖਦੇਵ ਸਿੰਘ, ਗੁਰਮੀਤ ਸਿੰਘ ਬਾਜਵਾ, ਕਾਮਰੇਡ ਗੁਲਜਾਰ ਸਿੰਘ ਬਸੰਤਕੋਟ, ਰਾਜਪਾਲ ਸਿੰਘ ਬਾਠ, ਹਰਪਾਲ ਸਿੰਘ ਨਾਗਰਾ, ਪ੍ਰੋ. ਸੁਖਵੰਤ ਸਿੰਘ ਗਿੱਲ ਅਤੇ ਬਲਦੇਵ ਸਿੰਘ ਰੰਧਾਵਾ ਸਮੇਤ ਹੋਰ ਨਗਰ ਨਿਵਾਸੀਆਂ ਨੇ ਮੀਟਿੰਗ ਉਪਰੰਤ ਦੱਸਿਆ ਕਿ ਸਮਾਜਿਕ, ਆਰਥਿਕ ਤੇ ਰਾਜਨੀਤਿਕ ਚੇਤਨਾ ਵਾਲ਼ੀ ਇਨਕਲਾਬੀ ਗਾਇਕੀ ਦੇ ਅਲੰਬਰਦਾਰ ਮਰਹੂਮ ਅਮਰਜੀਤ ਸਿੰਘ ਗੁਰਦਾਸਪੁਰੀ ਦੀ ਯਾਦ ਵਿੱਚ ਕਰਵਾਏ ਜਾ ਰਹੇ ਮੇਲੇ ਵਿੱਚ ਨਾਮਵਰ ਗਾਇਕ ਅੰਜਲਾ ਬ੍ਰਦਰ, ਅਮਰੀਕ ਸਿੰਘ ਗਾਜੀਨੰਗਲ, ਸਵਿੰਦਰ ਸਿੰਘ ਭਾਗੋਵਾਲੀਆ, ਨਿਰਮਲ ਸਿੰਘ ਨਿੰਮਾ ਬੋਬਾਂਵਾਲਾ, ਬਲਦੇਵ ਸਿੰਘ ਰੰਧਾਵਾ ਵੀਲਾ, ਅਮਰਜੀਤ ਸਿੰਘ ਰਿਖੀਆ ਸਮੇਤ ਹੋਰ ਉੱਘੇ ਗਾਇਕ ਹਾਜ਼ਰੀ ਭਰਨਗੇ। ਮੇਲੇ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੇਲੇ ਵਿੱਚ ਸਾਫ ਸੁਥਰੀ ਗੀਤਕਾਰੀ ਤੇ ਗਾਇਕੀ ਨੂੰ ਸਮਰਪਿਤ ਸਵਿੰਦਰ ਸਿੰਘ ਭਾਗੋਵਾਲੀਆ ਨੂੰ ਅਮਰਜੀਤ ਸਿੰਘ ਗੁਰਦਾਸਪੁਰੀ ਯਾਦਗਾਰੀ ਐਵਾਰਡ ਨਾਲ਼ ਸਨਮਾਨਿਤ ਕੀਤਾ ਜਾਵੇਗਾ।

# ਦੇਸ਼ ਵਿਆਪੀ ਕਿਸਾਨ ਮਜ਼ਦੂਰ ਅੰਦੋਲਨ 38ਵੇਂ ਦਿਨ 'ਚ ਦਾਖਲ

## ਭਾਜਪਾ ਆਗੂਆਂ ਨੂੰ ਪਿੰਡਾਂ 'ਚ ਵੜਨ 'ਤੇ ਕਾਲੇ ਝੰਡੇ ਦਿਖਾਉਣ ਦਾ ਐਲਾਨ



**ਗੁਰਦਾਸਪੁਰ (ਜਨਕ ਮਹਾਜਨ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਸ੍ਰੀ ਹਰਗੋਬਿੰਦਪੁਰ ਦੀ ਦਾਨਾ ਮੰਡੀ ਵਿੱਚ ਲਗਾਤਾਰ ਦੂਜਾ ਇਕੱਠ ਕੀਤਾ ਜਿਸ ਵਿਚ ਹਜ਼ਾਰਾਂ ਕਿਸਾਨਾਂ ਮਜ਼ਦੂਰਾਂ ਵਲੋਂ ਸ਼ਮੂਲੀਅਤ ਕੀਤੀ ਗਈ। ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਸਤਨਾਮ ਸਿੰਘ ਪੰਨੂ, ਸਵਿੰਦਰ ਸਿੰਘ ਚੁਤਾਲਾ, ਹਰਵਿੰਦਰ ਸਿੰਘ ਮਸਾਣੀਆਂ, ਗੁਰਪ੍ਰੀਤ ਸਿੰਘ ਖਾਨਪੁਰ, ਜ਼ਿਲ੍ਹਾ ਪ੍ਰੈਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਨੇ ਕਿਹਾ ਕਿ ਸਾਮਰਾਜੀ ਸੰਸਥਾਵਾਂ ਤੇ ਕਾਰਪੋਰੇਟ ਜਗਤ ਦੇ ਦਬਾਅ ਹੇਠ ਕੰਮ ਰਹੀ ਸਰਕਾਰ ਵੱਲੋਂ ਅਪਣਾਈਆਂ ਗਈਆਂ ਨੀਤੀਆਂ ਨਾਲ ਦੇਸ਼ ਵਿਚ ਗ਼ਰੀਬ ਅਮੀਰ ਵਿੱਚ ਆਰਥਿਕ ਪਾੜਾ ਹੱਦ ਬੰਨੇ ਟੱਪ ਚੁੱਕਾ ਹੈ। ਇਸ ਸਮੇ ਦੇਸ਼ ਵਿਚ 1 ਫੀਸਦੀ ਅਮੀਰਾਂ ਕੋਲ ਦੇਸ਼ ਦਾ 40 ਪ੍ਰਤੀਸ਼ਤ ਧਨ ਜਮ੍ਹਾ ਹੋ ਚੁੱਕਾ ਹੈ ਤੇ ਦੇਸ਼ ਨੂੰ 163 ਅਰਬਪਤੀ ਚਲਾ ਰਹੇ ਹਨ ਜਿਨ੍ਹਾਂ ਕੋਲ ਇਕ ਅਰਬ ਡਾਲਰ ਤੋਂ ਜ਼ਿਆਦਾ ਦੀ ਜਾਇਦਾਦ ਹੈ। ਇਨ੍ਹਾਂ ਬੁਰੇ ਹਾਲਾਤ ਵਿਚ ਲੋਕਾ ਨੂੰ ਜਿਊਣ ਲਈ ਮਜਬੂਰ ਕਰਨ, ਧਰਮਾਂ ਵਿਚ ਵੰਡਣ, ਘੱਟ ਗਿਣਤੀਆਂ ਦੀ ਹੋਂਦ ਖਤਮ ਕਰਕੇ ਕੇਂਦਰੀਕਰਨ ਕਰਕੇ ਹਿੰਦੂ ਰਾਸ਼ਟਰ ਵੱਲ ਕਦਮ ਵਧਾਉਣ ਵਾਲੀ ਭਾਰਤੀ ਜਨਤਾ ਪਾਰਟੀ ਤੇ ਕੇਂਦਰ ਸਰਕਾਰ ਖ਼ਿਲਾਫ਼ ਦੇਸ਼ ਵਿਆਪੀ ਕਿਸਾਨ ਮਜ਼ਦੂਰ ਅੰਦੋਲਨ 38ਵੇਂ ਦਿਨ ਵਿਚ ਸ਼ਾਮਿਲ ਹੋ ਗਿਆ ਹੈ। ਕਿਸਾਨ ਮਜ਼ਦੂਰਾਂ ਦੀਆ ਹੱਕੀ ਮੰਗਾਂ ਮੰਨਣ ਤੋਂ ਇਨਕਾਰੀ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਗੱਠਜੋੜ ਆਗੂਆਂ ਨੂੰ ਪੰਜਾਬ ਭਰ ਦੇ ਪਿੰਡਾਂ ਵਿਚ ਕਾਲੇ ਝੰਡੇ ਵਿਖਾਉਣ ਅਤੇ ਸਵਾਲ ਪੁੱਛਣ ਦਾ ਐਲਾਨ ਕਿਸਾਨ ਆਗੂਆਂ ਨੇ ਵੱਡੇ ਇੱਕਠ ਵਿਚ ਕੀਤਾ। ਕਿਸਾਨ ਆਗੂਆਂ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਨ ਪਿੰਡ ਪੱਧਰੀ ਵੱਡੇ ਇਕੱਠ ਕਰਕੇ ਮਨਾਉਣ ਅਤੇ ਚਲ ਰਹੇ ਕਿਸਾਨ ਮਜ਼ਦੂਰ ਮੋਰਚੇ ਨੂੰ ਲੋਕ ਲਹਿਰ ਵਿਚ ਤਬਦੀਲ ਕਰਕੇ ਵੱਡੇ ਪੱਧਰ ਉੱਤੇ ਮੋਰਚੇ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਬੀਬੀ ਮਨਜੀਤ ਕੌਰ, ਰਣਜੀਤ ਕੌਰ ਚੀਮਾ ਖੁੱਡੀ, ਰਸ਼ਪਾਲ ਸਿੰਘ ਭਰਥ ਜੌਨ ਬਾਬਾ ਰਾਮ ਥੰਮਨ, ਸਤਨਾਮ ਸਿੰਘ ਮੱਧਰਾ, ਗੁਰਮੁਖ ਸਿੰਘ ਖਾਨਮਲਕ ਜੌਨ ਸਠਿਆਲੀ, ਹਜ਼ੂਰ ਸਿੰਘ, ਮੇਜਰ ਸਿੰਘ, ਸਰਬਣ ਸਿੰਘ , ਬਲਬੀਰ ਸਿੰਘ ਜੌਨ ਬਾਬਾ ਮੱਕਾ, ਕੈਪਟਨ ਦਲਜੀਤ ਸਿੰਘ, ਗੁਰਪ੍ਰੀਤ ਨਾਨੋਵਾਲ, ਬਾਬਾ ਸੁਖਦੇਵ ਸਿੰਘ ਅਤੇ ਹੋਰ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਕਨਵੈਨਸ਼ਨ ਵਿਚ ਸ਼ਾਮਿਲ ਹੋਏ।

# ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਝਬਾਲ, ਜ਼ਿਲ੍ਹਾ ਤਰਨ ਤਾਰਨ ਵਿਖੇ ਸੈਸ਼ਨ 2023-24 ਦਾ ਨਤੀਜਾ ਐਲਾਨਿਆ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਉਨਾਂ ਦੇ ਮਾਪਿਆਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸਕੂਲ ਦੇ ਸਾਰੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਦੌਰਾਨ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਪਰਮਜੀਤ ਸਿੰਘ ਸੋਹਲ ਨੇ ਪਾਸ ਹੋਣ ਵਾਲੇ ਸਾਰੇ ਵਿਦਿਆਰਥੀਆ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਵਧਾਈ ਦਿੰਦਿਆਂ ਜ਼ਿੰਦਗੀ ਵਿਚ ਹੋਰ ਮਿਹਨਤ ਕਰਕੇ ਉਚੇ ਮੁਕਾਮ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਕਮੇਟੀ ਸਕੱਤਰ ਹਰਜਿੰਦਰਪਾਲ ਸਿੰਘ, ਮੈਨੇਜਰ ਸਿਮਰਤਪਾਲ ਸਿੰਘ, ਰਾਜਵਿੰਦਰ ਕੌਰ, ਰਵਿੰਦਰਜੀਤ ਸਿੰਘ, ਵਿਜੈ ਕੁਮਾਰ, ਮਨਦੀਪ ਕੌਰ, ਵਰਿੰਦਰ ਕੌਰ, ਗੁਰਜੀਤ ਕੌਰ, ਕਿਰਨਜੋਤ, ਕਰਮਜੀਤ ਕੌਰ, ਗੁਰਵਿੰਦਰ ਕੌਰ, ਅਮਨਦੀਪ ਕੌਰ, ਨਵਦੀਪ ਕੌਰ, ਨਵਪ੍ਰੀਤ ਕੌਰ, ਗੁਰਪ੍ਰੀਤ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਅਸਲਾ ਧਾਰਕ ਸੱਤ ਦਿਨਾਂ ਦੇ ਅੰਦਰ-ਅੰਦਰ ਅਸਲਾ ਜਮ੍ਹਾ ਕਰਵਾਉਣ : ਡੀ ਐੱਸ ਪੀ



**ਰਈਆ (ਡੀ. ਕੇ. ਰੈਡੀ)**-ਚੋਣ ਜ਼ਾਬਤਾ ਲੱਗਦੇ ਹੀ ਅੰਮ੍ਰਿਤਸਰ ਦਿਹਾਤੀ ਦੀ ਪੁਲਸ ਵੱਲੋਂ ਕਾਨੂੰਨ ਦੀ ਉਲੰਘਣਾ ਕਰਨ ਵਾਲਿਆ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾ ਰਿਹਾ ਹੈ। ਅਮਨ ਸ਼ਾਂਤੀ ਨੂੰ ਬਹਾਲ ਰੱਖਣ ਦੇ ਮਕਸਦ ਨਾਲ ਡੀਐੱਸਪੀ ਬਾਬਾ ਬਕਾਲਾ ਸੁਵਿੰਦਰਪਾਲ ਸਿੰਘ ਵੱਲੋਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਗਿਆ ਕਿ ਮਾਣਯੋਗ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾ ਤੇ ਅਸੀਂ ਮੀਡੀਆ ਦੇ ਰਾਹੀਂ ਅਸਲਾ ਧਾਰਕਾਂ ਨੂੰ ਨਿਮਰਤਾ ਸਹਿਤ ਅਪੀਲ ਕਰ ਰਹੇ ਹਾਂ ਕਿ ਓਹ ਆਪਣਾ ਅਸਲਾ ਇਕ ਹਫਤੇ ਦੇ ਅੰਦਰ ਅੰਦਰ ਆਪਣੇ ਸੰਬੰਧਿਤ ਥਾਣੇ ਵਿੱਚ ਜਮ੍ਹਾ ਕਰਵਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਣਦੀ ਕਰਵਾਈ ਕੀਤੀ ਜਾਵੇਗੀ। ਉਨ੍ਹਾਂ ਆਮ ਜਨਤਾ ਨੂੰ ਵੀ ਕਾਨੂੰਨ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਅਤੇ ਕਿਹਾ ਕਿ ਪੁਲਸ ਲੋਕਾਂ ਦੀ ਸੇਵਾ ਵਿੱਚ ਦਿਨ ਰਾਤ ਹਾਜ਼ਰ ਹੈ।.ਹਰ ਆਮ-ਖ਼ਾਸ ਇਨਸਾਨ ਕੋਈ ਵੀ ਮੁਸ਼ਕਿਲ ਆਉਣ 'ਤੇ ਬਿਨਾਂ ਝਿਜਕ ਦੇ ਮੈਨੂੰ ਮੇਰੇ ਦਫਤਰ ਆ ਕੇ ਕਦੇ ਵੀ ਮਿਲ ਸਕਦਾ ਹੈ।

# ਬਾਲ ਮੁਕੰਦ ਸ਼ਰਮਾ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ ਨਤਮਸਤਕ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਹਾਲ ਹੀ ਵਿੱਚ ਨਿਯੁਕਤ ਹੋਏ ਫੂਡ ਕਮਿਸ਼ਨਰ ਬਾਲ ਮੁਕੰਦ ਸ਼ਰਮਾ ਵੱਲੋਂ ਅੰਮ੍ਰਿਤਸਰ ਵਿਖੇ ਖੁਰਾਕ ਦੀ ਗੁਣਵੱਤਾ ਸਬੰਧੀ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭੋਜਨ ਦੀ ਕੋਈ ਕਮੀ ਨਹੀਂ ਹੈ, ਪੰਜਾਬ ਦੇਸ਼ ਦੀਆਂ ਅਨਾਜ ਦੀਆਂ ਲੋੜਾਂ ਪੂਰੀਆਂ ਕਰ ਰਿਹਾ ਹੈ ਪਰ ਖੁਰਾਕ ਦੀ ਮਿਕਦਾਰ ਦੇ ਨਾਲ ਨਾਲ ਇਸ ਦੀ ਗੁਣਵੱਤਾ ਵੱਲ ਧਿਆਨ ਦੇਣ ਦੀ ਸਾਨੂੰ ਲੋੜ ਹੈ।ਉਨ੍ਹਾਂ ਕਿਹਾ ਕਿ ਖੇਤ ਵਿੱਚ ਹੁੰਦੀ ਪੈਦਾਵਾਰ ਤੋਂ ਲੈ ਕੇ ਦੁਕਾਨ ਵਿਚ ਵਿਕਦੇ ਸਾਮਾਨ ਤੱਕ ਸਾਨੂੰ ਇਸ ਦੀ ਗੁਣਵੱਤਾ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ ਅਤੇ ਸਾਰੇ ਵਿਭਾਗ ਇਸ ਲਈ ਮਿਲ ਕੇ ਕੰਮ ਕਰਨ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ, ਜ਼ਿਲਾ ਖੁਰਾਕ ਸਪਲਾਈ ਅਫਸਰ ਸਰਤਾਜ ਸਿੰਘ, ਡੀਐੱਮ ਮਾਰਕਫੈੱਡ ਗੁਰਪ੍ਰੀਤ ਸਿੰਘ ਤੇ ਹੋਰ ਹਾਜ਼ਰ ਸਨ।ਉਪਰੰਤ ਬਾਲਮਕੰਦ ਸ਼ਰਮਾ ਨੇ ਆਪਣੀ ਪਤਨੀ ਕੰਚਨ ਸ਼ਰਮਾ ਨਾਲ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦੁਰਗਿਆਣਾ ਮੰਦਿਰ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ।

# ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜ ਗੁਰੂ ਨੂੰ ਅਕੀਦਤ ਦੇ ਫੁੱਲ ਭੇਟ




**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਸਥਾਨਕ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਪ੍ਰਿੰਸੀਪਲ ਪ੍ਰੀਤਦਵਿੰਦਰ ਕੌਰ ਦੀ ਰਹਿਨੁਮਾਈ ਹੇਠ ਪੰਜਾਬੀ ਵਿਭਾਗ ਵੱਲੋਂ ਸਰਦਾਰ ਭਗਤ ਸਿੰਘ ਸੁਖਦੇਵ ਅਤੇ ਰਾਜਗੁਰੂ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਮੌਕੇ ਵੱਖ ਵੱਖ ਵਿਦਿਆਰਥੀਆਂ ਨੇ ਭਗਤ ਸਿੰਘ ਦੇ ਜੀਵਨ ਨਾਲ ਸਬੰਧਤ ਵਿਚਾਰ ਧਾਰਾ ਅਤੇ ਆਜ਼ਾਦੀ ਸੰਗਰਾਮ ਵਿਚ ਉਹਨਾਂ ਦੇ ਪਾਏ ਯੋਗਦਾਨ ਬਾਰੇ ਵਿਚਾਰ ਚਰਚਾ ਕੀਤੀ ਗਈ। ਵਿਦਿਆਰਥੀਆਂ ਵੱਲੋਂ ਇਕ ਲਘੂ ਨਾਟਕ ਮੁਆਫੀਨਾਮਾ ਖੇਡਿਆ ਗਿਆ। ਅਖੀਰ ਵਿੱਚ ਮੈਡਮ ਪ੍ਰਿੰਸੀਪਲ ਨੇ ਵਿਦਿਆਰਥੀਆਂ ਨਾਲ ਸਰਦਾਰ ਭਗਤ ਸਿੰਘ ਦੇ ਜੀਵਨ ਨਾਲ ਸਬੰਧਤ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।



ਫਤਿਹਗੜ੍ਹ ਚੂੜੀਆਂ-ਕਾਲਾ ਅਫਗਾਨਾ ਦੇ ਨਜ਼ਦੀਕ ਪੈਂਦੇ ਪਿੰਡ ਮੁਰੀਦਕੇ ਤੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਲੰਗਰ ਦੀਆਂ ਰਸਦਾਂ ਲੈ ਕੇ ਸੇਵਾਦਾਰ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੁੰਦੇ ਹੋਏ। (ਫੋਟੋ ਤੇ ਵੇਰਵਾ: ਬਾਲ ਮੁਕੰਦ ਸ਼ਰਮਾ)

# ਗਰੀਬ ਪਰਿਵਾਰਾਂ ਨੂੰ ਉਨ੍ਹਾਂ ਦੇ ਪੂਰੇ ਜੀਆਂ ਮੁਤਾਬਿਕ ਡਿੱਪੂਆਂ 'ਤੇ ਕਣਕ ਨਹੀਂ ਮਿਲਦੀ : ਕੋਹਾੜਕਾ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਪੰਜਾਬ ਸਰਕਾਰ ਵੱਲੋਂ ਗਰੀਬਾਂ ਦੇ ਨੀਲੇ ਕਾਰਡ ਸਾਰੇ ਬਹਾਲ ਕਰਨ ਤੋਂ ਬਾਅਦ ਕਣਕ ਦੀ ਜੋ ਸਪਲਾਈ ਗਰੀਬਾਂ ਨੂੰ ਫੂਡ ਸਪਲਾਈ ਮਹਿਕਮੇ ਵੱਲੋਂ ਹੋ ਰਹੀ ਹੈ ਉਹ ਮਹਿਕਮੇ ਦੇ ਇੰਸਪੈਕਟਰਾ ਵੱਲੋਂ ਗਰੀਬ ਪਰਵਾਰਾਂ ਨੂੰ ਉਨ੍ਹਾਂ ਦੇ ਪੂਰੇ ਜੀਆਂ ਮੁਤਾਬਿਕ ਨਹੀਂ ਦਿੱਤੀ ਜਾ ਰਹੀ। ਜ਼ਿਲਾ ਤਰਨ ਤਾਰਨ ਦੇ ਡੀ. ਸੀ. ਸਾਹਿਬ ਨੂੰ ਇਸ ਪਾਸੇ ਵੱਲ ਧਿਆਨ ਦੇ ਕੇ ਪਤਾ ਕਰਕੇ ਉਕਤ ਸਪਲਾਈ ਨੂੰ ਸਹੀ ਕਰਨਾ ਚਾਹੀਦਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਗੁਰਮੁਖ ਸਿੰਘ ਕੋਹਾੜਕਾ ਨੇ ਪੱਤਰਕਾਰਾਂ ਸਾਹਮਣੇ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਇਮਾਨਦਾਰ ਹੈ ਪਰ ਅਫਸਰਸ਼ਾਹੀ ਨੂੰ ਵੀ ਲੋਕ ਹਿੱਤਾਂ ਦੀ ਖਾਤਰ ਇਮਾਨਦਾਰ ਹੋਣਾ ਚਾਹੀਦਾ ਹੈ। ਉਕਤ ਅਨੁਸਾਰ ਖੇਮਕਰਨ ਦੇ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਵਿੱਚ ਡਿਪੂ ਹੋਲਡਰਾਂ ਅਤੇ ਫੂਡ ਸਪਲਾਈ ਦੇ ਭ੍ਰਿਸ਼ਟ ਅਫਸਰਾਂ ਦੀ ਮਿਲੀਭੁਗਤ ਨਾਲ ਜਿਵੇਂ ਕਿ ਪੰਜ ਜੀਅ ਹਨ, ਉਨ੍ਹਾਂ ਨੂੰ ਤਿੰਨ ਜੀਆਂ ਦੀ ਕਣਕ ਦਿੱਤੀ ਜਾਂਦੀ ਹੈ ਅਤੇ ਦੂਜੇ ਦੋ ਜੀਆਂ ਦੀ ਕਣਕ ਦੇਣ ਬਦਲੇ ਗਰੀਬਾਂ ਪਾਸੋਂ ਪੈਸਿਆਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਗਰੀਬਾਂ ਨਾਲ ਸਰਾਸਰ ਧੱਕਾ ਹੈ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਕਤ ਮਸਲੇ ਦੀ ਪੜਤਾਲ ਕਰੇ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਕਰੇ।

# ਨਾਜਾਇਜ਼ ਸ਼ਰਾਬ ਤੇ ਮੋਟਰਸਾਈਕਲ ਸਮੇਤ 2 ਗ੍ਰਿਫ਼ਤਾਰ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸਤਿੰਦਰ ਸਿੰਘ ਆਈਪੀਐੱਸ ਸੀਨੀਅਰ ਪੁਲਿਸ ਕਪਤਾਨ ਅੰਮ੍ਰਿਤਸਰ ਦਿਹਾਤੀ ਵੱਲੋ ਸਮੱਚੀ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੀਆਂ ਸਖਤ ਹਦਾਇਤਾਂ ਤੇ ਅਮਲ ਕਰਦਿਆਂ ਨਸ਼ਾ ਤਸਕਰਾਂ ਖਿਲਾਫ ਵਿਡੀ ਮੁਹਿੰਮ ਤਹਿਤ ਥਾਣਾ ਤਰਸਿੱਕਾ ਦੀ ਪੁਲਸ ਵੱਲੋਂ ਹੈਰੋਇਨ ਤੇ ਮੋਟਰਸਾਈਕਲ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਛਾਪੇਮਾਰੀ ਕਰਦਿਆਂ ਕਰਨਬੀਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਦਸ਼ਮੇਸ਼ ਨਗਰ ਜ਼ਿਲਾ ਅੰਮ੍ਰਿਤਸਰ ਨੂੰ ਪਿੰਡ ਦਸ਼ਮੇਸ਼ ਨਗਰ ਦੇ ਬਾਹਰੋਂ 8 ਗ੍ਰਾਮ ਹੈਰੋਇਨ, ਮੋਟਰਸਾਈਕਲ ਸਮੇਤ ਅਤੇ ਕੁਲਦੀਪ ਸਿੰਘ ਉਰਫ ਛੁਹਾਰਾ ਪੁੱਤਰ ਚੈਂਚਲ ਸਿੰਘ ਵਾਸੀ ਦਸ਼ਮੇਸ਼ ਨਗਰ ਥਾਣਾ ਤਰਸਿੱਕਾ ਜ਼ਿਲਾ ਅੰਮ੍ਰਿਤਸਰ ਨੂੰ ਉਸਦੇ ਘਰੋਂ 40 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਗਿਆ ਅਤੇ ਦੋਵਾਂ ਦੋਸ਼ੀਆਂ ਖਿਲਾਫ ਵੱਖ-ਵੱਖ ਮੁਕੱਦਮੇ ਦਰਜ ਕਰਕੇ ਗ੍ਰਿਫਤਾਰ ਕੀਤਾ ਗਿਆ।ਇਸ ਤੋਂ ਇਲਾਵਾ ਥਾਣਾ ਤਰਸਿੱਕਾ ਦੀ ਪੁਲਸ ਪਾਰਟੀ ਵੱਲੋ ਥਾਣਾ ਤਰਸਿੱਕਾ ਨਾਲ ਸਬੰਧਤ ਇਕ ਹੋਰ ਐਨਡੀਪੀਐੱਸ ਐਕਟ ਦੇ ਮੁੱਕਦਮੇ ਵਿਚੋਂ ਲੋੜੀਂਦੇ ਦੋਸ਼ੀ ਕੁਲਦੀਪ ਸਿੰਘ ਉਰਫ ਕੀਪਾ ਪੁੱਤਰ ਸਵਰਨ ਸਿੰਘ ਵਾਸੀ ਡੇਹਰੀਵਾਲ ਜਿਲਾ ਅੰਮ੍ਰਿਤਸਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਥਾਣਾ ਤਰਸਿਕਾ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਸਮੇਂ ਥਾਣਾ ਮੁਖੀ ਬਲਵਿੰਦਰ ਸਿੰਘ ਬਾਜਵਾ, ਏਐੱਸਆਈ ਬਘੇਲ ਸਿੰਘ, ਹੌਲਦਾਰ ਜਸਪਾਲ ਸਿੰਘ, ਸਿਪਾਹੀ ਨਵਜੋਤ ਸਿੰਘ ਆਦਿ ਹਾਜ਼ਰ ਸਨ।

# ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਲਾਨੌਰ 'ਚ ਫਲੈਗ ਮਾਰਚ



**ਕਲਾਨੌਰ (ਮਨਦੀਪ ਕੋਹਲੀ)**-ਲੋਕ ਸਭਾ ਚੋਣਾਂ ਨੂੰ ਦੇਖਦੇ ਹੋਏ ਪੁਲਸ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦੀ ਦਿਖਾ ਰਿਹਾ ਹੈ ਅਤੇ ਹਰ ਜਗ੍ਹਾ ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਫਲੈਗ ਮਾਰਚ ਕੱਢੇ ਜਾ ਰਹੇ ਹਨ। ਕਲਾਨੌਰ ਵਿੱਚ ਵੀ ਐੱਸਐੱਸਪੀ ਗੁਰਦਾਸਪੁਰ ਹਰੀਸ਼ ਦਿਆਮਾ ਦੀ ਅਗਵਾਈ ਵਿੱਚ ਵਿਸ਼ਾਲ ਫਲੈਗ ਮਾਰਚ ਕੱਢਿਆ ਗਿਆ ਜਿਸ ਵਿੱਚ ਬੀਐੱਸਐੱਫ ਦੇ ਜਵਾਨਾਂ ਤੋਂ ਇਲਾਵਾ ਐੱਸਐੱਸਜੀ ਦੇ ਮੁਲਾਜ਼ਮਾਂ ਨੇ ਵੀ ਹਿੱਸਾ ਲਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸਐੱਸਪੀ ਗੁਰਦਾਸਪੁਰ ਹਰੀਸ ਦਿਆਮਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਫਲੈਗ ਮਾਰਚ ਕੱਢਿਆ ਜਾ ਰਿਹਾ ਹੈ। ਇਹ ਫਲੈਗ ਮਾਰਚ ਸਾਰੀ ਬਾਰਡਰ ਪੱਟੀ ਹੁੰਦਾ ਹੋਇਆ ਕਲਾਨੌਰ ਦੇ ਵੱਖ ਵੱਖ ਮਾਰਗਾਂ ਤੋਂ ਚੱਲ ਕੇ ਪੁਲਸ ਥਾਣਾ ਕਲਾਨੌਰ ਵਿਖੇ ਸਮਾਪਤ ਹੋਇਆ। ਇਸ ਮੌਕੇ ਪੁਲਿਸ ਪ੍ਰਸ਼ਾਸਨ ਬੀਐੱਸਐੱਫ ਪ੍ਰਸ਼ਾਸਨ ਦੇ ਜਵਾਨਾਂ ਵਿੱਚ ਬਲਵਿੰਦਰ ਸਿੰਘ ਰੰਧਾਵਾ ਐੱਸਪੀਡੀ, ਸੁਖਵਿੰਦਰ ਪਾਲ ਸਿੰਘ, ਡੀਐੱਸਪੀ ਗੁਰਵਿੰਦਰ ਸਿੰਘ, ਆਈਪੀਐੱਸ ਐੱਸਐੱਚਓ ਦਿਲਪ੍ਰੀਤ ਸਿੰਘ, ਅਡੀਸ਼ਨਲ ਐੱਸਐੱਚਓ ਗੁਰਮੁਖ ਸਿੰਘ, ਰਸ਼ਪਾਲ ਸਿੰਘ, ਪ੍ਰੀਤਮ ਦਾਸ, ਸਵਿੰਦਰ ਪਾਲ, ਗੁਰਿੰਦਰ ਪਾਲ ਸਿੰਘ ਆਦਿ ਜਵਾਨ ਵੀ ਹਾਜ਼ਰ ਸਨ।

# ਬ੍ਰਹਮਗਿਆਨੀ ਸੰਤ ਬਾਬਾ ਸੋਹਣ ਸਿੰਘ ਦੀ 49ਵੀਂ ਸਾਲਾਨਾ ਬਰਸੀ ਮਨਾਈ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਮੀਰੀ ਪੀਰੀ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰੋਂ ਘਰੋਂ ਵਰੋਸਾਇ ਦਲ ਬਾਬਾ ਬਿਧੀ ਚੰਦ ਸਾਹਿਬ ਜੀ ਦੇ 10ਵੇਂ ਜਾਨਸ਼ੀਨ ਬ੍ਰਹਮ ਗਿਆਨੀ ਸੰਤ ਬਾਬਾ ਸੋਹਣ ਸਿੰਘ ਜੀ ਸੁਰਸਿੰਘ ਵਾਲਿਆਂ ਦੀ 49ਵੀਂ ਸਾਲਾਨਾ ਬਰਸੀ ਸਬੰਧੀ ਨਗਰ ਸੁਰਸਿੰਘ ਗੁਰਦੁਆਰਾ ਛਾਉਣੀ ਸਾਹਿਬ ਵਿਖੇ ਮਨਾਈ ਗਈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਦਲ ਬਾਬਾ ਬਿਧੀ ਚੰਦ ਜੀ ਦੇ ਮੌਜੂਦਾ ਮੁੱਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲਿਆਂ ਨੇ ਕਿਹਾ ਕਿ ਪਰਸੋਂ ਰੋਜ ਤੋਂ ਆਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਸਨ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਬਾਬਾ ਬਿਧੀ ਚੰਦ ਦੀਵਾਨ ਹਾਲ ਵਿੱਚ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰ ਜਥੇ ਸੰਗਤਾਂ ਨੂੰ ਇਤਿਹਾਸ ਸੁਣਾ ਕੇ ਗੁਰੂ ਘਰ ਨਾਲ ਜੋੜਿਆ ਬੁੱਧਵਾਰ ਨੂੰ 12ਵਾਂ ਕਬੱਡੀ ਕੱਪ ਕਰਵਾਇਆ ਗਿਆ। ਸੀ ਜੋ ਸਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਦਯਾ ਸਿੰਘ ਜੀ ਦੇ ਅਸ਼ੀਰਵਾਦ ਨਾਲ ਆਰੰਭ ਹੋਇਆ ਸੀ।ਸਤਿਕਾਰਯੋਗ ਸਿੰਘ ਸਹਿਬਾਨ, ਸਮੂਹ ਸੰਪਰਦਾਵਾਂ ਦੇ ਮੁੱਖੀ, ਸਤਿਕਾਰਯੋਗ ਸੰਤ ਮਹਾਂਪੁਰਖ, ਨਿਹੰਗ ਸਿੰਘ ਜਥੇਬੰਦੀਆਂ ਦੇ ਸਤਿਕਾਰਯੋਗ ਜਥੇਦਾਰ, ਰਾਗੀ, ਗੁਣੀ ਗਿਆਨੀ ਅਤੇ ਢਾਡੀ-ਕਵੀਸ਼ਰ ਜੱਥਿਆਂ ਗੁਰੂ-ਜਸ ਸਰਵਣ ਕਰਵਾਇਆ ਗਿਆ।ਇਸ ਮੌਕੇ ਬਾਬਾ ਪ੍ਰੇਮ ਸਿੰਘ, ਬਾਬਾ ਚਰਨਜੀਤ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਕਰਮ ਸਿੰਘ, ਬਾਬਾ ਸੁਰਜੀਤ ਸਿੰਘ ਕੈਰੋਂ,ਬਾਬਾ ਪੰਜਾਬ ਸਿੰਘ ਮਿਸਲ ਬਾਬਾ ਨਿਧਾਨ ਸਿੰਘ ਪੰਜ ਹੱਥਾ ਤਰਨਾ ਦਲ, ਬਾਬਾ ਹਰਦੇਵ ਸਿੰਘ ਝਾੜ ਸਾਹਿਬ ਵਾਲੇ, ਜਥੇਦਾਰ ਬਲਬੀਰ ਸਿੰਘ ਸੁਰ ਸਿੰਘ ਸਾਬਕਾ ਮੈਂਬਰ ਐੱਸਜੀਪੀਸੀ, ਸਿੰਘ ਸਾਹਿਬ ਮਾਹਰ ਸਿੰਘ ਜੋਹੀ ਸਰੂਪ ਸਾਹਿਬ, ਗਿਆਨੀ ਜਸਵੰਤ ਸਿੰਘ ਮੰਜੀ ਸਾਹਿਬ,ਭਾਈ ਸੰਤ ਗਿਆਨੀ ਗੁਰਬਚਨ ਸਿੰਘ ਜੀ ਦੇ ਪੋਤਰੇ ਗਿਆਨੀ ਅਵਤਾਰ ਸਿੰਘ ਪੱਧਰੀ ਕਲਾਂ ਵਾਲੇ, ਬਾਬਾ ਸੇਵਾ ਸਿੰਘ ਜੀ ਦੇ ਜਥੇ: ਜਥੇਦਾਰ ਗੁਰਬਚਨ ਸਿੰਘ ਕਰਮੂੰਵਾਲ, ਜਥੇਦਾਰ ਸੁਖਦੇਵ ਸਿੰਘ ਭੂਰਾ, ਗਿਆਨੀ ਗੁਰਬਚਨ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਲਾਵਾ ਹੋਰ ਵੀ ਸਤਿਕਾਰਤ ਸ਼ਖਸੀਅਤਾਂ ਹਾਜ਼ਰ ਸਨ।

# ਬਿਮਾਰੀਆਂ ਤੋਂ ਬਚਾਅ ਲਈ ਸਾਫ-ਸਫਾਈ ਵੱਲ ਖਾਸ ਧਿਆਨ ਰੱਖਣ ਸਬੰਧੀ ਕੀਤਾ ਜਾਗਰੂਕ



**ਚੋਹਲਾ ਸਾਹਿਬ (ਚੱਢਾ)**-ਸਿਵਲ ਸਰਜਨ ਤਰਨ ਤਾਰਨ ਡਾਕਟਰ ਕਮਲਪਾਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਡਾਕਟਰ ਸਿਮਰਨ ਜਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਅਮਨਦੀਪ ਸਿੰਘ ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ ਗਿੱਲ ਇੰਚਾਰਜ ਸਰਹਾਲੀ ਦੀ ਰਹਿਨੁਮਾਈ ਹੇਠ ਸੇਂਟ ਫਰਾਂਸਿਸ ਸਕੂਲ ਭੋਈਆਂ (ਬੀਫ ਸਰਹਾਲੀ) ਵਿਖੇ ਹੈਲਥ ਸੁਪਰਵਾਈਜ਼ਰ ਦੀਨ ਦਿਆਲ ਗੁਰਦਿਆਲ ਸਿੰਘ ਅਮਨਦੀਪ ਸਿੰਘ ਅਮਨਪ੍ਰੀਤ ਸਿੰਘ ਦੀ ਟੀਮ ਨੇ ਇੰਸਪੈਕਸ਼ਨ ਕੀਤੀ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਆਈ ਦੀਨ ਦਿਆਲ ਨੇ ਦੱਸਿਆ ਕਿ ਉਨਾਂ ਦੀ ਟੀਮ ਵੱਲੋਂ ਲੋਕਾਂ ਨੂੰ ਘਰ ਘਰ ਜਾਕੇ ਬਿਮਾਰੀਆਂ ਤੋਂ ਬਚਾਅ ਲਈ ਸਾਫ ਸਫਾਈ ਵੱਲ ਖਾਸ ਧਿਆਨ ਰੱਖਣ ਸਬੰਧੀ ਜਾਗਰੂਕਤ ਕੀਤਾ ਜਾ ਰਿਹਾ ਹੈ ਉਹਨਾਂ ਦੱਸਿਆ ਕਿ ਪਾਣੀ ਦੀਆ ਟੈਂਕੀਆਂ ਬਾਥ ਰੂਮਾਂ ਆਲੇ ਦੁਆਲੇ ਦੀ ਸਾਫ ਸਫਾਈ ਰਸੋਈ ਆਦਿ ਦੀ ਸਾਰੀ ਇੰਸਪੈਕਸ਼ਨ ਕੀਤੀ ਹਰ ਜਗ੍ਹਾ ਸਾਫ ਸਫ਼ਾਈ ਪਾਈ ਗਈ ਕਿਸੇ ਵੀ ਜਗ੍ਹਾ ਤੋਂ ਕੋਈ ਲਾਰਵਾ ਨਹੀਂ ਪਾਇਆ ਗਿਆ ਸਕੂਲ ਦੇ ਸਟਾਫ਼ ਨੂੰ ਜਾਣਕਾਰੀ ਦਿੱਤੀ ਕਿ ਕਿਤੇ ਵੀ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ ਸਮੇਂ ਸਮੇਂ ਸਿਰ ਪਾਣੀ ਦੀਆਂ ਟੈਂਕੀਆਂ ਸਾਫ਼ ਕੀਤੀਆਂ ਜਾਣ ਤੇ ਆਲੇ ਦੁਆਲੇ ਸਾਫ ਸਫ਼ਾਈ ਦਾ ਪੂਰਾ ਧਿਆਨ ਰੱਖਿਆ ਜਾਵੇ।

ਉਹਨਾਂ ਦੱਸਿਆ ਕਿ ਜੇਕਰ ਅਸੀਂ ਸਾਫ ਸਫਾਈ ਵੱਲ ਖਾਸ ਧਿਆਨ ਨਾ ਦਿੱਤਾ ਤਾਂ ਭਿਆਨਕ ਬਿਮਾਰੀਆਂ ਫੈਲਾਉਣ ਵਾਲਾ ਮੱਛਰ ਪੈਦਾ ਹੁੰਦਾ ਹੈ ਜਿਸ ਕਾਰਨ ਘਰ ਘਰ ਬਿਮਾਰੀਆਂ ਫੈਲ ਸਕਦੀਆਂ ਹਨ ਅਤੇ ਕਈ ਵਿਅਤੀਆਂ ਦੀ ਮੌਤ ਵੀ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਆਲੇ ਦੁਆਲੇ ਗੰਦਾ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਰਾਤ ਸੌਣ ਸਮੇਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

# ਡੱਲਾ ਬਲੀਮ ਵਿਖੇ ਵਿਸ਼ਾਲ ਜਗਰਾਤਾ ਤੇ ਭੰਡਾਰਾ ਕਰਵਾਇਆ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਸ਼ਿਵ ਸ਼ਕਤੀ ਕਲੱਬ ਡੱਲਾ ਬਲੀਮ ਵੱਲੋਂ ਪਿੰਡ ਡੱਲਾ ਬਲੀਮ ਵਿਖੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪ੍ਰਧਾਨ ਮੋਹਨ ਲਾਲ ਦੀ ਅਗਵਾਈ ਹੇਠ ਮਹਾਂ ਸ਼ਿਵਰਾਤਰੀ ਦੇ ਸਬੰਧ ਵਿਚ ਵਿਸ਼ਾਲ ਜਗਰਾਤਾ ਕਰਵਾਇਆ ਗਿਆ।ਇਸ ਦੌਰਾਨ ਕਲੱਬ ਪ੍ਰਧਾਨ ਮੋਹਨ ਲਾਲ ਅਤੇ ਮੈਂਬਰਾਂ ਰਾਜੇਸ਼ ਕੁਮਾਰ ਸੇਠੀ, ਜੋਗਿੰਦਰ ਪਾਲ ਲੰਬੜਦਾਰ ਨੇ ਦੱਸਿਆ ਕਿ ਪੂਰੇ ਵਿਧੀ ਵਿਧਾਨ ਨਾਲ ਪੂਜਾ ਅਰਚਨਾ ਤੋਂ ਬਾਅਦ ਜੋਗਿੰਦਰ ਪਾਲ ਐਂਡ ਪਾਰਟੀ ਨੇ ਗਣੇਸ਼ ਵੰਦਨਾ ਨਾਲ ਜਾਗਰਣ ਦੀ ਸ਼ੁਰੂਆਤ ਕੀਤੀ। ਉਪਰੰਤ ਭੋਲੇ ਨਾਥ ਦੀ ਸ਼ਾਦੀ ਹਮ ਤੋ ਨਾਚੇਂਗੇ ਅਤੇ ਭੋਲੇ ਦੀ ਬਰਾਤ ਚਲੀ.ਤੇ ਭਜਨ ਤੇ ਪਿੰਡ ਵਾਸੀਆਂ ਨੇ ਖੂਬ ਭੰਗੜਾ ਪਾਇਆ।ਇਸ ਦੇ ਨਾਲ ਹੀ ਭਗਵਾਨ ਭੋਲੇ ਨਾਥ, ਮਾਤਾ ਰਾਣੀ, ਬਾਬਾ ਬਾਲਕ ਨਾਥ ਅਤੇ ਹੋਰ ਦੇਵੀ ਦੇਵਤਿਆਂ ਦੀਆਂ ਮਹਿਮਾ ਕਰਦੇ ਹੋਏ ਵੱਖ-ਵੱਖ ਸੁੰਦਰ ਝਾਕੀਆਂ ਵੀ ਪੇਸ਼ ਕੀਤੀਆਂ।ਅੰਤ ਵਿੱਚ ਕਲੱਬ ਮੈਂਬਰਾਂ ਅਤੇ ਸੇਵਾਦਾਰਾਂ ਵੱਲੋਂ ਸੂਫੀ ਗਾਇਕ ਜੋਗਿੰਦਰ ਪਾਲ ਐਂਡ ਪਾਰਟੀ ਨੂੰ ਸਨਮਾਨਿਤ ਕੀਤਾ ਗਿਆ ਭੰਡਾਰਾ ਅਤੁੱਟ ਵਰਤਾਇਆ ਗਿਆ। ਇਸ ਮੌਕੇ ਰਾਜੇਸ਼ ਕੁਮਾਰ, ਚੰਦਨ, ਜੋਗਿੰਦਰ ਪਾਲ ਲੰਬੜਦਾਰ, ਸਰਵਣ, ਸਾਜਨ, ਰਮੇਸ਼ ਚੰਦ, ਰੌਸ਼ਨ ਲਾਲ, ਲਵਲੀ, ਆਕਾਸ਼ਦੀਪ, ਅਰਜਨ, ਕਰਨ, ਰਘਬੀਰ ਚੰਦ, ਸੂਰਜ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਆਦਰਸ਼ ਚੋਣ ਜ਼ਾਬਤੇ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਵਿਸ਼ੇਸ਼ ਸਾਰੰਗਲ ਨੇ ਚੋਣ ਅਮਲ ਵਿੱਚ ਤਾਇਨਾਤ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਪੂਰੀ ਤਰ੍ਹਾਂ ਆਜ਼ਾਦਾਨਾ, ਨਿਰਪੱਖ ਅਤੇ ਸ਼ਾਂਤਮਈ ਮਾਹੌਲ ਵਿੱਚ ਕਰਵਾਈਆਂ ਜਾਣਗੀਆਂ।ਆਪਣੇ ਦਫ਼ਤਰ ਵਿੱਚ ਅਧਿਕਾਰੀਆਂ ਨਾਲ ਚੋਣਾਂ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਚੋਣਾਂ ਦੇ ਪ੍ਰੋਸੈੱਸ ਦੀ ਨਿਗਰਾਨੀ ਲਈ ਹਰ ਵਿਧਾਨ ਸਭਾ ਹਲਕਾ ਪੱਧਰ 'ਤੇ ਤਾਇਨਾਤ ਕੀਤੀਆਂ ਫਲਾਇੰਗ ਸੁਕੈਡ, ਫਲਾਇੰਗ ਸੁਕੈਡ ਸੀ-ਵਿਜ਼ਲ, ਸਟੈਟਿਕ ਸਰਵੀਲੈਂਸ ਟੀਮਾਂ, ਵੀਡੀਓ ਸਰਵੀਲੈਂਸ ਟੀਮਾਂ, ਅਕਾਊਂਟਿੰਗ ਟੀਮਾਂ, ਵੀਡੀਓ ਵਿਊਵਿੰਗ ਟੀਮਾਂ, ਲੀਕਰ ਮੋਨੀਟਰਿੰਗ ਟੀਮਾਂ, ਡਰੱਗ ਕੰਟਰੋਲ ਟੀਮਾਂ ਨੂੰ ਪੂਰੀ ਤਰ੍ਹਾਂ ਐਕਟਿਵ ਕੀਤਾ ਜਾਵੇ। ਇਸਦੇ ਨਾਲ ਹੀ ਚੋਣ ਜ਼ਾਬਤੇ ਦੇ ਉਲੰਘਣਾ ਸਬੰਧੀ ਜੇਕਰ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਉੱਪਰ ਤੁਰੰਤ ਕਾਰਵਾਈ ਕੀਤੀ ਜਾਵੇ।ਸ਼੍ਰੀ ਵਿਸ਼ੇਸ਼ ਸਾਰੰਗਲ ਨੇ ਜ਼ਿਲ੍ਹੇ ਦੇ ਸਮੂਹ ਏਆਰਓ ਨੂੰ ਕਿਹਾ ਕਿ ਉਹ ਅਗਲੇ 10 ਦਿਨਾਂ ਦੇ ਅੰਦਰ ਆਪਣੇ ਵਿਧਾਨ ਸਭਾ ਹਲਕੇ ਦੇ ਹਰ ਪੋਲਿੰਗ ਬੂਥ ਦਾ ਨਿੱਜੀ ਪੱਧਰ ਤੇ ਜਾ ਕੇ ਮੁਆਇਨਾ ਕਰ ਲੈਣ ਅਤੇ ਜੇਕਰ ਓਥੇ ਕੋਈ ਕਮੀ-ਪੇਸ਼ੀ ਹੈ ਤਾਂ ਉਸ ਨੂੰ ਤੁਰੰਤ ਠੀਕ ਕਰ ਲਿਆ ਜਾਵੇ। ਪੋਲਿੰਗ ਬੂਥ ਉੱਪਰ ਪੀਣ ਵਾਲੇ ਠੰਢੇ ਪਾਣੀ, ਛਾਂ, ਬਿਜਲੀ ਆਦਿ ਸਮੇਤ ਹੋਰ ਲੋੜੀਂਦੇ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਚੋਣਾਂ ਨੂੰ ਆਜ਼ਾਦ, ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਅਤੇ ਚੋਣਾਂ ਦੌਰਾਨ ਕਿਸੇ ਵੀ ਕਿਸਮ ਦੀ ਚੋਣ ਜ਼ਾਬਤੇ ਦੀ ਉਲੰਘਣਾ ਨੂੰ ਰੋਕਣ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਵੈੱਬ ਕਾਸਟਿੰਗ ਕਰਵਾਈ ਜਾਵੇਗੀ।ਇਸ ਤੋਂ ਇਲਾਵਾ ਪੋਲਿੰਗ ਲੋਕੇਸ਼ਨਾਂ ਤੇ ਮਾਈਕਰੋ ਅਬਜ਼ਰਵਰਾਂ ਦੀ ਨਿਯੁਕਤੀ ਵੱਖਰੇ ਤੌਰ 'ਤੇ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਵਾਰ ਚੋਣ ਕਮਿਸ਼ਨ ਵੱਲੋਂ 70 ਪਾਰ ਦਾ ਟੀਚਾ ਦਿੱਤਾ ਗਿਆ ਹੈ ਜਿਸ ਨੂੰ ਪੂਰਾ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਪਿਛਲੀਆਂ ਚੋਣਾਂ ਦੌਰਾਨ ਜਿਨ੍ਹਾਂ ਪੋਲਿੰਗ ਬੂਥਾਂ ਉੱਪਰ ਘੱਟ ਪੋਲਿੰਗ ਹੋਈ ਸੀ ਉਨ੍ਹਾਂ ਬੂਥਾਂ ਉੱਪਰ ਵਿਸ਼ੇਸ਼ ਵੋਟਰ ਜਾਗਰੂਕਤਾ ਅਭਿਆਨ ਚਲਾਇਆ ਜਾਵੇਗਾ।ਮੀਟਿੰਗ ਦੌਰਾਨ ਐੱਸਐੱਸਪੀ. ਗੁਰਦਾਸਪੁਰ ਹਰੀਸ਼ ਦਾਯਮਾ, ਵਧੀਕ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ, ਐੱਸਡੀਅਮ. ਗੁਰਦਾਸਪੁਰ ਕਰਮਜੀਤ ਸਿੰਘ, ਐੱਸਡੀਐੱਮ. ਬਟਾਲਾ ਸ਼ਾਇਰੀ ਮਲਹੋਤਰਾ, ਐੱਸਡੀਐੱਮ. ਦੀਨਾਨਗਰ ਗੁਰਦੇਵ ਸਿੰਘ ਧਾਮ, ਸਹਾਇਕ ਕਮਿਸ਼ਨਰ (ਜ) ਅਸ਼ਵਨੀ ਅਰੋੜਾ, ਐੱਸਡੀਐੱਮ. ਕਲਾਨੌਰ ਮੈਡਮ ਜਿਓਤਸਨਾ ਸਿੰਘ, ਐੱਸਡੀਐੱਮ. ਡੇਰਾ ਬਾਬਾ ਨਾਨਕ ਹਰਦੀਪ ਸਿੰਘ, ਐੱਸਡੀਐੱਮ. ਫ਼ਤਿਹਗੜ੍ਹ ਚੂੜੀਆਂ ਸੁਖਰਾਜ ਸਿੰਘ ਢਿੱਲੋਂ, ਐੱਸਪੀ ਜਸਵੰਤ ਕੌਰ, ਤਹਿਸੀਲਦਾਰ ਚੋਣਾਂ ਮਨਜਿੰਦਰ ਸਿੰਘ ਬਾਜਵਾ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਵਿਖੇ ਨਮਨ ਸ਼ਹੀਦਾਂ ਨੂੰ




**ਬਟਾਲਾ (ਡਾ. ਮਲਵਿੰਦਰ ਸਿੰਘ)**-ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਵਿਖੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੀ ਅਗਵਾਈ ਵਿੱਚ ਕਾਲਜ ਦੇ ਰੈਡ ਰਿਬਨ ਕਲੱਬ ਅਤੇ ਐੱਨਐੱਸਐੱਸ ਯੂਨਿਟ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਉਤਸ਼ਾਹ ਨਾਲ ਮਨਾਇਆ। ਪ੍ਰੋਗਰਾਮ ਅਫਸਰ ਤੇਜ ਪ੍ਰਤਾਪ ਸਿੰਘ ਕਾਹਲੋਂ ਦੀ ਦੇਖ ਰੇਖ ਹੇਠ ਹੋਏ ਇਸ ਸਮਾਰੋਹ ਦੀ ਪ੍ਰਧਾਨਗੀ ਕਾਲਜ ਦੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਵੱਲੋਂ ਕੀਤੀ ਗਈ ਜਿਨ੍ਹਾਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਸਹਾਦਤ ਸਮੁੱਚੇ ਦੇਸ਼ਵਾਸੀਆਂ ਅਤੇ ਖਾਸ ਕਰਕੇ ਨੌਜਵਾਨ ਵਰਗ ਲਈ ਪ੍ਰੇਰਨਾ ਦਾ ਸਰੋਤ ਹੈ। ਉਨ੍ਹਾਂ ਕਿਹਾ ਕਿ ਇਹਨਾਂ ਸੂਰਬੀਰਾਂ ਦੀਆਂ ਸ਼ਹਾਦਤਾਂ ਕਰਕੇ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਵਿਦਿਆਰਥੀਆਂ ਨੂੰ ਇਨ੍ਹਾਂ ਦੇਸ਼ ਭਗਤਾਂ ਨੂੰ ਆਦਰਸ਼ ਮੰਨ ਵੱਧ ਤੋਂ ਵੱਧ ਪੜ੍ਹਾਈ ਅਤੇ ਹੋਰ ਸੁਚਾਰੂ ਗਤੀਵਿਧੀਆਂ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਕਾਲਜ ਦੇ ਸਿਵਲ ਵਿਭਾਗ ਦੇ ਇੰਚਾਰਜ ਸ਼ਿਵਰਾਜਨਪੁਰੀ, ਪਲੇਸਮੈਂਟ ਅਫਸਰ ਜਸਬੀਰ ਸਿੰਘ, ਪ੍ਰੋਗਰਾਮ ਅਫਸਰ ਤੇਜ ਪ੍ਰਤਾਪ ਸਿੰਘ ਕਾਹਲੋਂ ਨੇ ਆਪਣੇ ਸੰਬੋਧਨ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਵਿਦਿਆਰਥੀਆਂ ਨੂੰ ਇਨ੍ਹਾਂ ਸ਼ਹੀਦਾਂ ਨੂੰ ਆਪਣਾ ਆਦਰਸ਼ ਮੰਨਦੇ ਹੋਏ ਆਪਣੇ ਪਰਿਵਾਰ, ਸਮਾਜ ਅਤੇ ਦੇਸ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

23-MAR-PAGE-10.qxd 3/22/2024 9:21 PM Page 2



# ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਬੁੱਲ੍ਹੋਵਾਲ ਵਿਸ਼ੇਸ਼ ਸਪਲੀਮੈਂਟ



## ਸੰਦੇਸ਼

ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਇਨਕਲਾਬੀ ਸ਼ੁਭ ਇੱਛਾਵਾਂ।

**ਕਾਮਰੇਡ ਮੰਗਤ ਰਾਮ ਪਾਸਲਾ**
ਕੌਮੀ ਜਨਰਲ ਸਕੱਤਰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ

## ਸੰਦੇਸ਼

ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਇਨਕਲਾਬੀ ਸ਼ੁਭ ਇੱਛਾਵਾਂ।

**ਸਤੀਸ਼ ਰਾਣਾ**
ਸੂਬਾ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ

## ਸੰਦੇਸ਼

ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਇਨਕਲਾਬੀ ਸ਼ੁਭ ਇੱਛਾਵਾਂ।

**ਕਾਮਰੇਡ ਹਰਕੰਵਲ ਸਿੰਘ**
ਸੂਬਾ ਸਕੱਤਰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ

## ਸੰਦੇਸ਼

ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਇਨਕਲਾਬੀ ਸ਼ੁੱਭ ਇੱਛਾਵਾਂ।

**ਪ੍ਰਿੰਸੀਪਲ ਪਿਆਰਾ ਸਿੰਘ**
ਸਕੱਤਰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ, ਹੁਸ਼ਿਆਰਪੁਰ


ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**ਸੰਨੀ ਮੈਡੀਕਲ ਸਟੋਰ**
ਮੇਨ ਰੋਡ ਬੁੱਲ੍ਹੋਵਾਲ
ਇੱਥੇ ਅੰਗਰੇਜ਼ੀ, ਦੇਸੀ ਅਤੇ ਪਸ਼ੂਆਂ ਦੀਆ ਦਵਾਈਆ ਬਾਜ਼ਾਰ ਨਾਲੋਂ ਸਸਤੀਆ ਮਿਲਦੀਆਂ ਹਨ
ਹਰ ਤਰ੍ਹਾਂ ਦੇ ਟੈਸਟ ਅਤੇ ਐਕਸ-ਰੇ ਸਸਤੇ ਰੇਟਾਂ 'ਤੇ ਕੀਤੇ ਜਾਂਦੇ ਹਨ।
ਫੋਨ. 01882-265195
ਮਨਜੀਤ ਸਿੰਘ



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

ਹਰਜੀਤ ਸਿੰਘ ਭੋਗਲ | ਜਤਿੰਦਰ ਸਿੰਘ ਭੋਗਲ

**ਆਇਰਲੈਂਡ**



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**JAJA INTERNATIONAL TRAVELS**
jaja Bye Pass, Near Axis Bank, TANDA
Ph. 01886-225144, 80542-84071, 89680-25144
Air Tickets, Tourist Visa, Tour Packages, Passport Appointment, Passport Emigration
ਪ੍ਰਭਜੋਤ ਸਿੰਘ 80542-84071
MoneyGram | Western Union | Trans-Fast



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**ਦੀਪ ਮੈਰਿਜ ਪੈਲੇਸ**
ਭੋਗਪੁਰ ਰੋਡ ਬੁੱਲ੍ਹੋਵਾਲ
ਵਿਆਹ-ਸ਼ਾਦੀਆਂ ਤੇ ਪਾਰਟੀਆਂ ਲਈ ਹਾਲ ਬੁੱਕ ਕਰਾਉਣ ਲਈ ਸੰਪਰਕ ਕਰੋ
ਸਵ. ਪ੍ਰਦੀਪ ਸਿੰਘ



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**ਅਮਰੀਕ ਸਿੰਘ**
ਆਸਟਰੇਲੀਆ



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**AMAN FOOD CATERES**
AFC AMAN FOOD CATERERS
ਵਿਆਹ-ਸ਼ਾਦੀਆਂ ਅਤੇ ਪਾਰਟੀਆਂ ਮੌਕੇ ਕੈਟਰਿੰਗ ਕਰਵਾਉਣ ਲਈ ਸੰਪਰਕ ਕਰੋ।
ਨੋਟ : ਏ ਕਲਾਸ ਵੇਟਰ, ਫਲਾਵਰ ਡੈਕੋਰੇਸ਼ਨ, ਡੀ. ਜੇ., ਵੈਲਕਮ ਗਰਲਜ਼, ਮੇਕ-ਅੱਪ ਆਰਟਿਸਟ, ਸਟਾਲਾਂ, ਰਿਵਾਲਵਿੰਗ ਸਟੇਜ, ਡੀ ਜੇ ਅਤੇ ਖਾਣਾ ਬਣਾਉਣ ਲਈ ਵਧੀਆ ਕਾਰੀਗਰਾਂ ਦਾ ਖਾਸ ਪ੍ਰਬੰਧ ਹੈ।
ਅਮਨਜੋਤ ਸਿੰਘ
Bsc.,HMT (UK), MBA (HR)
ਮੋਬਾ. 97794-98390, 99887-79808
amancaterers.ac@gmail.com, www.amancaterers.com



**ਹਨੀ ਇਲੈਕਟ੍ਰੋਨਿਕਸ ਐਂਡ ਫਰਨੀਚਰ ਹਾਊਸ**



Kavish (M) 76961-28960
Rakesh Kumar(Happy) (M) 98727-16787
E-mail:-writerrakeshkumar@gmail.com
**ਹਨੀ ਇਲੈਕਟ੍ਰੋਨਿਕਸ**
ਇਥੇ ਫਰਿਜ, ਕੂਲਰ, ਪੱਖੇ, ਪ੍ਰੈਸਾਂ, ਗੀਜ਼ਰ, ਵਾਸ਼ਿੰਗ ਮਸ਼ੀਨ, ਵਾਟਰ ਫਿਲਟਰ, ਇੰਨਵਰਟਰ, LED, VIDEOCON, DISH, DISH TV ਵੇਚੇ ਅਤੇ ਰਿਪੇਅਰ ਕੀਤੇ ਜਾਂਦੇ ਹਨ।
ਨੋਟ:- ਇੱਥੇ ਵਾਟਰ ਫਿਲਟਰ ਦੀ ਰਿਪੇਅਰ ਅਤੇ ਬਿਜਲੀ ਦਾ ਹਰ ਤਰ੍ਹਾਂ ਦਾ ਸਮਾਨ ਬਜ਼ਾਰ ਨਾਲੋਂ ਸਸਤਾ ਤੇ ਵਧੀਆ ਮਿਲਦਾ ਹੈ।
ਨੋਟ:- ਇੱਥੇ ਦਾਜ ਲਈ ਹਰ ਤਰ੍ਹਾਂ ਦਾ ਸਮਾਨ ਬਜ਼ਾਰ ਨਾਲੋਂ ਸਸਤਾ ਤੇ ਵਧੀਆ ਮਿਲਦਾ ਹੈ।
ਰਕੇਸ਼ ਕੁਮਾਰ (ਹੈਪੀ)
ਬੁੱਲੋਵਾਲ






**ਸੂਚ ਸਰਵਿਸ ਸੈਂਟਰ, ਪੈਟਰੋਲ ਪੰਪ**
ਕਾਲੂਵਾਹਰ
ਵੱਲੋਂ :
ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਤਰਲੋਚਨ ਸਿੰਘ ਵਿਰਦੀ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।
ਨਵਰੂਪ ਸਿੰਘ ਸੂਚ
ਮੋਬਾਇਲ : 98150-95080



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਤਰਲੋਚਨ ਸਿੰਘ ਵਿਰਦੀ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**Jatinder Medical Store**
Adda Pajjodeota
ਅੰਗਰੇਜ਼ੀ, ਦੇਸੀ ਅਤੇ ਪਸ਼ੂਆਂ ਦੀਆਂ ਦਵਾਈਆਂ ਬਾਜ਼ਾਰ ਨਾਲੋਂ ਸਸਤੇ ਮੁੱਲ 'ਤੇ ਮਿਲਦੀਆਂ ਹਨ।
ਜਤਿੰਦਰ ਕਲੀਨਿਕਲ ਲੈਬੋਰੇਟਰੀ 'ਚ ਹਰ ਪ੍ਰਕਾਰ ਦੇ ਟੈਸਟ ਕਰਵਾਉਣ ਲਈ ਪਧਾਰੋ
ਡਾ. ਜਤਿੰਦਰ ਸਿੰਘ
ਮੋਬਾ. 98148-70723



**UNIVERSE Tutorials COACHING CENTRE**
Regd. PB100016517
Classes:- 9th & 10th (MATH, SCIENCE)
Classes:- 11th & 12th (PHYSICS, CHEMISTRY)
Mob:- 95305-70300
ਯੂਨੀਵਰਸ ਕੋਚਿੰਗ ਸੈਂਟਰ ਅੱਡਾ ਡੀਂਗਰੀਆਂ
ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਤਰਲੋਚਨ ਸਿੰਘ ਵਿਰਦੀ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।
ਰਾਜਦੀਪ ਕੌਰ



**ਜਸਮਨ ਕਰਿਆਨਾ ਸਟੋਰ**
ਡਗਾਣਾ ਰੋਡ, ਹੁਸ਼ਿਆਰਪੁਰ
ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਤਰਲੋਚਨ ਸਿੰਘ ਵਿਰਦੀ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।
ਬਲਬੀਰ ਸਿੰਘ
ਮੋਬਾ. 90417-18828
J.S. COMMERCE CLASSES
+1,+2 ACCOUNTS ECONOMICS
6th-10th MATHS
TIBBA SAHIB
90417-18828, 70094-67971



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਤਰਲੋਚਨ ਸਿੰਘ ਵਿਰਦੀ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ**
ਮੁੱਖ ਦਫ਼ਤਰ 1406, ਸੈਕਟਰ 22-ਬੀ, ਚੰਡੀਗੜ੍ਹ

| ਸਤੀਸ਼ ਰਾਣਾ, ਪ੍ਰਧਾਨ | ਗੁਰਦੀਪ ਸਿੰਘ ਬਾਜਵਾ, ਵਿੱਤ ਸਕੱਤਰ | ਤੀਰਥ ਬਾਸੀ, ਜਨਰਲ ਸਕੱਤਰ | ਵੇਦ ਪ੍ਰਕਾਸ਼ ਮੁੱਖ ਸਲਾਹਕਾਰ | ਇੰਦਰਜੀਤ ਵਿਰਦੀ ਪ੍ਰੈਸ ਸਕੱਤਰ |
|---|---|---|---|---|
| 94171-81256 | 94176-21075 | 98145-88744 | 94176-46777 | 98761-31571 |



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**Kanwar Sanitary**
Bulhowal, Hoshiarpur
Prop:-Permeshar Singh
M.98150-95617, 98159-65314
KANWAR Tractors
All Kinds of:- Submersible Pipe Filters,Boring System & Submersible Motor K.S.B.,P.V.C.Pipe Redhay Karishna Gold & Sanitary Goods Etc.
Hoshiarpur Tanda Road,BULHOWAL (Hoshiarpur)
ਅਮਨਜੀਤ ਸਿੰਘ
98159-65314



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ**
ਜ਼ਿਲ੍ਹਾ ਹੁਸ਼ਿਆਰਪੁਰ
ਮੁੱਖ ਦਫ਼ਤਰ 1406, ਸੈਕਟਰ 22-ਬੀ, ਚੰਡੀਗੜ੍ਹ

| ਪ੍ਰਧਾਨ | ਜਨਰਲ ਸਕੱਤਰ | ਵਿੱਤ ਸਕੱਤਰ | ਪ੍ਰੈਸ ਸਕੱਤਰ |
|---|---|---|---|
| ਮੱਖਣ ਸਿੰਘ ਵਾਹਿਦਪੁਰੀ | ਇੰਦਰਜੀਤ ਵਿਰਦੀ | ਮੱਖਣ ਸਿੰਘ ਲੰਗੇਰੀ | ਵਿਕਾਸ ਸ਼ਰਮਾ |
| 97790-45849 | 98761-31571 | 94173-48761 | 81465-98144 |



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

harkirat virdi | 73408-37216
i_harkiratsingh
Recent Song on You Tube



BIANA
LAL PARI
BIRTH DAY TERA SOHNIYE
LIKE A BULL
MAGDA RAHI VE SURJA
FAUJ RABB DI
AK47- LOOK
FALCON EVE
FORE SEEN
KILL SHORT
BAAGHI

ਪੰਜਾਬੀ ਗਾਇਕ
HARKIRAT VIRDI
**ਹਰਕੀਰਤ ਵਿਰਦੀ**
ਮੋਬਾ : 70096-67216



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

ਪ੍ਰਿੰ. ਅਮਨਦੀਪ ਸ਼ਰਮਾ, ਪ੍ਰਧਾਨ, 98555-27778
ਜਸਵੀਰ ਤਲਵਾੜਾ, ਜਨਰਲ ਸਕੱਤਰ, 99155-52584

| ਪ੍ਰਿੰ. ਹਰਜੀਤ ਸਿੰਘ | ਲੈਕ. ਅਮਰ ਸਿੰਘ | ਪ੍ਰਿਤਪਾਲ ਸਿੰਘ | ਵਿਕਾਸ ਸ਼ਰਮਾ |
|---|---|---|---|
| ਵਿੱਤ ਸਕੱਤਰ | ਸੀਨੀ. ਮੀਤ ਪ੍ਰਧਾਨ | ਸੀਨੀ. ਮੀਤ ਪ੍ਰਧਾਨ | ਜੁਆਇੰਟ ਸਕੱਤਰ |
| 94637-38651 | 94637-71123 | 94639-43996 | 81465-98144 |

**ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ**
ਜ਼ਿਲ੍ਹਾ ਹੁਸ਼ਿਆਰਪੁਰ





ਬਾਬਾ ਜਵਾਹਰ ਦਾਸ ਜੀ

ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**ਬਾਬਾ ਜਵਾਹਰ ਦਾਸ ਚੈਰੀਟੇਬਲ ਟਰੱਸਟ**
ਪਿੰਡ ਸੂਸਾਂ, ਜ਼ਿਲ੍ਹਾ ਹੁਸ਼ਿਆਰਪੁਰ





ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

| ਪ੍ਰਧਾਨ | ਜਨਰਲ ਸਕੱਤਰ | ਵਿੱਤ ਸਕੱਤਰ |
|---|---|---|
| ਇੰਦਰਜੀਤ ਵਿਰਦੀ | ਦੀਪਾਂਜਲੀ ਭੱਟੀ | ਇੰਦਰਪ੍ਰੀਤ ਸਿੰਘ |
| 98761-31571 | 82641-90058 | 88475-13119 |

| ਸੀਨੀ. ਮੀਤ ਪ੍ਰਧਾਨ | ਪ੍ਰੈਸ ਸਕੱਤਰ | ਸੂਬਾ ਜਥੇਬੰਦਕ ਸਕੱਤਰ |
|---|---|---|
| ਜਤਿੰਦਰ ਪਾਲ ਸਿੰਘ ਗੋਲਡੀ | ਬਲਵਿੰਦਰ ਸਿੰਘ | ਬਲਰਾਜ ਸਿੰਘ |
| 98149-94795 | 70096-73988 | 98148-27096 |

**ਪੰਜਾਬ ਰਾਜ ਫਾਰਮੇਸੀ ਆਫਸਰਜ਼ ਐਸੋਸੀਏਸ਼ਨ**
ਜ਼ਿਲ੍ਹਾ ਹੁਸ਼ਿਆਰਪੁਰ



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**ਸ਼ਾਰਧਾ ਟ੍ਰੇਡਰਜ਼**
ਸਾਈਂ ਜੀ ਦੀ ਹੱਟੀ
ਮੇਨ ਬਜ਼ਾਰ ਬੁੱਲ੍ਹੋਵਾਲ
ਇੱਥੇ ਘਰੇਲੂ ਕਰਿਆਨੇ ਦਾ ਸਮਾਨ ਬਾਜ਼ਾਰ ਨਾਲੋਂ ਸਸਤਾ ਤੇ ਵਧੀਆ ਮਿਲਦਾ ਹੈ
ਪ੍ਰੋਪ. ਵਿਨੈ ਕੁਮਾਰ ਸ਼ਾਰਧਾ, ਸਤੀਸ਼ ਕੁਮਾਰ ਸ਼ਾਰਧਾ
ਮੋਬਾ. 97819-32539
ਸਵ. ਰਮੇਸ਼ ਕੁਮਾਰ ਸ਼ਾਰਧਾ



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ
ਸੰਗਰਾਮੀ ਸ਼ੁੱਭ ਇੱਛਾਵਾਂ।

ਹਰਦੀਪ ਸਿੰਘ | ਦਵਿੰਦਰ ਸਿੰਘ | ਪੁਨੀਤ ਸਿੰਘ

**ਆਇਰਲੈਂਡ**



**ਦੀਪ ਮੈਡੀਕਲ ਸਟੋਰ**
ਮੇਨ ਰੋਡ ਬੁੱਲ੍ਹੋਵਾਲ
ਇੱਥੇ ਅੰਗਰੇਜ਼ੀ, ਦੇਸੀ ਅਤੇ ਪਸ਼ੂਆਂ ਦੀਆ ਦਵਾਈਆਂ ਬਾਜ਼ਾਰ ਨਾਲੋਂ ਸਸਤੀਆਂ ਮਿਲਦੀਆਂ ਹਨ
ਨੋਟ : ਇੱਥੇ ਵਿਆਹ, ਸ਼ਾਦੀਆਂ ਅਤੇ ਟੂਰ ਪ੍ਰੋਗਰਾਮਾਂ ਲਈ ਗੱਡੀਆਂ ਦਾ ਖਾਸ ਪ੍ਰਬੰਧ ਹੈ।
ਸੁਖਵਿੰਦਰ ਸਿੰਘ
ਮੋਬਾ. 98152-71680



ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਬੁੱਲੋਵਾਲ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਵਿਰਦੀ ਬੁੱਲੋਵਾਲ ਨੂੰ ਸੰਗਰਾਮੀ ਸ਼ੁੱਭ ਇੱਛਾਵਾਂ।

**ਰਾਜੂ ਆਟੋ ਰਿਪੇਅਰ**
ਮੇਨ ਰੋਡ ਬੁੱਲ੍ਹੋਵਾਲ
ਇੱਥੇ ਸਕੂਟਰ, ਮੋਟਰਸਾਇਕਲ ਦੀ ਰਿਪੇਅਰ ਤਸੱਲੀਬਖ਼ਸ਼ ਕੀਤੀ ਜਾਂਦੀ ਹੈ।
ਮੋਬਾ. 98142-53596
ਬਲਜਿੰਦਰ ਸਿੰਘ


## ਸਹਿਯੋਗੀ ਸੱਜਣ

| ਡਾ. ਬਲਦੇਵ ਸਿੰਘ, ਐਸ ਐਮ ਓ, ਪੀ ਐਸ ਸੀ ਚੱਕੋਵਾਲ | ਰਵਿੰਦਰ ਪਾਲ ਸਿੰਘ ਸੂਚ, ਮੈਂਬਰ ਪੰਚਾਇਤ ਸੂਸ | ਗੁਰਜਾਪ ਸਿੰਘ, ਸ. ਮਿਡਲ ਸਕੂਲ ਪੰਡੋਰੀ ਫੇਗੂੜੇ | ਕਾਮਰੇਡ ਕਰਨੈਲ ਸਿੰਘ, ਬੁੱਲੋਵਾਲ |
|---|---|---|---|
| ਗੁਰਮੇਲ ਸਿੰਘ, ਸ.ਸੀ.ਸੈਕੰ. ਸਕੂਲ ਪਥਿਆਲ | ਹਰਜਾਪ ਸਿੰਘ | ਪਰਮਿੰਦਰ ਸਿੰਘ, ਸਾਬਕਾ ਪ੍ਰਧਾਨ ਫਾਰਮੇਸੀ ਅਫਿਸਰਜ਼ ਹੁਸ਼ਿ. | ਸੁਖਦੇਵ ਜਾਜਾ, ਜਨਰਲ ਸਕੱਤਰ |

## ਧੰਨਵਾਦ

ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ, ਜਿਨ੍ਹਾਂ ਨੇ ਮੈਨੂੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਇਹ ਸਪਲੀਮੈਂਟ ਕੱਢਣ ਵਿੱਚ ਭਰਪੂਰ ਸਹਿਯੋਗ ਦਿੱਤਾ।

**ਵਿਰਦੀ ਬੁੱਲ੍ਹੋਵਾਲ** ਪੱਤਰਕਾਰ
ਮੋਬਾ. 94177-12877, 98761-31571
tsvirdi1942@gmail.com